Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 20* Issue 233 | Friday, November 26, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਇਹ ਵੀ ਪੜ੍ਹੋ


ਕਾਰੋਬਾਰਾਂ ਤੇ ਵਰਕਰਜ਼ ਲਈ ਲਿਬਰਲਾਂ ਨੇ ਪੇਸ਼ ਕੀਤਾ ਨਵਾਂ ਪੈਨਡੈਮਿਕ ਏਡ ਬਿੱਲ




ਹੰਗਾਮੇ ਵਾਲੇ ਸੈਸ਼ਨ ਵਿੱਚ ਪਟਿਆਲੇ ਦਾ ਮੇਅਰ ਸੰਜੀਵ ਬਿੱਟੂ ਸਸਪੈਂਡ





# ਬਦਲ ਰਹੇ ਕਲਾਈਮੇਟ ਦੇ ਪੈਣ ਵਾਲੇ ਪ੍ਰਭਾਵਾਂ ਤੋਂ ਬਚਣ ਲਈ ਸਾਡੀ ਕੋਈ ਤਿਆਰੀ ਨਹੀਂ : ਟਰੂਡੋ



ਓਟਵਾ, 25 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਹਾਊਸ ਆਫ ਕਾਮਨਜ਼ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਹੜ੍ਹਾਂ ਕਾਰਨ ਖਰਾਬ ਹੋਏ ਹਾਲਾਤ ਲਈ ਐਮਰਜੰਸੀ ਮੀਟਿੰਗ ਕੀਤੀ ਗਈ। ਬਹੁਤਾ ਜ਼ੋਰ ਇਸ ਗੱਲ ਉੱਤੇ ਦਿੱਤਾ ਗਿਆ ਕਿ ਬਦਲ ਰਹੇ ਕਲਾਈਮੇਟ ਦੇ ਪੈਣ ਵਾਲੇ ਪ੍ਰਭਾਵਾਂ ਤੋਂ ਦੇਸ਼ ਕਿਸ ਤਰ੍ਹਾਂ ਅਵੇਸਲਾ ਹੈ ਤੇ ਇਨ੍ਹਾਂ ਤੋਂ ਬਚਣ ਲਈ ਸਾਡੀ ਕੋਈ ਤਿਆਰੀ ਨਹੀਂ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇੱਕ ਵਾਰੀ ਫਿਰ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਇਹ ਭਰੋਸਾ ਦਿਵਾਇਆ ਗਿਆ ਕਿ ਫੈਡਰਲ ਸਰਕਾਰ, ਜਿਸ ਵੱਲੋਂ ਪਹਿਲਾਂ ਹੀ ਕੈਨੇਡੀਅਨ ਆਰਮਡ ਫੋਰਸਿਜ਼ ਦੇ 500 ਮੈਂਬਰਾਂ ਨੂੰ ਮਦਦ ਲਈ ਉੱਥੇ ਤਾਇਨਾਤ ਕੀਤਾ ਗਿਆ ਹੈ, ਹਮੇਸ਼ਾਂ ਉਨ੍ਹਾਂ ਦੀ ਮਦਦ ਲਈ ਤਿਆਰ ਰਹੇਗੀ ਤੇ ਹੜ੍ਹਾਂ ਦੇ ਨਾਲ ਨਾਲ ਘਾਤਕ ਢੰਗ ਨਾਲ ਜ਼ਮੀਨ ਖਿਸਕਣ ਦੇ ਮਾਮਲਿਆਂ ਤੋਂ ਬੀਸੀ ਵਾਸੀਆਂ ਨੂੰ ਬਚਾਵੇਗੀ।

ਪਰ ਇਸ ਦੇ ਨਾਲ ਹੀ ਟਰੂਡੋ ਨੇ ਕਲਾਈਮੇਟ ਚੇਂਜ ਨਾਲ ਜਲਦ ਤੋਂ ਜਲਦ ਨਜਿੱਠਣ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਇਹ ਕੋਈ ਇੱਕਲਾ ਕਾਰਾ ਮਾਮਲਾ ਨਹੀਂ ਹੈ। ਉਨ੍ਹਾਂ ਆਖਿਆ ਕਿ ਬੀਸੀ ਵਿੱਚ ਇਸ ਤੋਂ ਪਹਿਲਾਂ ਤਬਾਹਕੁੰਨ ਜੰਗਲ ਦੀ ਅੱਗ ਲੱਗ ਚੁੱਕੀ ਹੈ ਤੇ ਜਿਸ ਕਾਰਨ ਗਰਮੀਆਂ ਵਿੱਚ ਤਾਪਮਾਨ ਹੱਦੋਂ ਵੱਧ ਗਰਮਾ ਗਿਆ ਸੀ। ਇਸ ਤੋਂ ਇਲਾਵਾ ਟਰੂਡੋ ਨੇ ਆਖਿਆ ਕਿ ਨੋਵਾ ਸਕੋਸ਼ੀਆ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ ਵੀ ਭਾਰੀ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣੀ ਹੋਈ ਹੈ।

ਸਾਨੂੰ ਜੋ ਜਲਵਾ ਦਿਖਾਇਆ ਹੈ ਉਹ ਕਲਾਈਮੇਟ ਚੇਂਜ ਦਾ ਅਸਰ ਹੈ। ਇਹ ਸੱਭ ਕਿਆਸ ਨਾਲੋਂ ਜਲਦ ਹੋ ਰਿਹਾ ਹੈ ਤੇ ਇਹ ਤਬਾਹਕੁੰਨ ਹੈ। ਉਨ੍ਹਾਂ ਆਖਿਆ ਕਿ ਕਲਾਈਮੇਟ ਚੇਂਜ ਦੇ ਪ੍ਰਭਾਵ ਤੋਂ ਬਚਣ ਲਈ ਸਰਕਾਰ ਆਪਣੀ ਪੂਰੀ ਤਾਕਤ ਲਾਵੇਗੀ।

# ਗ੍ਰੀਨ ਪਾਰਟੀ ਨੇ ਖਗੋਲ ਵਿਗਿਆਨੀ ਅਮੀਤਾ ਕੁਟਨਰ ਨੂੰ ਚੁਣਿਆ ਆਪਣਾ ਅੰਤਰਿਮ ਆਗੂ




ਓਟਵਾ, 25 ਨਵੰਬਰ (ਪੋਸਟ ਬਿਊਰੋ) : ਗ੍ਰੀਨ ਪਾਰਟੀ ਨੇ ਗੈਰ ਬਾਇਨਰੀ ਖਗੋਲ ਵਿਗਿਆਨੀ ਨੂੰ ਆਪਣੀ ਪਾਰਟੀ ਦਾ ਅੰਤਰਿਮ ਆਗੂ ਚੁਣ ਲਿਆ ਹੈ।

ਅਗਲੇ ਸਾਲ ਨਵਾਂ ਆਗੂ ਚੁਣੇ ਜਾਣ ਤੱਕ ਗ੍ਰੀਨਜ਼ ਦੀ ਫੈਡਰਲ ਕਾਊਂਸਲ ਨੇ ਬੁੱਧਵਾਰ ਨੂੰ ਬਲੈਕ ਹੋਲਜ਼ ਮਾਹਿਰ ਅਮੀਤਾ ਕੁਟਨਰ ਨੂੰ ਆਪਣਾ ਆਗੂ ਚੁਣਿਆ। 30 ਸਾਲਾ ਕੁਟਨਰ ਸੱਭ ਤੋਂ ਯੰਗ ਸਿਆ-ਸਤਦਾਨ, ਪਹਿਲੀ ਟਰਾਂਸ ਸ਼ਖਸ ਤੇ ਈਸਟ ਏਸ਼ੀਅਨ ਮੂਲ ਦੀ ਸ਼ਖਸ ਹੋਵੇਗੀ ਜਿਹੜੀ ਫੈਡਰਲ ਸਿਆਸੀ ਪਾਰਟੀ ਦੀ ਅਗਵਾਈ ਕਰੇਗੀ।

ਸਤੰਬਰ ਵਿੱਚ ਹੋਈਆਂ ਚੋਣਾਂ ਵਿੱਚ ਆਪਣੀ ਬ੍ਰਿਟਿਸ਼ ਕੋਲੰਬੀਆ ਵਾਲੀ ਸੀਟ ਗਵਾਉਣ ਵਾਲੇ ਸਾਬਕਾ ਐਮਪੀ ਪਾਲ ਮੇਨਲੀ ਬੁੱਧਵਾਰ ਨੂੰ ਲੀਡਰਸ਼ਿਪ ਦੌੜ ਤੋਂ ਪਾਸੇ ਹੋ ਗਏ। ਕਾਊਸਲ ਨੂੰ ਲਿਖੇ ਪੱਤਰ ਵਿੱਚ ਮੇਨਲੀ ਵੱਲੋਂ ਇਸ ਮੁਕਾਬਲੇ ਤੋਂ ਪਾਸੇ ਹੋਣ ਦੀ ਗੱਲ ਆਖਣ ਉੱਤੇ ਗ੍ਰੀਨ ਪਾਰਟੀ ਦੇ ਸੀਨੀਅਰ ਮੈਂਬਰਜ਼ ਨੂੰ ਕਾਫੀ ਹੈਰਾਨੀ ਹੋਈ। ਇਹ ਕਿਆਫੇ ਵੀ ਲਾਏ ਜਾ ਰਹੇ ਹਨ ਕਿ ਮੇਨਲੀ ਸਥਾਈ ਤੌਰ ਉੱਤੇ ਪਾਰਟੀ ਨੂੰ ਲੀਡ ਕਰਨ ਲਈ ਚੋਣ ਲੜ ਸਕਦੇ ਹਨ। ਪਾਰਟੀ ਦੀ ਸਾਬਕਾ ਆਗੂ ਐਲਿਜ਼ਾਬੈੱਥ ਮੇਅ ਦੀ ਹਮਾਇਤ ਪ੍ਰਾਪਤ ਮੇਨਲੀ ਨੇ ਆਖਿਆ ਕਿ ਉਹ ਇਸ ਸਮੇਂ ਕਮਿਊਨਿਟੀ ਵਿੱਚ ਹੋਰਨਾਂ ਪ੍ਰੋਜੈਕਟਸ ਉੱਤੇ ਕੰਮ ਕਰ ਰਹੇ ਹਨ।

# 5 ਤੋਂ 11 ਸਾਲ ਦੇ ਬੱਚਿਆਂ ਨੂੰ ਵੈਕਸੀਨੇਸ਼ਨ ਦਾ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ : ਮੂਰ



ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਪੰਜ ਤੋਂ 11 ਸਾਲ ਉਮਰ ਵਰਗ ਦੇ ਬੱਚਿਆਂ ਨੂੰ ਭਵਿੱਖ ਵਿੱਚ ਵੈਕਸੀਨੇਸ਼ਨ ਦਾ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ।

ਮੰਗਲਵਾਰ ਸਵੇਰੇ ਇਸ ਉਮਰ ਵਰਗ ਦੇ ਬੱਚਿਆਂ ਲਈ ਵੈਕਸੀਨੇਸ਼ਨ ਸਬੰਧੀ ਬੁਕਿੰਗ ਸ਼ੁਰੂ ਹੋ ਗਈ ਸੀ ਤੇ ਉਸ ਦਿਨ ਟੋਰਾਂਟੋ ਦੇ ਸਿੱਕਕਿੱਡਜ਼ ਹਸਪਤਾਲ ਦੇ ਦਸ ਬੱਚਿਆਂ ਨੂੰ ਫਾਈਜ਼ਰ-ਬਾਇਓਐਨਟੈਕ ਦੀ ਪੀਡੀਐਟ੍ਰਿਕ ਡੋਜ਼ ਦੇ ਸ਼ੌਟ ਲਗਾਏ ਗਏ। ਵੀਰਵਾਰ ਨੂੰ ਜਾਰੀ ਕੀਤੀ ਗਈ ਆਪਣੀ ਕੋਵਿਡ-19 ਅਪਡੇਟ ਵਿੱਚ ਡਾ.ਕੀਰਨ ਮੂਰ ਨੇ ਆਖਿਆ ਕਿ ਬੱਚਿਆਂ ਨੂੰ ਓਨਟਾਰੀਓ ਦੀ ਵੈਕਸੀਨ ਮੈਨਡੇਟ ਤੇ ਰੈਗੂਲੇਸ਼ਨ ਪ੍ਰਕਿਰਿਆ, ਜਿਵੇਂ ਕਿ ਕਿਸੇ ਖਾਸ ਥਾਂ ਉੱਤੇ ਦਾਖਲ ਹੋਣ ਸਮੇਂ ਵੈਕਸੀਨ ਸਰਟੀਫਿਕੇਟ ਦਿਖਾਉਣਾ, ਵਿੱਚ ਦਾਖਲ ਕਰਨਾ ਬਹੁਤ ਹੀ ਪ੍ਰੀਮੈਚਿਓਰ ਫੈਸਲਾ ਹੋਵੇਗਾ। ...ਬਾਕੀ ਪੰਨਾ 6 'ਤੇ

# ਇੱਕ ਸਕੂਲ ਦੇ ਵਿਦਿਆਰਥੀ ਉੱਤੇ ਦੂਜੇ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਹਮਲਾ, ਇੱਕ ਲੜਕੀ ਤੇ ਲੜਕਾ ਗ੍ਰਿਫਤਾਰ



ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) :ਇੱਕ ਵਿਦਿਆਰਥੀ ਉੱਤੇ ਦੂਜੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਹਮਲਾ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਦਾ ਸੈਕੰਡਰੀ ਸਕੂਲ ਸਕਿਊਰਿਟੀ ਸਬੰਧੀ ਵਾਧੂ ਮਾਪਦੰਡ ਅਪਣਾ ਰਿਹਾਅ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਇਹ ਘਟਨਾ ਵੀਡੀਓ ਵਿੱਚ ਵੀ ਕੈਦ ਹੈ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ 14 ਸਾਲਾ ਲੜਕੀ ਤੇ 16 ਸਾਲਾ ਲੜਕੇ ਨੂੰ ਹਮਲਾ ਕਰਕੇ ਸਰੀਰਕ ਨੁਕਸਾਨ ਪਹੁੰਚਾਉਣ ਲਈ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਦੋ ਹੋਰ ਮਸ਼ਕੂਕ ਅਜੇ ਇਸ ਹਾਦਸੇ ਦੇ ਸਬੰਧ ਵਿੱਚ ਲੋੜੀਂਦੇ ਹਨ। ਗ੍ਰੇਡ 10 ਦੀ ਵਿਦਿਆਰਥਣ ਓਲੀਵੀਆ ਜੋਨਜ਼ ਨੇ ਆਖਿਆ ਕਿ ਇਹ ਘਟਨਾ ਬਹੁਤ ਹੀ ਡਰਾਉਣੀ ਸੀ ਕਿਉਂਕਿ ਲੋਕ ਅੰਦਰ ਬਾਹਰ ਆ ਜਾ ਰਹੇ ਸੀ। ਇਸ ਤਰ੍ਹਾਂ ਦੀ ਘਟਨਾ ਸਕੂਲ ਦੇ ਅੰਦਰ ਵਾਪਰਨ ਦੀ ਕਿਸੇ ਨੂੰ ਕੋਈ ਉਮੀਦ ਨਹੀਂ ਸੀ। ...ਬਾਕੀ ਪੰਨਾ 6 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Dir: 647-400-2949
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical Illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ICCRC
Raj Narang
Ritu Narang
ਇਮੀਗਰੇਸ਼ਨ ਸੇਵਾਵਾਂ 10-20% Discount
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life / Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
DEALS ARE IN.
GET A $50
IN-STORE CREDIT
*WITH NEW ACTIVATION ON A $40/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
379 Main St. North | Brampton, ON | 905-451-0379
2456 Lake Shore Blvd West | Etobicoke, ON | 416-259-3654
chatr™
AUTHORIZED DEALER
*Offer available Friday, November 26th 2021 and subject to change without notice. Only applicable with new activation on a $40/mo or higher Data, Talk & Text plan. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. ™ Trademarks used under license ©2021

# ਕਾਰੋਬਾਰਾਂ ਤੇ ਵਰਕਰਜ਼ ਲਈ ਲਿਬਰਲਾਂ ਨੇ ਪੇਸ਼ ਕੀਤਾ ਨਵਾਂ ਪੈਨਡੈਮਿਕ ਏਡ ਬਿੱਲ

ਓਟਵਾ, 25 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਲਿਬਰਲ ਸਰਕਾਰ ਵੱਲੋਂ ਨਵਾਂ ਪੈਨਡੈਮਿਕ ਏਡ ਬਿੱਲ ਪੇਸ਼ ਕੀਤਾ ਗਿਆ, ਜੋ ਕਿ ਕਾਰੋਬਾਰਾਂ ਤੇ ਵਰਕਰਜ਼ ਲਈ 2022 ਦੀ ਬਸੰਤ ਤੱਕ ਥੋੜ੍ਹੀ ਵਿੱਤੀ ਸਹਾਇਤਾ ਮੁਹੱਈਆ ਕਰਵਾਏਗਾ।

ਜੇ ਪਾਸ ਹੋ ਜਾਂਦਾ ਹੈ ਤਾਂ ਬਿੱਲ ਸੀ-2 ਤਹਿਤ ਕਈ ਨਵੇਂ ਟੀਚਿਆਂ ਆਧਾਰਤ ਪ੍ਰੋਗਰਾਮ ਲਿਆਂਦੇ ਜਾਣਗੇ, ਮਹਾਂਮਾਰੀ ਦੇ ਸ਼ੁਰੂ ਹੋਣ ਸਮੇਂ ਪੇਸ਼ ਕੀਤੇ ਗਏ ਪਹਿਲਾਂ ਤੋਂ ਹੀ ਮੌਜੂਦ ਬੈਨੇਫਿਟਸ ਨੂੰ ਮੁੜ ਸਿਰਜਿਆ ਜਾਵੇਗਾ। ਇਸ ਮੌਕੇ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਦੱਸਿਆ ਕਿ ਵੈਕਸੀਨੇਸ਼ਨ ਦੀ ਉੱਚ ਦਰ ਕਾਰਨ ਇੱਕ ਮਿਲੀਅਨ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਹੋਏ, ਬੱਚੇ ਸਕੂਲਾਂ ਵਿੱਚ ਪਰਤੇ, ਦੇਸ਼ ਭਰ ਵਿੱਚ ਕਾਰੋਬਾਰ ਹੌਲੀ ਹੌਲੀ ਰੀਓਪਨ ਹੋ ਰਹੇ ਹਨ। ਇਨ੍ਹਾਂ ਨਵੇਂ ਤੇ ਸੁਧਰੇ ਹੋਏ ਹਾਲਾਤ ਦੇ ਮੱਦੇਨਜ਼ਰ ਲੋਕਾਂ ਦੀ ਮਦਦ ਲਈ ਹੋਰ ਮਾਪਦੰਡ ਅਪਣਾਏ ਜਾਣਾ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਆਖਿਆ ਕਿ ਪਹਿਲਾਂ ਤੋਂ ਹੀ ਐਲਾਨੇ ਗਏ ਟੂਰਿਜ਼ਮ ਐਂਡ ਹੌਸਪਿਟੈਲਿਟੀ ਰਿਕਵਰੀ ਪ੍ਰੋਗਰਾਮ ਤੇ ਬਿਜ਼ਨਸ ਰਿਕਵਰੀ ਪ੍ਰੋਗਰਾਮ ਵੇਜ ਤੇ ਰੈਂਟ ਸਬਸਿਡੀਜ਼ ਰਾਹੀਂ ਮਦਦ ਮੁਹੱਈਆ ਕਰਵਾਉਣਗੇ। ਟੂਰਿਜ਼ਮ ਐਂਡ ਹਾਸਪਿਟੈਲਿਟੀ ਰਿਕਵਰੀ ਪ੍ਰੋਗਰਾਮ ਹੋਟਲਾਂ, ਟੂਰ ਆਪਰੇਟਰਜ਼, ਟਰੈਵਲ ਏਜੰਸੀਜ਼ ਤੇ ਰੈਸਟੋਰੈਂਟਸ ਉੱਤੇ ਲਾਗੂ ਹੋਵੇਗਾ ਤੇ ਇਸ ਦਾ ਸਬਸਿਡੀ ਰੇਟ 75 ਫੀ ਸਦੀ ਹੋਵੇਗਾ ਜਦਕਿ ਬਿਜ਼ਨਸ ਰਿਕਵਰੀ ਪ੍ਰੋਗਰਾਮ ਉਨ੍ਹਾਂ ਬਿਜ਼ਨਸਿਜ਼ ਉੱਤੇ ਅਪਲਾਈ ਹੋਵੇਗਾ ਜਿਨ੍ਹਾਂ ਨੂੰ ਕਾਫੀ ਜ਼ਿਆਦਾ ਨੁਕਸਾਨ ਸਹਿਣਾ ਪਿਆ ਤੇ ਇਸ ਦਾ ਸਬਸਿਡੀ ਰੇਟ 50 ਫੀ ਸਦੀ



ਹੋਵੇਗਾ। ਪਹਿਲੇ ਪ੍ਰੋਗਰਾਮ ਲਈ ਯੋਗ ਬਣਨ ਵਾਸਤੇ ਕਾਰੋਬਾਰਾਂ ਨੂੰ 12 ਮਹੀਨਿਆਂ ਦੀ ਆਮਦਨ ਵਿੱਚ 40 ਫੀ ਸਦੀ ਘਾਟੇ ਦੇ ਨਾਲ ਨਾਲ ਮੌਜੂਦਾ ਮਹੀਨੇ ਦੀ ਆਮਦਨ ਵਿੱਚ ਆਈ ਕਮੀ ਦਰਸਾਉਣੀ ਹੋਵੇਗੀ ਜਦਕਿ ਦੂਜੇ ਪ੍ਰੋਗਰਾਮ ਲਈ ਯੋਗ ਹੋਣ ਵਾਸਤੇ ਕਾਰੋਬਾਰਾਂ ਨੂੰ 12 ਮਹੀਨਿਆਂ ਦੀ ਆਮਦਨ ਵਿੱਚ 50 ਫੀ ਸਦੀ ਕਮੀ ਦੇ ਨਾਲ ਨਾਲ ਮੌਜੂਦਾ ਮਹੀਨੇ ਦੀ ਆਮਦਨ ਵਿੱਚ ਵੀ ਐਨੀ ਹੀ ਕਮੀ ਦਰਸਾਉਣੀ ਹੋਵੇਗੀ।

ਸਰਕਾਰ ਵੱਲੋਂ ਲਾਗੂ ਲਾਕਡਾਊਨਜ਼ ਤੋਂ ਪ੍ਰਭਾਵਿਤ ਕਾਰੋਬਾਰਾਂ ਦੀ ਮਦਦ ਲਈ ਸਰਕਾਰ ਲੋਕਲ ਲਾਕਡਾਊਨ ਪ੍ਰੋਗਰਾਮ ਵੀ ਪੇਸ਼ ਕਰਨ ਜਾ ਰਹੀ ਹੈ। ਇਨ੍ਹਾਂ ਕੰਪਨੀਆਂ ਨੂੰ ਵੱਧ ਤੋਂ ਵੱਧ ਸਬਸਿਡੀ ਰਕਮ ਮਿਲੇਗੀ।

ਵਰਕਰਜ਼ ਲਈ ਬਿੱਲ ਵਿੱਚ ਕੈਨੇਡਾ ਵਰਕਰ ਲਾਕਡਾਊਨ ਬੈਨੇਫਿਟ ਦਰਜ ਹਨ,ਜੋ ਕਿ ਮਸ਼ਹੂਰ ਕੈਨੇਡਾ ਰਿਸਪਾਂਸ ਬੈਨੇਫਿਟ ਦੀ ਥਾਂ ਲੈਣਗੇ। ਇਹ ਉਨ੍ਹਾਂ ਲਈ ਵੀ ਹੋਣਗੇ ਜਿਨ੍ਹਾਂ ਦਾ ਕੰਮ ਸਿੱਧੇ ਤੌਰ ਉੱਤੇ ਮਹਾਂਮਾਰੀ ਕਾਰਨ ਪ੍ਰਭਾਵਿਤ ਹੋਇਆ। ਇਹ ਇੰਪਲੌਇਮੈਂਟ ਇੰਸ਼ੋਰੈਂਸ ਲਈ ਯੋਗ ਤੇ ਅਯੋਗ ਵਰਕਰਜ਼ ਲਈ ਵੀ ਉਪਲਬਧ ਹੋਣਗੇ, ਜਿਨਾਂ ਚਿਰ ਉਹ ਓਨੇ ਅਰਸੇ ਲਈ ਈਆਈ ਰਾਹੀਂ ਬੈਨੇਫਿਟ ਹਾਸਲ ਨਹੀਂ ਕਰਦੇ।

ਇਸ ਤੋਂ ਇਲਾਵਾ ਲਿਬਰਲਜ਼ ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੇਫਿਟ ਤੇ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ ਵਿੱਚ ਵਾਧਾ ਕਰਨ ਦਾ ਪ੍ਰਸਤਾਵ ਵੀ ਲਿਆ ਰਹੇ ਹਨ। ਪਹਿਲੇ ਬੈਨੇਫਿਟਸ 42 ਤੋਂ 44 ਹਫਤਿਆਂ ਲਈ ਤੇ ਦੂਜੇ ਬੈਨੇਫਿਟਸ ਚਾਰ ਤੋਂ ਛੇ ਹਫਤਿਆਂ ਲਈ ਹੋਣਗੇ। ਇਸ ਤੋਂ ਇਲਾਵਾ ਕੈਨੇਡਾ ਰਿਕਵਰੀ ਹਾਇਰਿੰਗ ਪ੍ਰੋਗਰਾਮ ਉਨ੍ਹਾਂ ਇੰਪਲੌਇਰਜ਼ ਲਈ ਹੋਵੇਗਾ ਜਿਨ੍ਹਾਂ ਨੂੰ ਆਮਦਨ ਵਿੱਚ 10 ਫੀ ਸਦੀ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਇਸ ਬੈਨੇਫਿਟ ਲਈ ਸਬਸਿਡੀ ਰੇਟ 50 ਫੀ ਸਦੀ ਤੱਕ ਹੋਵੇਗਾ। ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ 7 ਮਈ, 2022 ਤੱਕ ਵਾਧਾ ਕੀਤਾ ਜਾਵੇਗਾ।

# ਸਾਬਕਾ ਇੰਟਰਨੈਸ਼ਨਲ ਸਟੂਡੈਂਟਸ ਦੀ ਮਦਦ ਲਈ ਸਰਕਾਰ ਨੇ ਲਿਆਂਦੀ ਨਵੀਂ ਪਾਲਿਸੀ

## ਹੁਣ ਓਪਨ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ ਪੀਜੀਡਬਲਿਊਪੀ ਹੋਲਡਰਜ਼

ਓਟਵਾ, 25 ਨਵੰਬਰ (ਪੋਸਟ ਬਿਊਰੋ) : ਇੰਟਰਨੈਸ਼ਨਲ ਸਟੂਡੈਂਟਸ ਵੱਲੋਂ ਕੈਨੇਡਾ ਦੀ ਤਰੱਕੀ ਵਿੱਚ ਕਾਫੀ ਯੋਗਦਾਨ ਪਾਇਆ ਜਾਂਦਾ ਹੈ। ਸਾਡੇ ਅਰਥਚਾਰੇ ਵਿੱਚ ਕੌਮਾਂਤਰੀ ਸਟੂਡੈਂਟਸ ਵੱਲੋਂ ਸਾਲਾਨਾ 21 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾਂਦਾ ਹੈ ਤੇ ਸਾਡੀ ਕਮਿਊਨਿਟੀਜ਼ ਦੀ ਮਦਦ ਕੀਤੀ ਜਾਂਦੀ ਹੈ। ਹਾਲਾਂਕਿ ਮਹਾਂਮਾਰੀ ਨੇ ਕੌਮਾਂਤਰੀ ਸਟੂਡੈਂਟਸ ਲਈ ਵੱਡੀਆਂ ਚੁਣੌਤੀਆਂ ਪੇਸ਼ ਕੀਤੀਆਂ ਹਨ। ਖਾਸਤੌਰ ਉੱਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ (ਪੀਜੀਡਬਲਿਊਪੀ) ਹੋਲਡਰਜ਼ ਲਈ ਇਹ ਚੁਣੌਤੀਆਂ ਕਾਫੀ ਜ਼ਿਆਦਾ ਹਨ। ਮਹਾਂਮਾਰੀ ਕਾਰਨ ਪਏ ਵਿਘਣ ਕਰਕੇ ਤੇ ਅਸਥਿਰਤਾ ਕਾਰਨ ਉਨ੍ਹਾਂ ਨੂੰ ਪਰਮਾਨੈਂਟ ਰੈਜ਼ੀਡੈਂਸ ਲਈ ਅਪਲਾਈ ਕਰਨ ਵਾਸਤੇ ਜਿਹੜਾ ਤਜਰਬਾ ਚਾਹੀਦਾ ਸੀ ਉਹ ਨਹੀਂ ਹਾਸਲ ਹੋ ਸਕਿਆ।



ਇਸ ਚੁਣੌਤੀਆਂ ਭਰੇ ਸਮੇਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਮਦਦ ਲਈ ਕੈਨੇਡਾ ਸਰਕਾਰ ਵੱਲੋਂ ਨਵੀਂ ਪਾਲਿਸੀ ਦਾ ਐਲਾਨ ਕੀਤਾ ਗਿਆ ਹੈ। ਇਮੀਗ੍ਰੇਸ਼ਨ ਮੰਤਰੀ ਈ ਐਲ ਮੈਂਡੀਸਿਨੋ, ਵੱਲੋਂ ਅੱਜ ਇਹ ਐਲਾਨ ਕੀਤਾ ਗਿਆ ਕਿ ਸਾਬਕਾ ਇੰਟਰਨੈਸ਼ਨਲ ਵਿਦਿਆਰਥੀ, ਜਿਨ੍ਹਾਂ ਕੋਲ ਪੀਜੀਡਬਲਿਊਪੀ ਸੀ, ਹੁਣ ਓਪਨ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ। ਕੈਨੇਡਾ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ, ਜਿਨ੍ਹਾਂ ਦਾ ਪੀਜੀਡਬਲਿਊਪੀ ਮਹਾਂਮਾਰੀ ਕਾਰਨ ਐਕਸਪਾਇਰ ਹੋ ਚੁੱਕਿਆ ਹੈ ਜਾਂ ਹੋਣ ਜਾ ਰਿਹਾ ਹੈ, ਕੋਲ ਹੁਣ ਓਪਨ ਵਰਕ ਪਰਮਿਟ ਲਈ ਅਪਲਾਈ ਕਰਨ ਦਾ ਸੁਨਹਿਰਾ ਮੌਕਾ ਹੈ। ਇਹ 18 ਮਹੀਨਿਆਂ ਲਈ ਵੈਲਿਡ ਹੋਵੇਗਾ ਤੇ ਇਸ ਨਾਲ ਸਾਬਕਾ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਰਹਿਣ ਦੀ ਇਜਾਜ਼ਤ ਮਿਲ ਜਾਵੇਗੀ, ਉਹ ਇੰਪਲੌਇਮੈਂਟ ਹਾਸਲ ਕਰ ਸਕਣਗੇ ਤੇ ਇਸ ਦੇਸ਼ ਵਿੱਚ ਆਪਣਾ ਭਵਿੱਖ ਬਣਾ ਸਕਣਗੇ।

ਸਰਕਾਰ ਵੱਲੋਂ ਇਹ ਕਦਮ ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਪਰਮਾਨੈਂਟਲੀ ਸੈਟਲ ਹੋਣ ਵਾਸਤੇ ਹੱਲਾਸ਼ੇਰੀ ਦੇਣ ਲਈ ਚੁੱਕਿਆ ਗਿਆ ਹੈ ਤਾਂ ਕਿ ਉਹ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਮਦਦ ਕਰ ਸਕਣ ਤੇ ਲੇਬਰ ਦੀ ਘਾਟ ਨੂੰ ਪੂਰਾ ਕਰ ਸਕਣ ਤੇ ਸਾਡੇ ਕਾਰੋਬਾਰ ਚਮਕ ਸਕਣ। ਉਨ੍ਹਾਂ ਆਖਿਆ ਕਿ ਇਨ੍ਹਾਂ ਵਿਦਿਆਰਥੀਆਂ ਕੋਲ ਰੋਜ਼ਗਾਰ ਲਈ ਹੁਨਰ ਵੀ ਹੈ ਤੇ ਭਾਸ਼ਾ ਦਾ ਗੁਰ ਵੀ ਹੈ, ਇਸ ਦੇ ਨਾਲ ਉਨ੍ਹਾਂ ਕੋਲ ਕੈਨੇਡੀਅਨ ਸਿੱਖਿਆ ਤੇ ਕੰਮ ਦਾ ਤਜਰਬਾ ਵੀ ਹੈ, ਇਸ ਲਈ ਉਹ ਪੂਰੀ ਤਰ੍ਹਾਂ ਪਰਮਾਨੈਂਟ ਰੈਜ਼ੀਡੈਂਟ ਸਟੇਟਸ ਲਈ ਅਪਲਾਈ ਕਰਨ ਦੇ ਕਾਬਲ ਹਨ। 2019 ਵਿੱਚ 58000 ਗ੍ਰੈਜੂਏਟਸ ਤੋਂ ਵੀ ਵੱਧ ਨੇ ਪਰਮਾਨੈਂਟਲੀ ਇਮੀਗ੍ਰੇਟ ਕਰਨ ਲਈ ਸਫਲਤਾਪੂਰਬਕ ਅਪਲਾਈ ਕੀਤਾ ਸੀ ਤੇ ਕੈਨੇਡਾ ਵਿੱਚ ਰਹਿਣ ਦੇ ਉਨ੍ਹਾਂ ਦੇ ਫੈਸਲੇ ਨਾਲ ਸਾਡੀਆਂ ਡੈਮੋਗ੍ਰੈਫਿਕ ਚੁਣੌਤੀਆਂ ਵੀ ਘਟਣਗੀਆਂ।

# ਸੀਈਆਰਬੀ ਹਾਸਲ ਕਰਨ ਵਾਲਿਆਂ ਵਿੱਚੋਂ ਕੁੱਝ ਨੂੰ ਮੋੜਨੀ ਹੋਵੇਗੀ ਥੋੜ੍ਹੀ ਰਕਮ !




ਓਟਵਾ, 25 ਨਵੰਬਰ (ਪੋਸਟ ਬਿਊਰੋ) : ਮਹਾਂਮਾਰੀ ਦੌਰਾਨ ਜੌਬਲੈੱਸ ਬੈਨੇਫਿਟ ਹਾਸਲ ਕਰਨ ਵਾਲੇ ਕੁੱਝ ਕੈਨੇਡੀਅਨਜ਼ ਨੂੰ ਇਹ ਨੋਟਿਸ ਹਾਸਲ ਹੋਣ ਵਾਲੇ ਹਨ ਕਿ ਪਿਛਲੇ ਸਾਲ ਉਨ੍ਹਾਂ ਨੂੰ ਹਾਸਲ ਹੋਈ ਆਰਥਿਕ ਮਦਦ ਵਿੱਚੋਂ ਉਨ੍ਹਾਂ ਨੂੰ ਸਰਕਾਰ ਨੂੰ ਥੋੜ੍ਹੀ ਰਕਮ ਮੋੜਨੀ ਹੋਵੇਗੀ।

ਦ ਕੈਨੇਡੀਅਨ ਐਮਰਜੰਸੀ ਰਿਸਪਾਂਸ ਬੈਨੇਫਿਟ ਮਹਾਂਮਾਰੀ ਦੌਰਾਨ ਲੇਬਰ ਮਾਰਕਿਟ ਵਿੱਚ ਆਈ ਗਿਰਾਵਟ, ਜਿਸ ਕਾਰਨ ਤਿੰਨ ਮਿਲੀਅਨ ਨੌਕਰੀਆਂ ਖੁੱਸ ਗਈਆਂ ਤੇ ਦੋ ਮਿਲੀਅਨ ਲੋਕਾਂ ਦੇ ਕੰਮ ਵਾਲੇ ਘੰਟਿਆਂ ਵਿੱਚ ਕਟੌਤੀ ਹੋਈ, ਤੋਂ ਬਾਅਦ ਮਦਦ ਲਈ ਕਾਇਮ ਕੀਤਾ ਗਿਆ। ਆਪਣੀ ਕਮਾਈ ਅਚਾਨਕ ਖੁੱਸਣ ਤੋਂ ਬਾਅਦ ਸਰਵਿਸ ਕੈਨੇਡਾ ਰਾਹੀਂ ਅਪਲਾਈ ਕਰਨ ਵਾਲੇ ਕੁੱਝ ਲੋਕਾਂ ਨੂੰ ਸਰਕਾਰ ਨੇ 2000 ਡਾਲਰ ਦੀ ਮਦਦ ਭੇਜੀ।

ਹੁਣ ਸਰਕਾਰ ਦਾ ਕਹਿਣਾ ਹੈ ਕਿ ਅਜੇ ਵੀ ਕੁੱਝ ਲੋਕ ਅਜਿਹੇ ਹਨ ਜਿਨ੍ਹਾਂ ਨੇ ਸਰਕਾਰ ਨੂੰ ਸਾਰੀ ਰਕਮ ਜਾਂ ਰਕਮ ਦਾ ਕੁੱਝ ਹਿੱਸਾ ਮੋੜਨਾ ਹੈ, ਖਾਸਤੌਰ ਉੱਤੇ ਉਹ ਜਿਹੜੇ ਇਸ ਮਦਦ ਦੇ ਯੋਗ ਨਹੀਂ ਸਨ। ਇੰਪਲੌਇਮੈਂਟ ਮੰਤਰੀ ਕਾਰਲਾ ਕੁਆਲਤਰੋ ਦਾ ਕਹਿਣਾ ਹੈ ਕਿ ਜੇ ਕਿਸੇ ਨੂੰ ਚਾਹੀਦਾ ਹੋਵੇਗਾ ਤਾਂ ਰਕਮ ਮੋੜਨ ਲਈ ਉਸ ਨੂੰ ਫਲੈਕਸੀਬਲ ਰੀਪੇਅਮੈਂਟ ਸ਼ਡਿਊਲ ਦਿੱਤਾ ਜਾਵੇਗਾ ਤੇ ਕਿਸੇ ਨੂੰ ਇਸ ਸਬੰਧ ਵਿੱਚ ਕੋਈ ਜੁਰਮਾਨਾ ਨਹੀਂ ਲਾਇਆ ਜਾਵੇਗਾ ਤੇ ਨਾ ਹੀ ਕਿਸੇ ਤੋਂ ਕੋਈ ਵਿਆਜ ਵਸੂਲਿਆ ਜਾਵੇਗਾ।

ਜਿਨ੍ਹਾਂ ਨੇ ਸਰਕਾਰ ਨੂੰ ਬਕਾਇਆ ਰਕਮ ਮੋੜਨੀ ਹੋਵੇਗੀ ਉਨ੍ਹਾਂ ਨੂੰ ਇਸ ਸਬੰਧ ਵਿੱਚ ਸਰਵਿਸ ਕੈਨੇਡਾ ਵੱਲੋਂ ਜਲਦ ਹੀ ਨੋਟਿਸ ਮਿਲ ਜਾਵੇਗਾ ਤੇ ਇਹ ਦੱਸਿਆ ਜਾਵੇਗਾ ਕਿ ਉਨ੍ਹਾਂ ਨੂੰ ਕਿੰਨੀ ਰਕਮ ਮੋੜਨੀ ਹੈ। ਇਹ ਵੀ ਦੱਸਿਆ ਜਾਵੇਗਾ ਕਿ ਇਹ ਰਕਮ ਮੋੜਨ ਦੀ ਕੀ ਪ੍ਰਕਿਰਿਆ ਹੈ ਤੇ ਉਹ ਇਸ ਫੈਸਲੇ ਬਾਰੇ ਕਿਵੇਂ ਅਪੀਲ ਕਰ ਸਕਦੇ ਹਨ।

# ਜਵਾਬਦੇਹੀ ਤੋਂ ਬਚਣ ਲਈ ਸਰਕਾਰ ਕਾਮਨਜ਼ ਦੀ ਕਾਰਵਾਈ ਮੁੜ ਚਲਾਉਣਾ ਚਾਹੁੰਦੀ ਹੈ ਹਾਈਬ੍ਰਿਡ ਫਾਰਮੈਟ 'ਚ : ਟੋਰੀਜ਼

ਓਟਵਾ, 25 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਇਸ ਤੋਂ ਬਚਣ ਲਈ ਐਮਪੀਜ਼ ਵੱਲੋਂ ਹਾਊਸ ਆਫ ਕਾਮਨਜ਼ ਦੀ ਕਾਰਵਾਈ ਵਰਚੂਅਲੀ ਚਲਾਉਣ ਦਾ ਐਮਪੀਜ਼ ਵੱਲੋਂ ਫੈਸਲਾ ਕੀਤਾ ਗਿਆ ਸੀ। ਇਸ ਨੂੰ ਹਾਊਸ ਆਫ ਕਾਨਮਜ਼ ਦਾ ਹਾਈਬ੍ਰਿਡ ਫਾਰਮੈਟ ਦੱਸਿਆ ਗਿਆ ਸੀ। ਇੱਕ ਵਾਰੀ ਫਿਰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਹਾਊਸ ਆਫ ਕਾਮਨਜ਼ ਦੀ ਕਾਰਵਾਈ ਹਾਈਬ੍ਰਿਡ ਫਾਰਮੈਟ ਅਨੁਸਾਰ ਚਲਾਉਣ ਦੇ ਬਣ ਰਹੇ ਆਸਾਰ ਦਾ ਤੇ ਸਰਕਾਰ ਵੱਲੋਂ ਇਸ ਸਬੰਧ ਵਿੱਚ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵ ਦਾ ਕੰਜ਼ਰਵੇਟਿਵ ਐਮਪੀਜ਼ ਵੱਲੋਂ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ।



ਕੰਜ਼ਰਵੇਟਿਵ ਡਿਪਟੀ ਆਗੂ ਕੈਂਡਿਸ ਬਰਜਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਇਸ ਤਰ੍ਹਾਂ ਹਾਈਬ੍ਰਿਡ ਸਿਟਿੰਗਜ਼ ਲਈ ਰਾਜ਼ੀ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਨਾਲ ਮੰਤਰੀ ਕਾਮਨਜ਼ ਵਿੱਚ ਵਿਰੋਧੀ ਧਿਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਬਚ ਜਾਂਦੇ ਹਨ। ਐਮਪੀਜ਼ ਅੱਜ ਇਸ ਗੱਲ ਉੱਤੇ ਬਹਿਸ ਕਰਨਗੇ ਕਿ ਹਾਈਬ੍ਰਿਡ ਫਾਰਮੈਟ ਨੂੰ ਜਾਰੀ ਰੱਖਿਆ ਜਾਵੇ ਜਾਂ ਨਹੀਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਲਿਬਰਲ ਤੇ ਐਨਡੀਪੀ ਦੋਵੇਂ ਹੀ ਇਸ ਫਾਰਮੈਟ ਦੇ ਸਮਰਥਨ ਵਿੱਚ ਹਨ। ਦੋਵਾਂ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਨਾਲ ਕੋਵਿਡ-19 ਦੇ ਪਸਾਰ ਉੱਤੇ ਰੋਕ ਲੱਗੇਗੀ ਤੇ ਅਜਿਹੇ ਐਮਪੀਜ਼ ਨੂੰ ਘਰ ਤੋਂ ਜਾਂ ਆਪਣੇ ਆਫਿਸ ਤੋਂ ਕੰਮ ਕਰਨ ਦਾ ਮੌਕਾ ਮਿਲੇਗਾ ਜਿਹੜੇ ਬਿਮਾਰ ਹਨ ਜਾਂ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਬਿਮਾਰ ਹਨ।

ਦੂਜੇ ਪਾਸੇ ਕੰਜ਼ਰਵੇਟਿਵ ਤੇ ਬਲਾਕ ਕਿਊਬਿਕੁਆ ਦੋਵੇਂ ਹੀ ਇਨ ਪਰਸਨ ਸਿਟਿੰਗਜ਼ ਲਈ ਪਰਤਣਾ ਚਾਹੁੰਦੇ ਹਨ। ਬਰਜਨ ਨੇ ਇਹ ਵੀ ਆਖਿਆ ਕਿ ਹਾਈਬ੍ਰਿਡ ਫਾਰਮੈਟ ਸਰਕਾਰ ਨੂੰ ਮੁਲਾਂਕਣ ਤੇ ਜਵਾਬਦੇਹੀ ਤੋਂ ਬਚਣ ਲਈ ਤਿਆਰ ਕੀਤਾ ਗਿਆ ਹੈ ਨਾ ਕਿ ਕੈਨੇਡੀਅਨਜ਼ ਨੂੰ ਇਸ ਘਾਤਕ ਵਾਇਰਸ ਤੋਂ ਬਚਾਉਣ ਲਈ।

# ਕੁਈਨ ਨੇੜੇ ਚੱਲੀ ਗੋਲੀ, 2 ਜ਼ਖ਼ਮੀ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟ੍ਰਿਨਿਟੀ ਬੈੱਲਵੁੱਡਜ਼ ਨੇੜੇ ਚੱਲੀ ਗੋਲੀ ਤੋਂ ਬਾਅਦ ਦੋ ਵਿਅਕਤੀ ਜ਼ਖ਼ਮੀ ਹੋ ਗਏ।

ਹਾਦਸੇ ਤੋਂ ਬਾਅਦ ਐਮਰਜੰਸੀ ਕ੍ਰਿਊ ਨੂੰ ਸਵੇਰੇ 3:30 ਵਜੇ ਕੁਈਨ ਸਟਰੀਟ ਵੈਸਟ ਤੇ ਡੋਵਰਕੋਰਟ ਰੋਡ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਲੱਤ ਵਿੱਚ ਗੋਲੀ ਲੱਗੀ ਸੀ ਜਦਕਿ ਦੂਜੇ ਨੂੰ ਢਿੱਡ ਵਿੱਚ ਗੋਲੀ ਲੱਗੀ ਸੀ। ਪੁਲਿਸ ਵੱਲੋਂ ਹਾਲ ਦੀ ਘੜੀ ਕਿਸੇ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਨੇ ਆਖਿਆ ਕਿ ਹਾਦਸੇ ਵਾਲੀ ਥਾਂ ਤੋਂ ਇੱਕ ਚਿੱਟੇ ਰੰਗ ਦੀ ਸੇਡਾਨ ਜਾਂਦੀ ਵੇਖੀ ਗਈ।

ਇਸ ਇਲਾਕੇ ਵਿੱਚੋਂ ਇੱਕ ਹਥਿਆਰ ਵੀ ਬਰਾਮਦ ਹੋਇਆ ਹੈ।




ਡੋਵਰਕੋਰਟ ਤੋਂ ਕੁਈਨ ਰੋਡ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪਹਿਲੇ ਦਿਨ ਹੀ ਪੰਜ ਤੋਂ 11 ਸਾਲ ਦੇ ਬੱਚਿਆਂ ਲਈ ਬੁੱਕ ਕਰਵਾਈਆਂ ਗਈਆਂ 31,000 ਵੈਕਸੀਨ ਅਪੁਆਇੰਟਮੈਂਟਸ

ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪੰਜ ਤੋਂ 11 ਸਾਲ ਦਰਮਿਆਨ ਬੱਚਿਆਂ ਲਈ 31,000 ਵੈਕਸੀਨ ਅਪੁਆਇੰਟਮੈਂਟਸ ਮੰਗਲਵਾਰ ਨੂੰ ਬੁੱਕ ਕਰਵਾਈਆਂ ਗਈਆਂ। ਓਨਟਾਰੀਓ ਭਰ ਦੇ ਇਸ ਉਮਰ ਵਰਗ ਦੇ ਬੱਚਿਆਂ ਲਈ ਅਪੁਆਇੰਟਮੈਂਟ ਬੁੱਕ ਕਰਵਾਉਣ ਦਾ ਇਹ ਪਹਿਲਾ ਦਿਨ ਸੀ।

ਸਿਟੀ ਨੇ ਦੱਸਿਆ ਕਿ ਅਗਲੇ ਢਾਈ ਹਫਤਿਆਂ ਲਈ ਇਸ ਉਮਰ ਵਰਗ ਦੇ ਬੱਚਿਆਂ ਵਾਸਤੇ 49,000 ਅਪੁਆਇੰਟਮੈਂਟਸ ਉਪਲਬਧ ਹਨ। ਮੇਅਰ ਜੌਹਨ ਟੋਰੀ ਨੇ ਇਸ ਗੱਲ ਉੱਤੇ ਖੁਸ਼ੀ ਪ੍ਰਗਟਾਈ ਕਿ ਇਹ ਅਪੁਆਇੰਟਮੈਂਟਸ ਐਨੀ ਜਲਦੀ ਬੁੱਕ ਹੋ ਗਈਆਂ। ਉਨ੍ਹਾਂ ਆਖਿਆ ਕਿ ਇਨ੍ਹਾਂ ਬੱਚਿਆਂ ਦੇ ਨਾਲ ਨਾਲ ਸਾਡੀ ਸਾਰਿਆਂ ਦੀ ਸਾਂਝੀ ਸਿਹਤ ਲਈ ਇਹ ਵੈਕਸੀਨੇਸ਼ਨ ਕਾਫੀ ਜ਼ਰੂਰੀ ਹੈ। ਇਸ ਦੇ ਨਾਲ ਹੀ ਇਹ ਸਾਡੇ ਸਕੂਲਾਂ ਨੂੰ ਖੁੱਲ੍ਹਾ ਰੱਖਣ ਤੇ ਮਹਾਂਮਾਰੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਵੀ ਜ਼ਰੂਰੀ ਹੈ।

ਉਨ੍ਹਾਂ ਆਖਿਆ ਕਿ ਇਹ ਵੈਕਸੀਨਜ਼ ਪ੍ਰਭਾਵਸ਼ਾਲੀ ਤੇ ਸੁਰੱਖਿਅਤ ਹਨ। ਓਨਟਾਰੀਓ ਵਿੱਚ ਟੋਰਾਂਟੋ ਅਜਿਹੀ ਪਹਿਲੀ ਸਿਟੀ ਹੈ ਜਿਸ ਨੇ ਮੰਗਲਵਾਰ ਤੋਂ ਬੱਚਿਆਂ ਦਾ ਟੀਕਾਕਰਣ ਸ਼ੁਰੂ ਕੀਤਾ ਹੈ ਪਰ ਸ਼ੁਰੂਆਤੀ ਗੇੜ ਵਿੱਚ ਸਿਰਫ 10 ਬੱਚਿਆਂ ਨੂੰ ਹੀ ਵੈਕਸੀਨੇਟ ਕੀਤਾ ਗਿਆ।



ਮੇਅਰ ਟੋਰੀ ਨੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਟੋਰਾਂਟੋ ਦੇ ਪੰਜ ਤੋਂ 11 ਸਾਲਾਂ ਦਰਮਿਆਨ ਦੇ ਸਾਰੇ ਬੱਚਿਆਂ ਦਾ ਟੀਕਾਕਰਣ ਜਲਦ ਤੋਂ ਜਲਦ ਹੋ ਜਾਵੇ। ਬੁੱਧਵਾਰ ਨੂੰ ਟੋਰੀ, ਟੋਰਾਂਟੋ ਬੋਰਡ ਆਫ ਹੈਲਥ ਦੇ ਚੇਅਰ ਜੋਅ ਕ੍ਰੈਸੀ ਤੇ ਮੈਡੀਕਲ ਆਫੀਸਰ ਆਫ ਹੈਲਥ ਡਾ• ਐਲੀਨ ਡੀ ਵਿੱਲਾ ਬੱਚਿਆਂ ਦੇ ਟੀਕਾਕਰਣ ਬਾਰੇ ਸਿਟੀ ਨੂੰ ਅਪਡੇਟ ਕਰਨ ਲਈ ਮੈਟਰੋ ਟੋਰਾਂਟੋ ਕਨਵੈਨਸ਼ਨ ਸੈਂਟਰ ਉੱਤੇ ਮੌਜੂਦ ਸਨ। ਬੱਚਿਆਂ ਦੇ ਟੀਕਾਕਰਣ ਲਈ ਇਹ ਕਲੀਨਿਕ ਵੀਰਵਾਰ ਤੋਂ ਹੇਠ ਦੱਸੀਆਂ ਲੋਕੇਸ਼ਨਜ਼ ਉੱਤੇ ਖੋਲ੍ਹੇ ਜਾਣਗੇ :

- Metro Toronto Convention Centre, 255 Front St. W., North Building, Hall A
- Cloverdale Mall, 250 The East Mall
- Scarborough Town Centre, 300 Borough Dr.
- Mitchell Field Community Centre, 89 Church Ave.
- Woodbine Mall, 500 Rexdale Blvd.

ਸਕੂਲ ਆਧਾਰਿਤ ਮੋਬਾਈਲ ਕਲੀਨਿਕਸ ਵੀ ਵੀਰਵਾਰ ਤੋਂ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰਨਗੇ। ਇਸ ਤੋਂ ਇਲਾਵਾ ਕੁੱਝ ਲੋਕਲ ਫਾਰਮੇਸੀਜ਼ ਤੇ ਡਾਕਟਰਜ਼ ਆਫਿਸਿਜ਼ ਵਿੱਚ ਵੀ ਬੱਚਿਆਂ ਨੂੰ ਸ਼ੌਟ ਦਿੱਤੇ ਜਾਣਗੇ।

# ਰੀਓਪਨਿੰਗ ਓਨਟਾਰੀਓ ਐਕਟ ਤਹਿਤ ਫੋਰਡ ਸਰਕਾਰ ਨੇ ਐਮਰਜੰਸੀ ਆਰਡਰਜ਼ ਵਿੱਚ ਕੀਤਾ ਵਾਧਾ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਰੀਓਪਨਿੰਗ ਓਨਟਾਰੀਓ ਐਕਟ ਤਹਿਤ ਫੋਰਡ ਸਰਕਾਰ ਨੇ ਐਮਰਜੰਸੀ ਆਰਡਰਜ਼ ਵਿੱਚ ਮਾਰਚ 2022 ਤੱਕ ਦਾ ਵਾਧਾ ਕਰ ਦਿੱਤਾ ਹੈ।



ਇਹ ਐਮਰਜੰਸੀ ਆਰਡਰਜ਼ ਪਹਿਲੀ ਦਸੰਬਰ ਨੂੰ ਐਕਸਪਾਇਰ ਹੋਣ ਜਾ ਰਹੇ ਸਨ। ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਵੱਲੋਂ ਪਾਸ ਕੀਤੇ ਗਏ ਇੱਕ ਮਤੇ ਤੋਂ ਬਾਅਦ ਇਨ੍ਹਾਂ ਹੁਕਮਾਂ ਵਿੱਚ ਵਾਧਾ ਕੀਤਾ ਗਿਆ। ਇਸ ਮਤੇ ਦੇ ਪਾਸ ਹੋਣ ਨਾਲ ਫਰਡ ਸਰਕਾਰ ਨੂੰ 28 ਮਾਰਚ ਤੱਕ ਇਨ੍ਹਾਂ ਹੁਕਮਾਂ ਵਿੱਚ ਵਾਧਾ ਕਰਨ ਦੀ ਪਾਵਰ ਮਿਲ ਗਈ ਹੈ। ਆਰਓਏ ਤਹਿਤ ਹਰੇਕ ਹੁਕਮ 30 ਦਿਨਾਂ ਲਈ ਕੈਬਨਿਟ ਵੱਲੋਂ ਪਾਸ ਹੋਣੇ ਜ਼ਰੂਰੀ ਹਨ।

ਜੋਨਜ਼ ਦੇ ਤਰਜ਼ਮਾਨ ਨੇ ਦੱਸਿਆ ਕਿ ਐਮਰਜੰਸੀ ਪਾਵਰਜ਼ ਵਿੱਚ ਵਾਧੇ ਨਾਲ ਸਰਕਾਰ ਨੂੰ ਕੋਵਿਡ-19 ਸਬੰਧੀ ਸਾਰੀਆਂ ਰਹਿੰਦੀਆਂ ਪਾਬੰਦੀਆਂ ਮਾਰਚ ਤੱਕ ਹਟਾਉਣ ਦਾ ਅਖ਼ਤਿਆਰ ਮਿਲ ਗਿਆ ਹੈ। ਆਰਓਏ ਵਿੱਚ ਵਾਧੇ ਤੋਂ ਬਿਨਾਂ ਪਬਲਿਕ ਹੈਲਥ ਮਾਪਦੰਡ ਪਹਿਲੀ ਦਸੰਬਰ ਤੋਂ ਹੀ ਖ਼ਤਮ ਹੋ ਜਾਣੇ ਸਨ। ਰੀਓਪਨਿੰਗ ਐਕਟ ਤਹਿਤ ਇਸ ਸਮੇਂ 28 ਆਰਡਰਜ਼ ਪ੍ਰਭਾਵੀ ਹਨ, ਇਨ੍ਹਾਂ ਵਿੱਚ ਵੈਕਸੀਨੇਸ਼ਨ ਦਾ ਸਬੂਤ ਵਿਖਾਉਣਾ ਵੀ ਇੱਕ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋਣ ਕਾਰਨ ਓਨਟਾਰੀਓ ਨੇ ਰੀਓਪਨਿੰਗ ਪਲੈਨ ਦੇ ਅਗਲੇ ਕਦਮ ਉੱਤੇ ਰੋਕ ਲਾ ਦਿੱਤੀ ਸੀ।

# ਛੁਰੇਬਾਜ਼ੀ ਕਾਰਨ ਗੰਭੀਰ ਜ਼ਖ਼ਮੀ ਵਿਅਕਤੀ ਨੂੰ ਪਹੁੰਚਾਇਆ ਗਿਆ ਹਸਪਤਾਲ

ਮਿਸੀਸਾਗਾ, 25 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੀਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਬੁੱਧਵਾਰ ਨੂੰ ਇਹ ਘਟਨਾ ਡਿਕਸੀ ਰੋਡ ਤੇ ਬ੍ਰਿਟੇਨੀਆ ਰੋਡ ਈਸਟ ਉੱਤੇ ਕਮਰਸ਼ੀਅਲ ਪ੍ਰਾਪਰਟੀ ਉੱਤੇ ਸ਼ਾਮੀਂ



6:00 ਵਜੇ ਤੋਂ ਪਹਿਲਾਂ ਵਾਪਰੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਪੀਲ ਪੈਰਾਮੈਡਿਕਸ ਵੱਲੋਂ ਲੋਕਲ ਹਸਪਤਾਲ ਪਹੁੰਚਾਇਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਛੁਰੇਬਾਜ਼ੀ ਕਿਉਂ ਹੋਈ ਪਰ ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।












# ਓਸਲਰ ਫਾਊਂਡੇਸ਼ਨ ਦੀ ਕਮਾਲ ਦੀ ਨੀਲਾਮੀ ਹੋ ਗਈ ਹੈ ਸ਼ੁਰੂ

ਬਰੈਂਪਟਨ, 25 ਨਵੰਬਰ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਵੱਲੋਂ ਓਸਲਰ ਫਾਊਂਡੇਸ਼ਨ ਦੀ ਕਮਾਲ ਦੀ ਨੀਲਾਮੀ ਸ਼ੁਰੂ ਕੀਤੀ ਜਾ ਰਹੀ ਹੈ। ਆਨਲਾਈਨ ਕੀਤੀ ਜਾਣ ਵਾਲੀ ਇਸ ਨੀਲਾਮੀ ਵਿੱਚ ਸਾਰਿਆਂ ਲਈ ਹਾਸਲ ਕਰਨ ਵਾਸਤੇ ਕੁੱਝ ਨਾ ਕੁੱਝ ਹੋਵੇਗਾ। ਇਸ ਨੀਲਾਮੀ ਰਾਹੀਂ ਆਪਣੀ ਹਾਲੀਡੇਅ ਸ਼ਾਪਿੰਗ ਲਿਸਟ ਮੁਤਾਬਕ ਤੁਸੀਂ ਆਪਣੇ ਜਾਂ ਆਪਣਿਆਂ ਲਈ ਕੋਈ ਨਾ ਕੋਈ ਆਈਟਮ ਹਾਸਲ ਕਰ ਸਕੋਗੇ ਤੇ ਇਸ ਦੇ ਨਾਲ ਹੀ ਤੁਸੀਂ ਆਪਣੇ ਘਰ ਦੇ ਨੇੜੇ ਸਥਿਤ ਹੈਲਥ ਕੇਅਰ ਦੀ ਵੀ ਮਦਦ ਕਰ ਸਕੋਗੇ।



ਓਸਲਰ ਫਾਊਂਡੇਸ਼ਨ ਦੀ ਆਪਣੀ ਹੀ ਕਿਸਮ ਦੀ ਇਹ ਆਨਲਾਈਨ ਨੀਲਾਮੀ 24 ਨਵੰਬਰ ਨੂੰ ਸ਼ੁਰੂ ਹੋਵੇਗੀ ਤੇ 3 ਦਸੰਬਰ ਤੱਕ ਚੱਲੇਗੀ। ਇਸ ਨੀਲਾਮੀ ਰਾਹੀਂ ਹਾਸਲ ਹੋਣ ਵਾਲੇ ਫੰਡਜ਼ ਨਾਲ ਬਿਲਡ ਬੈਕ, ਟੁਗੈਦਰ ਕੈਂਪੇਨ ਦੀ ਮਦਦ ਕੀਤੀ ਜਾਵੇਗੀ, ਜਿਨ੍ਹਾਂ ਵੱਲੋਂ ਓਸਲਰ ਲਈ 10 ਮਿਲੀਅਨ ਡਾਲਰ ਇੱਕਠੇ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਸ ਨਾਲ ਸਮੁੱਚੀ ਕਮਿਊਨਿਟੀ ਦੀ ਕੋਵਿਡ-19 ਮਹਾਂਮਾਰੀ ਤੋਂ ਉਭਰਨ ਵਿੱਚ ਵੀ ਮਦਦ ਹੋਵੇਗੀ। ਇਸ ਨਾਲ ਅਸੀਂ ਸਾਰੇ ਬਿਹਤਰ ਢੰਗ ਨਾਲ, ਮਜ਼ਬੂਤੀ ਨਾਲ ਤੇ ਇੱਕਜੁੱਟ ਹੋ ਕੇ ਮਹਾਂਮਾਰੀ ਵਿੱਚੋਂ ਬਾਹਰ ਆ ਸਕਾਂਗੇ।

ਇਸ ਦੌਰਾਨ ਇੱਕਠੇ ਹੋਏ ਫੰਡਾਂ ਰਾਹੀਂ ਜ਼ਰੂਰੀ ਵਸਤਾਂ, ਜਿਵੇਂ ਕਿ ਸਰਜੀਕਲ ਟੇਬਲ, ਅਨੈਸਥੀਸੀਆ ਗੈਸ ਮਸ਼ੀਨਜ਼, ਲੈਪਰੋਸਕੋਪਸ ਤੇ ਕੈਮਰਾ ਹੈੱਡਜ਼, ਏਵੀ ਸਰਜੀਕਲ ਇੰਟੇਗ੍ਰੇਸ਼ਨ ਸਿਸਟਮਜ਼ ਤੇ ਪੁਰਾਣੇ ਪੈ ਚੁੱਕੇ ਸਾਜ਼ੋ ਸਮਾਨ ਨੂੰ ਬਦਲਣ ਤੇ ਵਧੀ ਹੋਈ ਮੰਗ ਦੀ ਪੂਰਤੀ ਲਈ, ਖਰੀਦੀਆਂ ਜਾਣਗੀਆਂ। ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਕੈਨ ਮੇਅਹਿਊ ਨੇ ਆਖਿਆ ਕਿ ਇਸ ਨੀਲਾਮੀ ਦੌਰਾਨ ਕੀਤੀ ਜਾਣ ਵਾਲੀ ਖਰੀਦਦਾਰੀ ਕਾਫੀ ਅਰਥਭਰਪੂਰ ਹੋਵੇਗੀ। ਇਸ ਦੌਰਾਨ ਇੱਕਠੇ ਹੋਣ ਵਾਲੇ ਫੰਡਾਂ ਦੇ ਬਰਾਬਰ ਬ੍ਰਾਮੇਲੀਆ ਲਾਇਨਜ਼ ਕਲੱਬ (1.5 ਮਿਲੀਅਨ ਡਾਲਰ ਤੱਕ) ਵੱਲੋਂ ਫੰਡ ਦਿੱਤੇ ਜਾਣਗੇ।

ਇਹ ਨੀਲਾਮੀ ਸਾਡੇ ਸਪਾਂਸਰਜ਼- ਲਿਊਨਾ! ਨਕਲ 183, ਗੋਲਡ ਸਪਾਂਸਰਜ਼ ਆਰਮਰ ਇੰਸ਼ੋਰੈਂਸ ਬ੍ਰੋਕਰਜ ਲਿਮਟਿਡ, ਬਰਡਨ, ਲੈਡਨਰ, ਜਰਵੇਅ, ਸੋਡੈਕਸੋ ਕੈਨੇਡਾ, ਐਸ ਰੌਬਿਨਸਨ ਐਂਡ ਐਸੋਸਿਏਟਸ ਆਫ ਆਰਬੀਸੀ ਡੌਮੀਨੀਅਨ ਸਕਿਊਰਿਟੀਜ਼, ਦੀ ਮਦਦ ਸਦਕਾ ਹੀ ਸੰਭਵ ਹੋ ਸਕਿਆ ਹੈ।

# ਹਾਊਸ ਵਿੱਚ ਦਾਖਲ ਹੋਣ ਲਈ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਬਾਰੇ ਸਾਰੇ ਐਮਪੀਜ਼ ਤੋਂ ਪੁੱਛੀ ਜਾਵੇ ਰਾਇ : ਰਿਚਰਡਜ਼

ਓਟਵਾ, 25 ਨਵੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਾਰੇ 338 ਮੈਂਬਰਜ਼ ਆਫ ਪਾਰਲੀਆਮੈਂਟ ਤੋਂ ਇਹ ਵੋਟ ਕਰਵਾਈ ਜਾਵੇ ਕਿ ਕੋਵਿਡ-19 ਖਿਲਾਫ ਲਾਜ਼ਮੀ ਵੈਕਸੀਨੇਸ਼ਨ ਬਾਰੇ ਉਨ੍ਹਾਂ ਦੀ ਕੀ ਰਾਇ ਹੈ।

ਟੋਰੀ ਵ੍ਹਿਪ ਬਲੇਕ ਰਿਚਰਡਜ਼ ਨੇ ਕਾਮਨਜ਼ ਦੇ ਸਪੀਕਰ ਐਂਥਨੀ ਰੋਟਾ ਤੋਂ ਮੰਗ ਕੀਤੀ ਕਿ ਉਹ ਇਹ ਫੈਸਲਾ ਸੁਨਾਉਣ ਕਿ ਨੌਂ ਮੈਂਬਰੀ ਮਲਟੀ ਪਾਰਟੀ ਬਾਡੀ, ਜਿਹੜੀ ਹਾਊਸ ਨੂੰ ਸੇਧ ਦਿੰਦੀ ਹੈ, ਕੋਲ ਐਮਪੀਜ਼ ਉੱਤੇ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਲਾਗੂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਕੰਜ਼ਰਵੇਟਿਵਾਂ ਵੱਲੋਂ ਕੀਤੀ ਗਈ ਤਾਜ਼ਾ ਸ਼ਿਕਾਇਤ ਤਿੰਨ ਮਹੀਨਿਆਂ ਤੋਂ ਲਾਜ਼ਮੀ ਵੈਕਸੀਨੇਸ਼ਨ ਖਿਲਾਫ ਜਾਰੀ ਉਨ੍ਹਾਂ ਦੇ ਸੰਘਰਸ਼ ਦਾ ਤਾਜ਼ਾ ਅਧਿਆਏ ਹੈ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਸੀ ਕਿ 118 ਐਮਪੀਜ਼ ਵਿੱਚੋਂ ਉਨ੍ਹਾਂ ਦੇ ਕਿੰਨੇ ਐਮਪੀਜ਼ ਨੇ ਕੋਵਿਡ-19 ਖਿਲਾਫ ਪੂਰੀ ਵੈਕਸੀਨੇਸ਼ਨ ਕਰਵਾਈ ਹੋਈ ਹੈ ਜਾਂ ਫਿਰ ਕਿੰਨਿਆਂ ਨੇ ਮੈਡੀਕਲ ਛੋਟ ਲਈ ਹੋਈ ਹੈ। ਉਨ੍ਹਾਂ ਇਹ ਆਖਿਆ ਸੀ ਕਿ ਉਹ ਆਪਣੇ ਸਾਰੇ ਐਮਪੀਜ਼ ਦੇ ਪ੍ਰਾਈਵੇਸੀ ਦੇ ਅਧਿਕਾਰ ਦੀ ਕਦਰ ਕਰਦੇ ਹਨ। ਓਟੂਲ ਹੀ ਅਜਿਹੇ ਇੱਕਮਾਤਰ ਫੈਡਰਲ ਆਗੂ ਸਨ ਜਿਨ੍ਹਾਂ ਨੇ ਇਹ ਸਟੈਂਡ ਲਿਆ ਸੀ।



ਲਾਜ਼ਮੀ ਵੈਕਸੀਨੇਸ਼ਨ ਪਾਲਿਸੀ ਪਿਛਲੇ ਮਹੀਨੇ ਐਲਾਨੀ ਜਾਣ ਤੋਂ ਬਾਅਦ ਕੁੱਝ ਕੰਜ਼ਰਵੇਟਿਵਾਂ ਨੇ ਵੈਕਸੀਨੇਸ਼ਨ ਦਾ ਸਬੂਤ ਦੇਣ ਲਈ ਲਿਆਂਦੀਆਂ ਗਈਆਂ ਨੀਤੀਆਂ ਦਾ ਸਖ਼ਤ ਵਿਰੋਧ ਕੀਤਾ ਸੀ। ਓਟੂਲ ਨੇ ਇੱਕ ਪਾਸੇ ਤਾਂ ਐਮਪੀਜ਼ ਲਈ ਲਾਜ਼ਮੀ ਵੈਕਸੀਨੇਸ਼ਨ ਨੂੰ ਰਸਮੀ ਚੁਣੌਤੀ ਦੇਣ ਲਈ ਸਹਿਮਤੀ ਦੇ ਕੇ ਆਪਣੀ ਸਾਖ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਦੂਜੇ ਪਾਸੇ ਇਹ ਵਾਅਦਾ ਵੀ ਕੀਤਾ ਕਿ ਸਾਰੇ ਕੰਜ਼ਰਵੇਟਿਵਜ਼ ਨਿਯਮਾਂ ਦੀ ਪਾਲਣਾ ਕਰਨਗੇ।

ਮੰਗਲਵਾਰ ਨੂੰ ਰਿਚਰਡਜ਼ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਾਰੇ ਕੰਜ਼ਰਵੇਟਿਵ ਕੋਵਿਡ-19 ਖਿਲਾਫ ਟੀਕਾਕਰਣ ਕਰਵਾਉਣ ਦੇ ਹੱਕ ਵਿੱਚ ਹਨ ਤੇ ਸਾਰਿਆਂ ਦਾ ਮੰਨਣਾਂ ਹੈ ਕਿ ਮਹਾਂਮਾਰੀ ਖਤਮ ਕਰਨ ਦਾ ਇਹ ਬਿਹਤਰ ਤਰੀਕਾ ਹੈ। ਪਰ ਉਨ੍ਹਾਂ ਆਖਿਆ ਕਿ ਸਾਨੂੰ ਇਸ ਗੱਲ ਉੱਤੇ ਇਤਰਾਜ਼ ਹੈ ਕਿ ਜਿਸ ਤਰ੍ਹਾਂ ਵੈਕਸੀਨ ਨੂੰ ਲਾਜ਼ਮੀ ਕਰਨ ਦਾ ਇਹ ਫੈਸਲਾ ਸਾਡੇ ਉੱਤੇ ਮੜ੍ਹਿਆ ਗਿਆ ਹੈ ਉਹ ਸਹੀ ਨਹੀਂ ਹੈ।

## ਛੁਰੇਬਾਜ਼ੀ ਵਿੱਚ ਟੀਨੇਜਰ ਜ਼ਖ਼ਮੀ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਸ਼ਹਿਰ ਦੇ ਪੂਰਬੀ ਸਿਰੇ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਟੀਨੇਜਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੁਲਿਸ ਨੇ ਆਖਿਆ ਕਿ ਸ਼ਾਮੀਂ 5:15 ਵਜੇ ਦੇ ਨੇੜੇ ਤੇੜੇ ਗੇਰਾਰਡ ਸਟਰੀਟ ਈਸਟ ਤੇ ਪਿੱਕਰਿੰਗ ਸਟਰੀਟ ਏਰੀਆ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ। ਉਨ੍ਹਾਂ ਨੂੰ ਇਹ ਖਬਰ ਮਿਲੀ ਕਿ ਕਿਸੇ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ ਹੈ। ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਟੀਨੇਜਰ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਟੀਨੇਜਰ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ, ਉਸ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਸੀ। ਅਜੇ ਤੱਕ ਕਿਸੇ ਵੀ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਹੋ ਸਕਦੀ ਹੈ 25 ਸੈਂਟੀਮੀਟਰ ਤੱਕ ਬਰਫਬਾਰੀ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਰੀਜਨ ਵਿੱਚ ਸਰਦ ਰੁੱਤ ਵੱਲੋਂ ਦਸਤਕ ਦੇ ਦਿੱਤੀ ਗਈ ਹੈ ਤੇ ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਬਰਫਬਾਰੀ ਸਬੰਧੀ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ।



ਗ੍ਰੇਟਰ ਟੋਰਾਂਟੋ ਏਰੀਆ ਵਿੱਚ ਐਨਵਾਇਰਮੈਂਟ ਕੈਨੇਡਾ ਵੱਲੋਂ ਨਿਊਮਾਰਕਿਟ, ਜਾਰਜੀਨਾ, ਨੌਰਦਰਨ ਯੌਰਕ ਰੀਜਨ, ਉਕਸਬ੍ਰਿੱਜ,ਬੈਵਰਟਨ ਤੇ ਉੱਤਰੀ ਦਰਹਾਮ ਰੀਜਨ ਵਿੱਚ ਬਰਫਬਾਰੀ ਹੋਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਏਜੰਸੀ ਨੇ ਆਖਿਆ ਕਿ ਇਸ ਸ਼ਾਮ ਬਰਫਬਾਰੀ ਜਾਰਜੀਅਨ ਬੇਅ ਤੋਂ ਰੀਜਨ ਵਿੱਚ ਦਾਖਲ ਹੋ ਜਾਵੇਗੀ। ਇਨ੍ਹਾਂ ਇਲਾਕਿਆਂ ਵਿੱਚ ਮੰਗਲਵਾਰ ਸਵੇਰੇ ਬਰਫਬਾਰੀ ਪੰਜ ਤੋਂ 10 ਸੈਂਟੀਮੀਟਰ ਤੱਕ ਰਹਿਣ ਦੀ ਸੰਭਾਵਨਾ ਹੈ।

ਇਸ ਦੌਰਾਨ ਗ੍ਰੇਟਰ ਟੋਰਾਂਟੋ ਏਰੀਆ ਦੇ ਉੱਤਰ ਵੱਲ ਮੰਗਲਵਾਰ ਸਵੇਰ 25 ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ। ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਬੈਰੀ, ਕੌਲਿੰਗਵੁੱਡ, ਹਿੱਲਸਡੇਲ, ਮਿੱਡਲੈਂਡ, ਕੋਲਡਵਾਟਰ, ਓਰ ਲੇਕ, ਓਰਿੱਲਾ, ਲਗੂਨ ਸਿਟੀ ਤੇ ਵਾਸਾਗੋ ਵਿੱਚ ਵੀ 15 ਤੋਂ 25 ਸੈਂਟੀਮੀਟਰ ਤੱਕ ਬਰਫਬਾਰੀ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਹੈਨੋਵਰ, ਡੰਡਾਕ, ਦੱਖਣੀ ਗ੍ਰੇਅ ਕਾਊਂਟੀ, ਸੌਗੀਨ ਸ਼ੋਰਜ਼, ਕਿਨਕਾਰਡਾਈਨ ਤੇ ਦੱਖਣੀ ਬਰੂਸ ਕਾਊਂਟੀ ਵਿੱਚ ਵੀ 25 ਸੈਂਟੀਮਟਰ ਤੱਕ ਬਰਫਬਾਰੀ ਹੋ ਸਕਦੀ ਹੈ।

ਇਸ ਤੋਂ ਇਲਾਵਾ ਲਿਸਟਵਲ, ਮਿਲਵਰਟਨ, ਨੌਰਦਰਨ ਪਰਥ ਕਾਊਂਟੀ, ਵਿੰਘਮ, ਬਲਿੱਥ, ਨੌਰਦਰਨ ਹੁਰੌਨ ਕਾਊਂਟੀ ਵਿੱਚ ਵੀ 10 ਤੋਂ 20 ਸੈਂਟੀਮੀਟਰ ਬਰਫਬਾਰੀ ਹੋ ਸਕਦੀ ਹੈ।

# ਐਂਥਨੀ ਰੋਟਾ ਮੁੜ ਚੁਣੇ ਗਏ ਹਾਊਸ ਆਫ ਕਾਮਨਜ਼ ਦੇ ਸਪੀਕਰ

ਓਟਵਾ, 25 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪਾਰਲੀਆਮੈਂਟ ਮੈਂਬਰਜ਼ ਵੱਲੋਂ ਸੀਨੀਅਰ ਲਿਬਰਲ ਐਂਥਨੀ ਰੋਟਾ ਨੂੰ ਮੁੜ ਹਾਊਸ ਆਫ ਕਾਮਨਜ਼ ਦਾ ਸਪੀਕਰ ਚੁਣ ਲਿਆ ਗਿਆ ਹੈ।



ਸੋਮਵਾਰ ਨੂੰ ਰੋਟਾ ਦੀ ਸਪੀਕਰ ਵਜੋਂ ਮੁੜ ਕੀਤੀ ਗਈ ਚੋਣ ਕੋਈ ਹੈਰਾਨੀ ਵਾਲਾ ਫੈਸਲਾ ਨਹੀਂ ਸੀ। ਕੋਵਿਡ-19 ਮਹਾਂਮਾਰੀ ਦੌਰਾਨ ਹਾਊਸ ਆਫ ਕਾਮਨਜ਼ ਦੀ ਕਾਰਵਾਈ ਨੂੰ ਬਿਨਾਂ ਪੱਖਪਾਤ ਦੇ ਬੜੇ ਹੀ ਸੁਚੱਜੇ ਢੰਗ ਨਾਲ ਚਲਾਉਣ ਵਾਸਤੇ ਰੋਟਾ ਦੀ ਆਪਣੀ ਪਾਰਟੀ ਵੱਲੋਂ ਹੀ ਨਹੀਂ ਸਗੋਂ ਵਿਰੋਧੀ ਪਾਰਟੀਆਂ ਵੱਲੋਂ ਵੀ ਕਾਫੀ ਸਿਫਤ ਹੋਈ। ਰੋਟਾ ਨੂੰ ਸਾਰੇ ਉਨ੍ਹਾਂ ਦੇ ਮਜ਼ਾਕੀਆ ਤੇ ਸ਼ਾਂਤ ਸੁਭਾਅ ਲਈ ਵੀ ਪਸੰਦ ਕਰਦੇ ਹਨ।

20 ਸਤੰਬਰ ਨੂੰ ਕੈਨੇਡੀਅਨਜ਼ ਨੇ ਇੱਕ ਵਾਰੀ ਫਿਰ ਘੱਟਗਿਣਤੀ ਲਿਬਰਲ ਸਰਕਾਰ ਦੀ ਚੋਣ ਕੀਤੀ ਸੀ। ਇਸ ਤੋਂ ਬਾਅਦ ਸੀਟਾਂ ਵਿੱਚ ਮਾਮੂਲੀ ਫੇਰਬਦਲ ਹੋਇਆ ਸੀ। ਪੰਜ ਮਹੀਨਿਆਂ ਵਿੱਚ ਪਹਿਲੀ ਵਾਰੀ ਸੋਮਵਾਰ ਨੂੰ ਐਮਪੀਜ਼ ਹਾਊਸ ਆਫ ਕਾਮਨਜ਼ ਵਿੱਚ ਪਰਤੇ ਤੇ ਨਵਾਂ ਸਪੀਕਰ ਚੁਣਿਆ ਜਾਣਾ ਸੰਸਦ ਦੀ ਕਾਰਵਾਈ ਸ਼ੁਰੂ ਕਰਨ ਦਾ ਪਹਿਲਾ ਕਦਮ ਹੈ। ਇਸ ਅਹੁਦੇ ਲਈ ਛੇ ਹੋਰ ਐਮਪੀਜ਼ ਮੁਕਾਬਲੇ ਵਿੱਚ ਨਿੱਤਰੇ ਸਨ ਜਿਨ੍ਹਾਂ ਵਿੱਚੋਂ ਤਿੰਨ ਕੰਜ਼ਰਵੇਟਿਵ, ਇੱਕ ਲਿਬਰਲ, ਇੱਕ ਨਿਊ ਡੈਮੋਕ੍ਰੈਟ ਤੇ ਇੱਕ ਗ੍ਰੀਨ ਸੀ। ਐਮਪੀਜ਼ ਵੱਲੋਂ ਗੁਪਤ ਵੋਟਿੰਗ ਕਰਨ ਤੋਂ ਬਾਅਦ ਰੋਟਾ ਜੇਤੂ ਰਹੇ।

# ਕੋਵਿਡ-19 ਆਊਟਬ੍ਰੇਕ ਕਾਰਨ ਇਟੋਬੀਕੋ ਐਲੀਮੈਂਟਰੀ ਸਕੂਲ ਕੀਤਾ ਗਿਆ ਬੰਦ

ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਕਾਰਨ ਇੱਕ ਹੋਰ ਪਬਲਿਕ ਐਲੀਮੈਂਟਰੀ ਸਕੂਲ ਇਨ-ਪਰਸਨ ਲਰਨਿੰਗ ਲਈ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ।

ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਦਾ ਕਹਿਣਾ ਹੈ ਕਿ ਇਟੋਬੀਕੋ ਵਿੱਚ ਇਕੋਲ ਐਲੀਮੈਂਟੇਅਰ ਮਿਸ਼ੇਲਿਨ ਸੇਂਟ ਸਾਇਰ ਸਕੂਲ ਨੂੰ ਬੁੱਧਵਾਰ ਤੋਂ ਸਾਰੀਆਂ ਐਕਸਟਰਾ ਕਰੀਕੁਲਰ ਗਤੀਵਿਧੀਆਂ ਲਈ ਬੰਦ ਕੀਤਾ ਜਾ ਰਿਹਾ ਹੈ। ਪਬਲਿਕ ਹੈਲਥ ਏਜੰਸੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਾਰੇ ਨੇੜਲੇ ਕਾਂਟੈਕਟਸ ਨੂੰ ਆਗਾਹ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਘਰ ਰਹਿ ਕੇ ਆਪਣੇ ਲੱਛਣਾਂ ਦੀ ਨਿਗਰਾਨੀ ਕਰਨ ਲਈ ਆਖਿਆ ਗਿਆ ਹੈ। ਟੀਪੀਐਚ ਨੇ ਟਵਿੱਟਰ ਉੱਤੇ ਵੀ ਇਹ ਲਿਖਿਆ ਕਿ ਅਸੀਂ ਸਕੂਲ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਤੇ ਸਟਾਫ, ਵਿਦਿਆਰਥੀਆਂ ਤੇ ਕਮਿਊਨਿਟੀ ਦੀ ਹਿਫਾਜ਼ਤ ਲਈ ਸਕੂਲ ਨੂੰ ਕੁੱਝ ਸਮੇਂ ਲਈ ਬੰਦ ਕਰਨ ਜਾ ਰਹੇ ਹਾਂ।




# ਹੈਮਿਲਟਨ ਵਿੱਚ ਸ਼ੂਟਿੰਗ ਤੋਂ ਬਾਅਦ ਇੱਕ ਵਿਅਕਤੀ ਜ਼ਖ਼ਮੀ

ਹੈਮਿਲਟਨ, 25 ਨਵੰਬਰ (ਪੋਸਟ ਬਿਊਰੋ) : ਹੈਮਿਲਟਨ ਵਿੱਚ ਗੋਲੀ ਚੱਲਣ ਤੋਂ ਬਾਅਦ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ।


ਹੈਮਿਲਟਨ ਪੁਲਿਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਯੌਰਕ ਏਰੀਆ ਤੇ ਓਲਡ ਗੁਐਲਫ ਰੋਡਜ਼ ਇਲਾਕੇ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਤੋਂ ਬਾਅਦ ਉਨ੍ਹਾਂ ਨੂੰ ਮੌਕੇ ਉੱਤੇ ਸੱਦਿਆ ਗਿਆ। ਇੱਕ ਵਿਅਕਤੀ ਉੱਥੇ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਹਥਿਆਰਾਂ ਨਾਲ ਸਬੰਧਤ ਚਾਰਜਿਜ਼ ਲਈ ਗ੍ਰਿਫਤਾਰ ਕੀਤਾ ਗਿਆ। ਇਸ ਮਾਮਲੇ ਵਿੱਚ ਅਜੇ ਪੂਰਾ ਵੇਰਵਾ ਹਾਸਲ ਨਹੀਂ ਹੋ ਸਕਿਆ।

# ਸਕਿਊਰਿਟੀ ਦੀ ਉਲੰਘਣਾਂ ਕਰਨ ਦੇ ਮਾਮਲੇ ਵਿੱਚ ਸਰਕਾਰੀ ਮੁਲਾਜ਼ਮ ਸਮੇਤ 2 ਗ੍ਰਿਫਤਾਰ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਕੋਵਿਡ-19 ਵੈਕਸੀਨ ਸਿਸਟਮ ਵਿੱਚ ਸੰਨ੍ਹ ਲਾਉਣ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।




ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਸਾਈਬਰਸਕਿਊਰਿਟੀ ਦੀ ਉਲੰਘਣਾਂ ਕਰਨ ਵਾਲੇ ਦੋ ਮਸ਼ਕੂਕਾਂ ਨੂੰ ਉਨ੍ਹਾਂ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀ ਵਿੱਚੋਂ ਇੱਕ ਪ੍ਰੋਵਿੰਸ਼ੀਅਲ ਸਰਕਾਰ ਦਾ ਮੁਲਾਜ਼ਮ ਵੀ ਹੈ। ਪੁਲਿਸ ਨੇ ਗਲੌਸੈਸਟਰ, ਓਨਟਾਰੀਓ ਦੇ 21 ਸਾਲਾ ਅਯੂਬ ਸਈਅਦ ਗ੍ਰਿਫਤਾਰ ਕੀਤਾ ਹੈ, ਜੋ ਕਿ ਵੈਕਸੀਨ ਕਾਂਟੈਕਟ ਸੈਂਟਰ ਵਿੱਚ ਕੰਮ ਕਰਦਾ ਹੈ ਤੇ ਉਹ ਮਨਿਸਟਰੀ ਆਫ ਗਵਰਮੈਂਟ ਐਂਡ ਕੰਜ਼ਿਊਮਰ ਸਰਵਿਸਿਜ਼ ਦਾ ਮੁਲਾਜ਼ਮ ਹੈ।

ਪੁਲਿਸ ਨੇ ਕਿਊਬਿਕ ਦੇ 22 ਸਾਲਾ ਰਹੀਮ ਅਬਦੂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਦੋਵਾਂ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਨੂੰ ਕ੍ਰਿਮੀਨਲ ਕੋਡ ਦੀ ਧਾਰਾ 342•1 ਤਹਿਤ ਚਾਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ ਤੇ ਜਲਦ ਹੀ ਉਨ੍ਹਾਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

ਫੋਰਡ ਸਰਕਾਰ ਵੱਲੋਂ ਇਸ ਉਲੰਘਣਾਂ ਦੀ ਜਾਂਚ ਕਰਨ ਲਈ ਆਖਿਆ ਗਿਆ ਜਿਸ ਤੋਂ ਬਾਅਦ ਪੁਲਿਸ ਨੇ ਇਸ ਹਫਤੇ ਸਰਚ ਵਾਰੰਟ ਕੱਢਕੇ ਇਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ। ਜ਼ਿਕਰਯੋਗ ਹੈ ਕਿ ਕੁੱਝ ਓਨਟਾਰੀਓ ਵਾਸੀਆਂ, ਜਿਨ੍ਹਾਂ ਨੇ ਸਿਸਟਮ ਰਾਹੀਂ ਵੈਕਸੀਨੇਸ਼ਨ ਬੁੱਕ ਕਰਵਾਈਆਂ, ਨੂੰ ਸਪੈਮ ਟੈਕਸਟ ਮੈਸੇਜ ਮਿਲੇ ਸਨ।

# ਰਾਜ ਭਾਸ਼ਣ ਵਿੱਚ ਵੀ ਆਪਣੇ ਚੋਣ ਵਾਅਦਿਆਂ ਨੂੰ ਹੀ ਦੁਹਰਾਉਣਗੇ ਲਿਬਰਲ

ਓਟਵਾ, 25 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅੱਜ ਆਪਣੀ ਲਿਬਰਲ ਪਾਰਟੀ ਦਾ ਏਜੰਡਾ ਰਾਜ ਭਾਸ਼ਣ ਰਾਹੀਂ ਪੇਸ਼ ਕਰਨਗੇ।



ਲਿਬਰਲਾਂ ਨੂੰ ਦੂਜੀ ਵਾਰੀ ਘੱਟ ਗਿਣਤੀ ਸਰਕਾਰ ਬਣਾਉਣ ਦਾ ਮੌਕਾ ਮਿਲਣ ਤੋਂ ਬਾਅਦ ਸੰਸਦ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਇਹ ਰਾਜ ਭਾਸ਼ਣ ਦੇਣ ਦਾ ਮੌਕਾ ਮਿਲਿਆ ਹੈ ਤੇ ਇਸ ਨੂੰ ਕਾਫੀ ਨਿੱਕਾ ਰੱਖੇ ਜਾਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਲਿਬਰਲਾਂ ਵੱਲੋਂ ਕੋਈ ਨਵੇਂ ਦਾਅਵੇ ਨਹੀਂ ਕੀਤੇ ਜਾਣ ਵਾਲੇ, ਨਾ ਹੀ ਉਹ ਕੋਈ ਸਰਪ੍ਰਾਈਜ਼ ਹੀ ਦੇਣਾ ਚਾਹੁੰਦੇ ਹਨ। ਜਿਹੜਾ ਕੁੱਝ ਲਿਬਰਲਾਂ ਵੱਲੋਂ ਚੋਣਾਂ ਦੌਰਾਨ ਆਪਣੇ ਪਲੇਟਫਾਰਮ ਵਿੱਚ ਆਖਿਆ ਗਿਆ ਸੀ ਉਹੋ ਕੁੱਝ ਇਸ ਭਾਸ਼ਣ ਵਿੱਚ ਬੋਲਿਆ ਜਾਵੇਗਾ।

ਇਹ ਰਾਜ ਭਾਸ਼ਣ ਕਿਸੇ ਹੋਰ ਵੱਲੋਂ ਨਹੀਂ ਸਗੋਂ ਕੈਨੇਡਾ ਦੇ ਗਵਰਨਰ ਜਨਰਲ ਦੇ ਅਹੁਦੇ ਉੱਤੇ ਵਿਰ-ਾਜਮਾਨ ਪਹਿਲੀ ਇੰਡੀਜੀਨਸ ਮਹਿਲਾ ਮੈਰੀ ਸਾਈਮਨ ਵੱਲੋਂ ਦਿੱਤਾ ਜਾਵੇਗਾ। ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਸਾਈਮਨ ਵੱਲੋਂ ਸੈਨੇਟ ਵਿੱਚ ਅਹਿਮ ਹਸਤੀਆਂ, ਸੈਨੇਟਰਜ਼ ਤੇ ਗਿਣੇ ਚੁਣੇ ਐਮਪੀਜ਼ ਸਾਹਮਣੇ ਹੀ ਇਹ ਭਾਸ਼ਣ ਦਿੱਤਾ ਜਾਵੇਗਾ। ਇਸ ਦੌਰਾਨ ਉਚੇਚਾ ਧਿਆਨ ਕੋਵਿਡ-19 ਖਿਲਾਫ ਲੜਾਈ ਨੂੰ ਖ਼ਤਮ ਕਰਨ, ਵਧੇਰੇ ਲਚੀਲਾ ਤੇ ਗ੍ਰੀਨ ਅਰਥਚਾਰਾ ਲਿਆਉਣ ਵੱਲ ਦਿੱਤਾ ਜਾਵੇਗਾ।

ਰਾਜ ਭਾਸ਼ਣ ਵਿੱਚ ਬਹੁਤਾ ਵੇਰਵਾ ਨਹੀਂ ਦਿੱਤਾ ਜਾਂਦਾ ਤੇ ਇਸ ਵਾਰੀ ਵੀ ਕੋਈ ਖਾਸ ਜਾਣਕਾਰੀ ਇਸ ਤੋਂ ਹਾਸਲ ਹੋਣ ਦੀ ਉਮੀਦ ਨਹੀਂ ਹੈ। ਸਰਕਾਰ ਦੇ ਹਾਊਸ ਲੀਡਰ ਮਾਰਕ ਹੌਲੈਂਡ ਨੇ ਸੋਮਵਾਰ ਨੂੰ ਇਹ ਸੰਕੇਤ ਦਿੱਤਾ ਗਿਆ ਹੈ ਕਿ ਉਹ 17 ਦਸੰਬਰ ਨੂੰ ਹਾਲੀਡੇਅ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸੰਸਦ ਵਿੱਚ ਚਾਰ ਬਿੱਲ ਪਾਸ ਕਰਨਾ ਚਾਹੁੰਦੇ ਹਨ।




# ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਦੇ ਆਪਣੇ ਟੀਚੇ ਪੂਰੇ ਕਰਨ ਲਈ ਸਹੀ ਰਾਹ ਉੱਤੇ ਹੈ ਟੋਰਾਂਟੋ

ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਦਾ ਕਹਿਣਾ ਹੈ ਕਿ ਉਹ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਲਈ ਮਿਥੇ ਆਪਣੇ ਟੀਚੇ ਮੁਤਾਬਕ ਸਹੀ ਦਿਸ਼ਾ ਵੱਲ ਚੱਲ ਰਹੇ ਹਨ।



ਸਿਟੀ ਦਾ ਕਹਿਣਾ ਹੈ ਕਿ 1990 ਦੇ ਮੁਕਾਬਲੇ 2019 ਵਿੱਚ ਗ੍ਰੀਨਹਾਊਸ ਗੈਸਾਂ ਦਾ ਰਿਸਾਅ 38 ਫੀ ਸਦੀ ਘੱਟ ਰਿਹਾ। ਟੋਰਾਂਟੋ ਨੇ 2020 ਤੱਕ 30 ਫੀ ਸਦੀ ਰਿਸਾਅ ਘਟਾਉਣ ਦਾ ਟੀਚਾ ਮਿਥਿਆ ਸੀ, 2030 ਤੱਕ 65 ਫੀ ਸਦੀ ਤੇ 2050 ਤੱਕ ਜ਼ੀਰੋ ਰਿਸਾਅ ਦਾ ਟੀਚਾ ਮਿਥਿਆ ਸੀ। ਸਿਟੀ ਦਾ ਕਹਿਣਾ ਹੈ ਕਿ ਰੈਜ਼ੀਡੈਂਸ਼ੀਅਲ, ਕਮਰਸ਼ੀਅਲ ਤੇ ਇੰਡਸਟਰੀਅਲ ਬਿਲਡਿੰਗਜ਼ 57 ਫੀ ਸਦੀ ਰਿਸਾਅ ਲਈ ਜ਼ਿੰਮੇਵਾਰ ਹਨ ਤੇ ਅਜਿਹਾ ਮੁੱਖ ਤੌਰ ਉੱਤੇ ਇਨ੍ਹਾਂ ਇਮਾਰਤਾਂ ਨੂੰ ਨਿੱਘਾ ਰੱਖਣ ਲਈ ਵਰਤੀ ਜਾਂਦੀ ਕੁਦਰਤੀ ਗੈਸ ਕਾਰਨ ਹੈ।

ਰਿਸਾਅ ਦਾ ਦੂਜਾ ਵੱਡਾ ਸਰੋਤ ਟਰਾਂਸਪੋਰਟੇਸ਼ਨ ਹੈ ਜੋ 36 ਫੀ ਸਦੀ ਰਿਸਾਅ ਲਈ ਜ਼ਿੰਮੇਵਾਰ ਹੈ। ਗੱਡੀਆਂ ਲਈ ਗੈਸੋਲੀਨ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਦਾ ਮੁੱਖ ਕਾਰਨ ਹੈ। ਸਿਟੀ ਨੇ ਆਖਿਆ ਕਿ ਜੇ ਉਹ 2030 ਤੱਕ ਆਪਣਾ ਟੀਚਾ ਪੂਰਾ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਤੇਜ਼ੀ ਨਾਲ ਇਸ ਰਿਸਾਅ ਨੂੰ ਘਟਾਉਣਾ ਹੋਵੇਗਾ।

## ਅੱਜ ਨਾਮਾ

ਪੈਸਾ ਕੋਲ ਕੋਈ ਨਾ, ਚੱਲਦਾ ਦੇਸ਼ ਕਿੱਦਾਂ,
ਫਸਿਆ ਮੁਲਕ ਹੈਜੀ ਪਾਕਿਸਤਾਨ ਬੇਲੀ।
ਭੋਰਾ ਚਾਅ ਨਾ ਰਿਹਾ ਜੀ ਅਹੁਦਿਆਂ ਦਾ,
ਥਾਂ-ਥਾਂ ਕਲਪਦਾ ਫਿਰੇ ਇਮਰਾਨ ਬੇਲੀ।
ਆਟੇ-ਦਾਲ ਦੀ ਘਾਟ ਜਿਹੀ ਬਹੁਤ ਆਈ,
ਮੁਸ਼ਕਲ ਬਹੁਤ ਹੈ ਕਰਨ ਗੁਜ਼ਰਾਨ ਬੇਲੀ।
ਪਲਟਾ ਫੌਜ ਨਹੀਂ ਮਾਰ ਜਾਏ ਤਾੜ ਵੇਲਾ,
ਇਹੀਓ ਸੰਸਾ ਸੁਕਾਉਂਦਾ ਹੈ ਜਾਨ ਬੇਲੀ।
ਪੱਛੋਤਾਵੇ ਪਿਆ ਬਹੁਤ ਇਮਰਾਨ ਕਹਿੰਦੇ,
ਬੈਠਾ ਕੁਰਸੀ ਨੂੰ ਸੈਨਤ ਜਿਹੀ ਮਾਰ ਬੇਲੀ।
ਕਰ ਗਏ ਕਈ ਕਮਾਈਆਂ ਨੇ ਵੇਖ ਮੌਕਾ,
ਮੁਸ਼ਕਲ ਆਈ ਤਾਂ ਨਿਭੇ ਨਾ ਯਾਰ ਬੇਲੀ।

**ਤੀਸ ਮਾਰ ਖਾਂ**

# ਹੰਗਾਮੇ ਵਾਲੇ ਸੈਸ਼ਨ ਵਿੱਚ ਪਟਿਆਲੇ ਦਾ ਮੇਅਰ ਸੰਜੀਵ ਬਿੱਟੂ ਸਸਪੈਂਡ


### * ਸੀਨੀਅਰ ਡਿਪਟੀ ਮੇਅਰ ਯੋਗਿੰਦਰ ਸਿੰਘ ਯੋਗੀ ਨੂੰ ਚਾਰਜ ਮਿਲਿਆ

ਪਟਿਆਲਾ, 25 ਨਵੰਬਰ, (ਪੋਸਟ ਬਿਊਰੋ)- ਇਸ ਸ਼ਾਹੀ ਸ਼ਹਿਰ ਦੇ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਅਹੁਦੇ ਤੋਂ ਲਾਹੁਣ ਲਈ ਸੱਦਿਆ ਨਗਰ ਨਿਗਮ ਦਾ ਜਨਰਲ ਹਾਊਸ ਅੱਜ ਜੰਗ ਦਾ ਮੈਦਾਨ ਬਣ ਗਿਆਤੇ ਫਿਰ ਰਾਮ ਰੌਲੇ, ਝਗੜੇ, ਤੂੰ-ਤੂੰ, ਮੈਂ-ਮੈਂ ਤੋਂ ਬਾਅਦ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਸਸਪੈਂਡ ਕਰ ਦਿੱਤਾ ਤੇ ਉਸ ਦੀ ਥਾਂ ਸੀਨੀਅਰ ਡਿਪਟੀ ਮੇਅਰ ਯੋਗਿੰਦਰ ਸਿੰਘ ਯੋਗੀ ਨੂੰ ਕਾਰਜਕਾਰੀ ਮੇਅਰ ਬਣਾ ਦਿੱਤਾ।ਵਰਨਣ ਯੋਗ ਹੈ ਕਿ ਇਸ ਅਜਲਾਸ ਮੌਕੇ ਕਈ ਜ਼ਿਲਿਆਂ ਦੀ ਪੁਲਸ ਸਖਤ ਸੁਰੱਖਿਆ ਲਈ ਸੱਦੀ ਗਈ ਸੀ।

ਪਟਿਆਲਾ ਨਗਰ ਨਿਗਮ ਦੇ ਜਨਰਲ ਹਾਊਸ ਦੇ 60 ਕੌਂਸਲਰਾਂ ਤੋਂ ਇਲਾਵਾ ਪਟਿਆਲਾ ਸ਼ਹਿਰੀ ਦੇ ਵਿਧਾਇਕ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ, ਪਟਿਆਲਾ ਦਿਹਾਤੀ ਦੇ ਵਿਧਾਇਕ ਤੇ ਲੋਕਲ ਬਾਡੀਜ਼ ਦੇ ਮੰਤਰੀ ਬ੍ਰਹਮ ਮਹਿੰਦਰਾ ਅਤੇ ਹਲਕਾ ਘਨੌਰ ਦੇ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੀਆਂ ਤਿੰਨ ਵੋਟਾਂ ਸਣੇ ਹਾਊਸਦੇ 63 ਮੈਂਬਰ ਬਣਦੇ ਸਨ, ਜਿਨ੍ਹਾਂ ਵਿੱਚੋਂ ਇੱਕ ਕੌਂਸਲਰ ਅੱਜ ਗੈਰ-ਹਾਜ਼ਰ ਰਿਹਾ ਅਤੇ 62 ਮੈਂਬਰ ਸਨ। ਅੱਧਾ ਘੰਟਾ ਚੱਲੇ ਟਕਰਾਅ ਤੋਂ ਬਾਅਦ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਬਹੁਮਤ ਦਾ ਮਤਾ ਪਾਸ ਕਰਾਉਣ ਲਈ ਕਿਹਾ ਤਾਂ ਓਥੇ ਬੈਠੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨੇ ਵਿਰੋਧ ਕਰਦਿਆਂ ਕਿਹਾ ਕਿ ਉਸ ਨੇ ਭਰੋਸੇ ਦਾ ਮਤਾ ਨਹੀਂ ਲਿਆਉਣਾ, ਤੁਸੀਂ ਬੇਭਰੋਸਗੀ ਮਤਾ ਤੁਸੀਂ ਪੇਸ਼ ਕਰਨਾ ਹੈ, ਤੁਸੀਂ ਆਪਣੇ ਪੱਖ ਦੇ 42 ਮੈਂਬਰ ਦਿਖਾਓ। ਫਿਰ ਬਹਿਸ ਤੋਂ ਬਾਅਦ ਵੋਟਿੰਗ ਹੋਈ ਤਾਂ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਸਿਰਫ 25 ਵੋਟਾਂ ਪਈਆਂ, ਜਦਕਿ ਲੋਕਲ ਬਾਡੀਜ਼ ਮੰਤਰੀ ਦੀ ਅਗਵਾਈ ਵਿੱਚ ਆਏ 36 ਕਾਂਗਰਸੀ ਮੈਂਬਰ ਉਸ ਦੇ ਵਿਰੁੱਧ ਭੁਗਤੇ।ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਵੋਟ ਨਹੀਂ ਪਾਈ, ਪਰ ਹੋਰ ਅਕਾਲੀ ਕੌਂਸਲਰਾਂ ਨੇ ਆਪਣੀ ਵੋਟ ਪਾਈ ਤੇ ਇਹ ਭੇਤ ਬਣਿਆ ਰਿਹਾ ਕਿ ਉਹ ਕਿਸ ਨੂੰਭੁਗਤੇ ਹਨ।ਹਾਊਸ ਦੇ ਸੈਕਟਰੀ ਵੱਲੋਂ ਵੋਟਾਂ ਦੀ ਗਿਣਤੀ ਦੇ ਐਲਾਨ ਕਰਨ ਦੇ ਬਾਅਦ ਦੋਵੇਂ ਧਿਰਾਂ ਆਪੋ-ਆਪਣੀ ਜਿੱਤ ਉੱਤੇ ਅੜਨ ਲੱਗੀਆਂ ਤਾਂ ਲੋਕਲ ਬਾਡੀਜ਼ ਮੰਤਰੀ ਨੇ ਕਿਹਾ ਕਿ ਮੇਅਰ ਸੰਜੀਵ ਸ਼ਰਮਾ ਬਿੱਟੂ ਨੂੰ ਬਹੁਮਤ ਲਈ 31 ਵੋਟ ਚਾਹੀਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬੇਭਰੋਸਗੀ ਮਤੇ ਨਾਲ ਸੰਜੀਵ ਬਿੱਟੂਅਹੁਦੇ ਤੋਂ ਲਾਹੁਣ ਲਈਤੁਹਾਨੂੰ 42 ਵੋਟ ਚਾਹੀਦੇ ਹਨ।ਇਸ ਨਾਲ ਹਾਊਸ ਵਿੱਚ ਰੌਲਾ ਪੈ ਗਿਆ ਤੇ ਇਸਦੌਰਾਨ ਲੋਕਲ ਬਾਡੀਜ਼ ਮੰਤਰੀ ਦੀ ਅਗਵਾਈ ਵਿਚ 36 ਕੌਂਸਲਰ ਬਾਹਰ ਨਿਕਲਣ ਪਿੱਛੋਂ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ 36 ਵੋਟਾਂ ਸਾਨੂੰ ਪਈਆਂ ਹਨ, ਮੇਅਰ ਸੰਜੀਵ ਬਿੱਟੂ ਭਰੋਸੇ ਦਾ ਵੋਟ ਨਹੀਂ ਲੈ ਸਕੇ ਤੇ ਉਨ੍ਹਾਂ ਨੂੰ ਸਸਪੈਂਡ ਕਰ ਕੇ ਉਨ੍ਹਾਂ ਦੀ ਥਾਂ ਸੀਨੀਅਰ ਡਿਪਟੀ ਮੇਅਰ ਯੋਗਿਦਰ ਸਿੰਘ ਯੋਗੀ ਨੂੰ ਕਾਰਜਕਾਰੀ ਮੇਅਰ ਬਣਾ ਦਿੱਤਾ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਗੱਲ ਬੇਭਰੋਸਗੀ ਮਤੇ ਦੀ ਸੀ ਤਾਂ ਲੋਕਲ ਬਾਡੀਜ਼ ਮੰਤਰੀ ਨੇ ਕਿਹਾ ਕਿ ਮੇਅਰ ਸੰਜੀਵ ਬਿੱਟੂ ਨੇ ਪਹਿਲਾ ਏਜੰਡਾ ਖੁਦ ਹੀ ਤਿੰਨ ਦਿਨ ਪਹਿਲਾਂ ਜਾਰੀ ਕੀਤਾ ਸੀ ਕਿ ਉਹ ਭਰੋਸੇ ਦੇ ਵੋਟ ਲਈ ਹਾਊਸ ਸੱਦ ਰਹੇ ਹਨ, ਫਿਰਉਨ੍ਹਾਂ ਨੇ ਸਪਲੀਮੈਂਟਰੀ ਏਜੰਡਾ ਜਾਰੀ ਕਰ ਦਿੱਤਾ ਕਿ ਉਸ ਦੇ ਖਿਲਾਫ ਬੇਭਰੋਸਗੀ ਮਤਾ ਲਿਆਉਣ ਲਈ ਹਾਊਸ ਸੱਦਿਆ ਜਾਂਦਾ ਹੈ।

ਇਸ ਤੋਂ ਤਿੰਨ ਦਿਨ ਪਹਿਲਾਂ ਜਦੋਂ 40 ਦੇ ਕਰੀਬ ਕੌਂਸਲਰਾਂ ਨੇ ਮੇਅਰ ਸੰਜੀਵ ਬਿੱਟੂ ਨੂੰ ਲਿਖ ਕੇ ਕਿਹਾ ਕਿ ਉਹ ਬਹੁਮਤ ਸਾਬਤ ਕਰਨ ਤਾਂ ਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਪਹਿਲੇ ਏਜੰਡੇ ਵਿੱਚ ਇਹੀ ਲਿਖਿਆ ਸੀ ਕਿ ਉਹ ਭਰੋਸੇ ਦਾ ਵੋਟ ਲੈਣ ਲਈ ਜਨਰਲ ਹਾਊਸ ਸੱਦਦੇ ਹਨ।ਪਿੱਛੋਂ ਉਨ੍ਹਾਂ ਨੇ ਦੂਸਰਾ ਏਜੰਡਾ ਜਾਰੀ ਕੀਤਾ ਕਿ ਉਨ੍ਹਾਂ ਵਿਰੁੱਧ ਲਿਖਣ ਵਾਲੇ ਕੌਂਸਲਰ ਉਨ੍ਹਾਂ ਵਿਰੁੱਧ ਬੇਭਰੋਸਗੀ ਮਤਾ ਲਿਆਉਣਗੇ। ਇਸ ਪਿੱਛੋਂ ਅੱਜ ਮੇਅਰ ਨੂੰ ਅਹੁਦੇ ਤੋਂ ਲਾਹੁਣ ਲਈ ਹਾਊਸ ਦੇ62 ਕੌਂਸਲਰਾਂ ਵਿੱਚੋਂ 41 ਵੋਟਾਂ ਦੀ ਲੋੜ ਸੀ, ਪਰ ਕਾਂਗਰਸ ਧੜੇ ਨੂੰ 36 ਵੋਟਾਂ ਪਈਆਂ, ਜਿਸ ਕਾਰਨ ਮੇਅਰ ਨੂੰ ਅਹੁਦੇ ਤੋਂ ਲਾਹੁਣ ਦੀ ਥਾਂ ਸਸਪੈਂਡ ਕਰ ਦਿੱਤਾ ਗਿਆ।ਇਸ ਪਿੱਛੋਂਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਪ੍ਰੈੱਸ ਨੂੰ ਕਿਹਾ ਕਿ ਉਨ੍ਹਾਂ ਨੂੰ ਸਸਪੈਂਡ ਨਹੀਂ ਕੀਤਾ ਜਾ ਸਕਦਾ, ਉਹ ਇਸ ਵਿਰੁੱਧਕੋਰਟ ਜਾਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਨੂੰ ਧੱਕੇ ਮਾਰੇ ਗਏ, ਜਿਸ ਨਾਲ ਲੋਕਤੰਤਰ ਦਾ ਘਾਣ ਕੀਤਾ ਗਿਆ ਹੈ।ਬਿੱਟੂ ਨੇ ਕਿਹਾ ਕਿ ਲੋਕਲ ਬਾਡੀਜ਼ ਮੰਤਰੀ ਨੇ ਸ਼ਰਮ ਲਾਹ ਦਿੱਤੀ। ਉਨ੍ਹਾਂ ਕਿਹਾ ਕਿ 42 ਕੌਂਸਲਰ ਨਾ ਲਿਆ ਸਕਣ ਕਾਰਨ ਡਰਾਮਾ ਕੀਤਾ ਗਿਆ ਹੈ।

ਅੱਜ ਦੇ ਸਾਰੇ ਸਿਆਸੀ ਡਰਾਮੇ ਵਿੱਚ ਸਰਗਰਮ ਰਹੇ ਕੈਪਟਨ ਅਮਰਿੰਦਰ ਸਿੰਘ ਨੇ ਪ੍ਰੈੱਸ ਕਾਨਫੰਰਸ ਵਿੱਚ ਕਿਹਾ ਕਿ ਇਹ ਸਾਫ ਹੈ ਕਿ ਮੇਅਰ ਨੂੰ ਅਹੁਦੇ ਤੋਂ ਲਾਹੁਣ ਲਈ 41 ਕੌਂਸਲਰ ਚਾਹੀਦੇ ਸਨ ਤੇ ਓਧਰ ਮਸਾਂ 35 ਹਨ ਤਾਂ ਬਾਕੀ ਕੀ ਰਹਿ ਜਾਂਦਾ ਹੈ।ਇਸ ਦੌਰਾਨ ਲੋਕ ਹੈਰਾਨ ਸਨ ਕਿ ਸਾਢੇ ਚਾਰ ਸਾਲ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਨੂੰ ਅੱਜ ਲੋਕਲ ਬਾਡੀਜ਼ ਮੰਤਰੀ ਨੇ ਇੱਕ ਤਰ੍ਹਾਂ ਅੱਗੇ ਲਾਇਆ ਪਿਆ ਸੀ। ਮੰਤਰੀ ਬ੍ਰਹਮ ਮਹਿੰਦਰਾ ਦੀਆਂ ਗੱਡੀਆਂ ਸਿੱਧੀਆਂ ਨਗਰ ਨਿਗਮ ਦੇ ਪੋਰਚ ਵਿੱਚ ਖੜੀਆਂ ਸਨ ਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਗੱਡੀਆਂ ਬਹੁਤ ਦੂਰ ਰੁਕਵਾਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਪੈਦਲ ਚੱਲ ਕੇ ਆਉਣਾ ਪਿਆ।ਫਿਰ ਨਗਰ ਨਿਗਮ ਦੇ ਗੇਟ ਉੱਤੇ ਕੈਪਟਨ ਅਮਰਿੰਦਰ ਸਿੰਘ ਨੂੰ ਛੋਟੇ-ਛੋਟੇ ਪੁਲਸ ਅਫਸਰਾਂ ਨੇ ਵਾਰ-ਵਾਰ ਖੜਾ ਰੱਖਿਆ, ਪਰਉਹ ਪ੍ਰਵਾਹ ਕੀਤੇ ਬਿਨਾਂ ਆਪਣੇ 25 ਮੈਂਬਰਲੈ ਕੇ ਅੰਦਰ ਗਏ।ਪਤਾ ਲੱਗਾ ਹੈ ਕਿ ਨਿਗਮ ਦੀ ਲਿਫਟ ਵੀ ਬੰਦ ਕਰ ਦਿੱਤੀ ਗਈ ਤੇ ਅਮਰਿੰਦਰ ਸਿੰਘ ਨੂੰ ਕਰੀਬ 10 ਮਿੰਟ ਨਿਗਮ ਦੀ ਬਾਲਕੋਨੀ ਖੜੇ ਰਹਿਣਾ ਪਿਆ ਅਤੇ ਫਿਰ ਉਹ ਪੌੜੀਆਂਰਾਹੀਂਜਨਰਲ ਹਾਊਸ ਤੱਕ ਗਏ।



## ਸੀਨੀਅਰ ਅਫਸਰ ਹੁਸਨ ਲਾਲ ਨੂੰ ਟਿਕਟ ਦੇਣ ਦਾ ਵਿਰੋਧ ਸ਼ੁਰੂ

ਚੰਡੀਗੜ੍ਹ, 25 ਨਵੰਬਰ, (ਪੋਸਟ ਬਿਊਰੋ)- ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਹਾਈ ਕਮਾਨ ਵੱਲੋਂ ਉਮੀਦਵਾਰਾਂ ਦਾ ਐਲਾਨ ਅਜੇ ਨਹੀਂ ਹੋਇਆ, ਪਰ ਚੋਣ ਲੜਨ ਦੇ ਚਾਹਵਾਨਾਂ ਨੇ ਜੋੜ-ਤੋੜ ਸ਼ੁਰੂ ਕਰ ਦਿੱਤੇ ਹਨ। ਬੰਗਾ ਵਿਧਾਨ ਸਭਾ ਹਲਕੇ ਤੋਂ ਸੀਨੀਅਰ ਆਈਏ ਐੱਸ ਅਧਿਕਾਰੀ ਹੁਸਨ ਲਾਲ ਨੂੰ ਕਾਂਗਰਸ ਵੱਲੋ ਚੋਣ ਲੜਾਉਣ ਦੇ ਫ਼ੈਸਲੇ ਦੀ ਚਰਚਾ ਪਿੱਛੋਂ ਸਥਾਨਕ ਕਾਂਗਰਸੀਆਂ ਨੇ ਦੁਹਾਈ ਸ਼ੁਰੂ ਕਰ ਦਿੱਤੀ ਹੈ। ਭਾਵੇਂ ਹੁਸਨ ਲਾਲ ਕਾਂਗਰਸ ਵੱਲਜਾਣ ਜਾਂਚੋਣ ਲੜਨ ਦੀਆਂ ਗੱਲਾਂ ਨੂੰ ਸਿਰੇ ਤੋਂ ਰੱਦਾ ਕੀਤਾ ਹੈ, ਪਰ ਸੱਤਾ ਦੇ ਗਲਿਆਰਿਆ ਵਿੱਚ ਚਰਚਾ ਹੈ ਕਿ ਕਾਂਗਰਸ ਵੱਲੋਂ ਬੰਗਾ ਤੋਂ ਉਹ ਹੀ ਉਮੀਦਵਾਰ ਬਣਾਏ ਜਾ ਸਕਦੇ ਹਨ। ਦੋ ਵਾਰ ਅਕਾਲੀ ਦਲ ਵੱਲੋਂ ਵਿਧਾਇਕ ਰਹੇ ਮੋਹਨ ਲਾਲ ਬੰਗਾ ਨੇ ਕਿਸੇ ਆਗੂ ਦੀ ਥਾਂ ਅਫਸਰ ਨੂੰ ਟਿਕਟ ਦੇਣ ਦੇ ਰੋਸ ਵਜੋਂ ਅੱਜ ਜੁੱਤੀਆਂ ਪਾਲਿਸ਼ ਕਰ ਕੇ ਆਪਣਾ ਵਿਰੋਧ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਕੋਲ ਇਸ ਦੇ ਬਿਨਾਂ ਕੋਈ ਚਾਰਾ ਹੀ ਨਹੀਂ ਰਿਹਾ।

ਮੋਹਨ ਲਾਲ ਨੇ ਕਿਹਾ ਕਿ ਉਹ ਦੋ ਵਾਰ ਵਿਧਾਇਕ ਰਹੇ ਤੇ ਪਿਛਲੇ ਲੰਬੇ ਸਮੇਂ ਤੋਂ ਲੋਕਾਂ ਦੀ ਸੇਵਾ ਕਰ ਰਹੇ ਹਨ। ਜੇ ਰਾਜਸੀ ਆਗੂਆਂ ਦੀ ਥਾਂ ਅਫਸਰਾਂ ਨੂੰ ਟਿਕਟਾਂ ਦੇਣੀਆਂ ਹਨ ਤਾਂ ਉਨ੍ਹਾਂ ਕੋਲ ਪਿਤਾ-ਪੁਰਖੀ ਕੰਮ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬਾਬੇ-ਪੜਦਾਦੇ ਜੁੱਤੀਆਂ ਪਾਲਿਸ਼ ਕਰਦੇ ਸਨ, ਇਸ ਲਈ ਰੋਸ ਵਜੋਂ ਅੱਜ ਉਨ੍ਹਾਂ ਨੇ ਪਾਲਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁਆਬੇ ਦੇ ਇਕ ਮੰਤਰੀ ਨੇ ਮੁੱਖ ਮੰਤਰੀ ਦੇ ਸੁਨੇਹੇ ਵਜੋਂ ਉਨ੍ਹਾਂ ਨੂੰ ਕਿਹਾ ਕਿ ਮੁੱਖ ਮੰਤਰੀ ਏਥੋਂ ਆਈਏ ਐੱਸ ਅਫਸਰ ਹੁਸਨ ਲਾਲ ਨੂੰ ਟਿਕਟ ਦੇਣਾ ਚਾਹੁੰਦੇ ਹਨ, ਇਸ ਲਈ ਤੁਸੀਂ ਕੋਈ ਹੋਰ ਥਾਂ ਲੱਭ ਲਵੋ।ਉਂਜ ਪਿਛਲੇ ਦਿਨੀਂ ਬੰਗਾ ਹਲਕੇ ਦੇ ਮੁੱਖ ਮੰਤਰੀ ਦੇ ਦੌਰੇ ਦੌਰਾਨ ਹੁਸਨ ਲਾਲ ਨੂੰ ਸਟੇਜ ਤੋਂ ਹਲਕੇ ਦੇ ਉਮੀਦਵਾਰ ਵਾਂਗ ਹੀ ਪੇਸ਼ ਕੀਤਾ ਗਿਆ ਸੀ ਅਤੇ ਹਲਕੇ ਦੇ ਲੋਕਾਂ ਨੂੰ ਆਪਣੇ ਕੰਮਕਾਰ ਕਰਾਉਣ ਲਈ ਉਸੇ ਨਾਲ ਸੰਪਰਕ ਕਰਨ ਨੂੰ ਕਿਹਾ ਗਿਆ ਸੀ। ਮੋਹਨ ਲਾਲ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਚੌਧਰੀ ਸਰਵਨਾ ਰਾਮ ਨੇ ਵੀ ਸਿਆਸਤ ਵਿੱਚ ਲੋਕਾਂ ਦੀ ਸੇਵਾ ਕੀਤੀ ਸੀ, ਪਰ ਕਾਂਗਰਸ ਨੇ ਸਿਆਸੀ ਆਗੂ ਰੱਦ ਕਰ ਕੇ ਅਫਸਰ ਅੱਗੇ ਕਰ ਦਿੱਤਾ ਹੈ।

# ਫਾਸਟਵੇਅ ਗਰੁਪ ਦੇ ਮਾਲਕ ਤੇ ਕਈ ਠੇਕੇਦਾਰਾਂ ਦੇ ਟਿਕਾਣਿਆਂ ਉੱਤੇ ਈ ਡੀ ਵੱਲੋਂ ਛਾਪੇ

ਚੰਡੀਗੜ੍ਹ, 25 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਇੱਕ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇਅੱਜ ਪੰਜਾਬ ਵਿੱਚਕਈ ਥਾਂ ਛਾਪੇਮਾਰੇ। ਪੰਜਾਬ ਸਟੇਟ ਵਿਜੀਲੈਂਸ ਬਿਊਰੋ ਵੱਲੋਂ ਸਾਲ 2017 ਵਿੱਚ ਦਰਜ ਕੀਤੇ ਕੇਸ ਦੇ ਆਧਾਰ ਉੱਤੇਈ ਡੀ ਵੱਲੋਂ ਇਹ ਕਾਰਵਾਈ ਕੀਤੀ ਦੱਸੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਈ ਡੀ ਨੇ ਅੱਜ ਵੀਰਵਾਰ ਸਵੇਰੇ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮ ਐਲਏ) ਹੇਠਫਾਸਟਵੇਅ ਕੇਬਲ ਨੈੱਟਵਰਕ ਅਤੇ ਜੁਝਾਰ ਬੱਸ ਸਰਵਿਸ ਦੇ ਮਾਲਕ ਗੁਰਦੀਪ ਸਿੰਘ ਦੇ ਲੁਧਿਆਣਾ ਵਿਚਲੇ ਕਈ ਟਿਕਾਣਿਆਂ ਉੱਤੇਛਾਪੇਮਾਰੇ ਹਨ।ਦੱਸਿਆ ਜਾਂਦਾ ਹੈ ਕਿ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਸਾਬਕਾ ਚੀਫ ਇੰਜੀਨੀਅਰ ਸੁਰਿੰਦਰ ਪਾਲ ਸਿੰਘ ਨਾਲ ਗੁਰਦੀਪ ਸਿੰਘ ਜੁਝਾਰਦੇ ਸਬੰਧਾਂਬਾਰੇ ਈ ਡੀ ਅਧਿਕਾਰੀ ਜਾਂਚ ਕਰ ਰਹੇ ਹਨ। ਇਸ ਸਾਲ ਦੇ ਸ਼ੁਰੂਵਿੱਚਪੰਜਾਬ ਵਿਜੀਲੈਂਸ ਦੀ ਜਾਂਚ ਦੇ ਆਧਾਰ ਉੱਤੇਈ ਡੀ ਨੇ ਜਲੰਧਰ ਵਾਲੇ



ਆਪਣੇ ਜ਼ੋਨਲ ਦਫਤਰ ਵਿੱਚ ਮਨੀ ਲਾਂਡਰਿੰਗ ਕੇਸ ਦਰਜ ਕੀਤਾ ਸੀ। ਸੁਰਿੰਦਰ ਪਾਲ ਸਿੰਘ ਉਰਫ ਪਹਿ-ਲਵਾਨ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਵਜੋਂ ਜਾਣਿਆ ਜਾਂਦਾ ਹੈ। ਪਤਾ ਲੱਗਾ ਹੈ ਕਿ ਸੁਰਿੰਦਰ ਪਾਲ ਸਿੰਘ ਉਰਫ ਪਹਿ-ਲਵਾਨਪੰਜਾਬ ਵਿਜੀਲੈਂਸ ਨੇ 9 ਜੂਨ 2017 ਬਾਰੇ ਜਾਂਚ ਕੀਤੀ ਤਾਂ ਭੇਦ ਖੁੱਲ੍ਹਾ ਕਿ ਉਸਨੇ 1,200 ਕਰੋੜ ਰੁਪਏ ਦੇ ਕੰਮ ਬਹੁਤ ਵੱਡੇ ਰੇਟਾਂ ਉੱਤੇ ਅਲਾਟ ਕੀਤੇ ਸਨ ਤੇ ਉਸ ਉੱਤੇ ਜਾਅਲੀ ਫਰਮਾਂ ਤੇ ਪਰਿਵਾਰਕ ਮੈਂਬਰਾਂ ਦੇ ਖਾਤਿਆਂ ਵਿੱਚ ਆਪਣਾ ਕਾਲਾ ਧਨ ਜਮ੍ਹਾ ਕਰਨ ਦਾ ਦੋਸ਼ ਲੱਗਾ ਸੀ।ਉਹ 1993 ਵਿੱਚ ਪੰਜਾਬ ਮੰਡੀ ਬੋਰਡ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਭਰਤੀ ਹੋਇਆ, 2014 ਵਿੱਚ ਗਮਾਡਾ ਦਾ ਸੁਪਰਡੈਂਟ ਇੰਜੀਨੀਅਰ ਬਣਿਆ ਅਤੇ 2016 ਤੋਂ ਚੀਫ ਇੰਜੀਨੀਅਰ ਵਜੋਂ ਕੰਮ ਕਰਦਾ ਰਿਹਾ ਸੀ। ਸਤੰਬਰ 2019 ਵਿੱਚ ਵਿਜੀਲੈਂਸ ਬਿਊਰੋ ਨੇ ਮੋਹਾਲੀ ਦੀ ਅਦਾਲਤ ਦੇ ਹੁਕਮਾਂ ਉੱਤੇਉਸ ਦੀਆਂ 59 ਜਾਇਦਾਦਾਂ ਕੁਰਕ ਕੀਤੀਆਂ ਸਨ, ਜਿਨ੍ਹਾਂ ਦੀ ਕੀਮਤ 26 ਕਰੋੜ ਰੁਪਏ ਬਣਦੀ ਹੈ। ਵਿਜੀਲੈਂਸ ਨੇ ਇਸ ਕੇਸਵਿੱਚ ਪਹਿਲਵਾਨ ਅਤੇ ਹੋਰਨਾਂ ਵਿਰੁੱਧ ਚਾਰ ਚਲਾਨ ਪੇਸ਼ ਕੀਤੇ ਹਨ ਤੇਦੋਸ਼ ਸਨ ਕਿਉਸ ਨੇ ਪਰਿਵਾਰਕ ਮੈਂਬਰਾਂ ਦੇ ਨਾਂਤਿੰਨ ਫਰਜ਼ੀ ਕੰਪਨੀਆਂ ਰਜਿਸਟਰ ਕਰਵਾ ਕੇ ਬੈਂਕਾਂ ਰਾਹੀਂ ਸੈਂਕੜੇ ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਸੀ।

ਪਹਿਲਵਾਨ ਸੁਰਿੰਦਰ ਸਿੰਘ ਦੇ ਇਸ ਸਾਰੇ ਕਾਰੋਬਾਰ ਨਾਲ ਅਕਾਲੀ ਦਲ ਦੇ ਨੇੜਲੇ ਜੁਝਾਰ ਬੱਸ ਸਰਵਿਸ ਅਤੇ ਫਾਸਟਵੇਅ ਦੇ ਮਾਲਕ ਗੁਰਦੀਪ ਸਿੰਘ ਜੁਝਾਰਦਾ ਨਾਂਅ ਜੁੜਦਾ ਸੀ। ਇਸ ਕਾਰਨ ਅੱਜ ਗੁਰਦੀਪ ਸਿੰਘ ਜੁਝਾਰ ਦੇ ਘਰ ਅਤੇ ਦਫਤਰਾਂ ਉੱਤੇ ਵੀ ਕਈ ਥਾਂਈਂ ਛਾਪੇ ਮਾਰੇ ਗੇ ਹਨ।

# ਗੁਨਾਹਾਂ ਦੇ ਜ਼ਿਕਰ ਉੱਤੇ ਚੰਨੀ ਦਾ ਬਾਦਲਾਂ ਵਿਰੁੱਧ ਤਿੱਖਾ ਹਮਲਾ

### * ਕੇਜਰੀਵਾਲ ਨੂੰ ਵੀ ਵਾਅਦਿਆਂ ਲਈ ਆੜੇ ਹੱਥੀਂ ਲਿਆ

ਬਾਘਾ ਪੁਰਾਣਾ, 25 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੀ ਅੰਨ੍ਹੀ ਲੁੱਟ ਕਰਨ ਲਈ ਬਾਦਲ ਪਰਿਵਾਰ ਉਤੇ ਵਰ੍ਹਦਿਆਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਵੀਰਵਾਰ ਨੂੰ ਕਿਹਾ ਕਿ ਪੰਜਾਬ ਅਤੇ ਏਥੋਂ ਦੇ ਲੋਕਾਂ ਵਿਰੁੱਧ ਕੀਤੇ ਬੱਜਰ ਗੁਨਾਹਾਂ ਦੀ ਕੀਮਤ ਬਾਦਲਾਂ ਨੂੰ ਚੁਕਾਉਣੀ ਪਵੇਗੀ। ਏਥੇ ਅਨਾਜ ਮੰਡੀ ਵਿਖੇ ਮੁੱਖ ਮੰਤਰੀ ਵੱਲੋਂਲੋਕਾਂ ਨੂੰ ਸੰਬੋਧਨ ਕਰਨ ਮੌਕੇ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਮੌਜੂਦ ਸਨ।

ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਨੇ ਪੰਜਾਬ ਵਿਰੁੱਧ ਹਰ ਮਾੜੇ ਕੰਮ ਦੇ ਪਿੱਛੇ ਬਾਦਲਾਂ ਦਾ ਹੱਥ ਨਿਕਲਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੇਬਲ ਮਾਫੀਆ, ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਹੋਰ ਕਈ ਕਾਰੋਬਾਰ ਬਾਦਲਾਂ ਦੇ ਦੁਰ-ਪ੍ਰਬੰਧਵਿੱਚ ਵਧੇ-ਫੁੱਲੇ ਸਨ ਅਤੇ ਇਸ ਮਾਫੀਏ ਨੇ ਪੰਜਾਬ ਦੀ ਅੰਨ੍ਹੀ ਲੁੱਟ ਕੀਤੀ ਸੀ।ਉਨ੍ਹਾ ਕਿਹਾ ਕਿ ਅੱਜ ਜਦੋਂ ਉਨ੍ਹਾਂ ਨੇ ਬਾਦਲਾਂ ਦੀ ਸਰਪ੍ਰਸਤੀ ਵਾਲੇ ਮਾਫੀਏ ਵਿਰੁੱਧ ਲਗਾਮ ਕੱਸਣੀ ਸ਼ੁਰੂ ਕੀਤੀ ਹੈ ਤਾਂ ਉਹ ਆਪਣਾ ਬਚਾਅ ਕਰਨ ਲਈ ਇਧਰ-ਉਧਰ ਹੱਥ-ਪੈਰ ਮਾਰ ਰਹੇ ਹਨ, ਪਰ ਬਾਦਲਾਂ ਦੇ ਗੁਨਾਹ ਮੁਆਫੀ ਦੇ ਲਾਇਕ ਨਹੀਂ ਤੇ ਸਭ ਵਧੀਕੀਆਂ ਤੇ ਗਲਤੀਆਂ ਲਈ ਉਨ੍ਹਾਂ ਦੀ ਜੁਆਬਦੇਹੀ ਤੈਅ ਕੀਤੀ ਜਾਵੇਗੀ।



ਇਹੋ ਨਹੀਂ, ਅੱਜ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਐਵੇਂ ਅਫਵਾਹਾਂ ਫੈਲਾਉਣ ਵਾਲਾ ਸਿਆਸੀ ਆਗੂ ਕਿਹਾ, ਜਿਹੜਾਲੋਕਾਂ ਨੂੰ ਗੁੰਮਰਾਹ ਕਰ ਕੇ ਸੱਤਾ ਹਥਿਆਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਤੇ ਉਸ ਦੀ ਜੁੰਡਲੀ ਯਾਦ ਰੱਖੇ ਕਿ ਪੰਜਾਬੀ ਆਪਣੀ ਧਰਤੀ ਤੇ ਲੋਕਾਂ ਨੂੰ ਬੇਹੱਦ ਪਿਆਰ ਕਰਦੇ ਹਨ,ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਨੇ ਨਾ ਕਦੇ ਸੂਬੇ ਦੀ ਸੱਤਾ ਬਾਹਰੀ ਬੰਦੇ ਨੂੰਅਸੌਂਪੀ ਹੈ ਅਤੇ ਨਾ ਭਵਿੱਖ ਵਿੱਚ ਏਦਾਂ ਹੋਣ ਦੇਣਗੇ।ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਦਿੱਲੀ ਮਾਡਲ ਦਾ ਕੋਈ ਵਜੂਦਾ ਨਹੀਂ, ਜਦਕਿ ਕਾਂਗਰਸ ਦੇ ਪੰਜਾਬ ਮਾਡਲ ਨਾਲ ਲੋਕਾਂ ਨੂੰ ਵਧੀਆ ਸ਼ਾਸਨ ਦਿੱਤਾ ਜਾ ਰਿਹਾ ਹੈ।

## ਅਟਾਰੀ ਬਾਰਡਰ ਉਤੇ ਅਫਗਾਨੀ ਪਿਆਜ ਦੇ ਟਰੱਕ 'ਚ ਮਿਲੇ ਵਿਦੇਸ਼ ਪਟਾਕੇ ਤੇ ਡੈਟੋਨੇਟਰ

ਅੰਮ੍ਰਿਤਸਰ, 25 ਨਵੰਬਰ (ਪੋਸਟ ਬਿਊਰੋ)- ਆਈ ਸੀ ਪੀ ਅਟਾਰੀ ਬਾਰਡਰ ਉਤੇ ਇੱਕ ਕਿੱਲੋ ਹੈਰੋਇਨ ਜ਼ਬਤ ਕੀਤੇ ਜਾਣ ਦਾ ਮਾਮਲਾ ਅਜੇ ਠੰਡਾ ਵੀ ਨਹੀਂ ਹੋਇਆ ਕਿ ਹੁਣ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਪਿਆਜ਼ ਦੇ ਟਰੱਕ ਵਿੱਚ ਕਸਟਮ ਵਿਭਾਗ ਨੂੰ ਵਿਦੇਸ਼ੀ ਪਟਾਕਿਆਂ ਦੀ ਖੇਪ ਅਤੇ ਡੈਟੋਨੇਟਰ ਮਿਲੇ ਹਨ, ਜੋ ਦੇਖਣ ਵਿੱਚ ਵਿਸਫੋਟਕ ਸਮੱਗਰੀ ਲੱਗ ਰਹੀ ਹੈ। ਇਸ ਕਾਰਨ ਕੁਝ ਸਮੇਂ ਲਈ ਆਈ ਸੀ ਪੀ 'ਚ ਸਨਸਨੀ ਫੈਲ ਗਈ ਅਤੇ ਸਾਰੇ ਵਿਭਾਗਾਂ ਦੇ ਦਫ਼ਤਰ ਵੀ ਖਾਲੀ ਕਰਵਾ ਦਿੱਤੇ ਗਏ। ਜਾਣਕਾਰੀ ਅਨੁਸਾਰ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਪੁਲਸ ਨੂੰ ਵੀ ਸੂਚਿਤ ਕੀਤਾ ਗਿਆ ਅਤੇ ਬੀ ਐਸ ਐਫ ਦਾ ਬੰਬ ਸਕੁਐਡ ਵੀ ਬੁਲਾਇਆ ਗਿਆ। ਬੀ ਐਸ ਐਫ ਦੇ ਬੰਬ ਸਕੁਐਡ ਨੇ ਸਾਰੀ ਜਾਂਚ ਕਰਨ ਤੋਂ ਬਾਅਦ ਵਿਦੇਸ਼ੀ ਪਟਾਕਿਆਂ ਅਤੇ ਡੈਟੋਨੇਟਰ ਨੂੰ ਡਿਫਿਊਜ਼ ਕਰ ਦਿੱਤਾ। ਅਧਿਕਾਰੀਆਂ ਅਨੁਸਾਰ ਪਾਕਿਸਤਾਨ ਜਾਂ ਅਫ਼ਗਾਨਿਸਤਾਨ ਦੇ ਅੱਤਵਾਦੀ ਸੰਗਠਨਾਂ ਨੇ ਆਈ ਸੀ ਪੀ ਉਤੇ ਖੌਫ ਪੈਦਾ ਕਰਨ ਲਈ ਇਹ ਹਰਕਤ ਕੀਤੀ ਹੈ ਕਿਉਂਕਿ ਡੈਟੋਨੇਟਰ ਨਾਲ ਹੋਣ ਕਾਰਨ ਵੇਖਣ ਵਾਲਿਆਂ ਨੂੰ ਇਹੀ ਲੱਗਾ ਕਿ ਕੋਈ ਭਾਰੀ ਵਿਸਫੋਟਕ ਸਮੱਗਰੀ ਟਰੱਕ ਵਿੱਚ ਰੱਖੀ ਗਈ ਹੈ ਅਤੇ ਆਈ ਸੀ ਪੀ ਨੂੰ ਉਡਾਉਣ ਦੀ ਸਾਜ਼ਿਸ਼ ਕੀਤੀ ਗਈ ਹੈ। ਵਿਦੇਸ਼ੀ ਪਟਾਕੇ ਤਾਇਵਾਨ ਦੇ ਬਣੇ ਸਨ ਅਤੇ ਹਵਾ ਵਿੱਚ ਉਡ ਕੇ ਫਟਦੇ ਸਨ, ਜਿਵੇਂ ਭਾਰਤੀ ਪਟਾਕਿਆਂ ਵਿੱਚ ਸ਼ਾਟਸ ਹਵਾ ਵਿੱਚ ਜਾ ਕੇ ਫਟਦਾ ਹੈ ਅਤੇ ਰੰਗ ਖਿਲਾਰਦਾ ਹੈ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਦਿੱਲੀ ਨੇੜੇ ਨਵੇਂ ਕੌਮਾਂਤਰੀ ਹਵਾਈ ਅੱਡੇ ਦਾ ਨੀਂਹ ਪੱਥਰ

ਜ਼ੇਵਰ/ਨਵੀਂ ਦਿੱਲੀ, 25 ਨਵੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲੇ ਵਿੱਚ ਜ਼ੇਵਰ ਇੰਟਰਨੈਸ਼ਨਲ ਏਅਰਪੋਰਟ ਦਾ ਨੀਂਹ ਪੱਥਰ ਰੱਖਦਿੱਤਾ ਹੈ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜ਼ੇਵਰ ਸੰਸਾਰ ਮੰਚ ਉੱਤੇ ਆ ਗਿਆ ਹੈ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਦੇ ਨਾਲ ਇਸ ਦਾਦਿੱਲੀ ਐਨਸੀਆਰ (ਨੈਸ਼ਨਲ ਕੈਪੀਟਲ ਰੀਜਨ) ਨੂੰ ਵੀ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ 21ਵੀਂ ਸਦੀ ਵਿੱਚ ਵਧੀਆ ਸੜਕਾਂ, ਰੇਲਵੇ ਅਤੇ ਹਵਾਈ ਅੱਡੇ ਬੁਨਿਆਦੀ ਪ੍ਰੋਜੈਕਟ ਹੀ ਨਹੀਂ, ਪੂਰੇ ਖੇਤਰ ਦੇ ਲੋਕਾਂ ਦੀ ਜ਼ਿੰਦਗੀ ਬਦਲ ਸਕਦੇ ਹਨ।ਉਨ੍ਹਾਂ ਕਿਹਾ ਕਿ ਭਾਰਤਵਿੱਚ ਹਵਾਬਾਜ਼ੀ ਖੇਤਰ ਤੇਜ਼ੀ ਨਾਲ ਵਧ ਰਿਹਾ ਹੈ, ਭਾਰਤੀ ਕੰਪਨੀਆਂ ਸੈਂਕੜੇ ਜਹਾਜ਼ ਲੈ ਰਹੀਆਂ ਹਨ, ਉਨ੍ਹਾਂ ਲਈ ਨੋਇਡਾ ਨੇੜੇ ਅੰਤਰਰਾਸ਼ਟਰੀ ਹਵਾਈ ਅੱਡਾਵੱਡੀ ਭੂਮਿਕਾ ਨਿਭਾਏਗਾ। ਇਹ ਹਵਾਈ ਅੱਡਾ ਜਹਾਜ਼ਾਂ ਦੇ ਰੱਖ-ਰਖਾਅ ਅਤੇ ਮੁਰੰਮਤ ਲਈ ਸਭ ਤੋਂ ਵੱਡਾ ਕੇਂਦਰ ਹੋਵੇਗਾ, ਜਿੱਥੋਂ ਦੇਸ਼-ਵਿਦੇਸ਼ ਦੇ ਜਹਾਜ਼ਾਂ ਨੂੰ ਸੇਵਾ ਮਿਲੇਗੀ ਤੇ ਸੈਂਕੜੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।ਉਨ੍ਹਾ



ਨੇ ਕਿਹਾ ਕਿ ਅੱਜ ਅਸੀਂ ਆਪਣੇ 85 ਫੀਸਦੀ ਜਹਾਜ਼ ਮੁਰੰਮਤ ਦੇ ਲਈ ਵਿਦੇਸ਼ ਭੇਜਦੇ ਹਾਂ, ਜਿਸ ਉੱਤੇ 15 ਹਜ਼ਾਰ ਕਰੋੜ ਰੁਪਏ ਖਰਚ ਹੁੰਦੇ ਹਨ। ਇਹ ਹਵਾਈ ਅੱਡਾਹਾਲਤ ਨੂੰ ਬਦਲ ਦੇਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਹਵਾਈ ਅੱਡੇ ਰਾਹੀਂ ਮਲਟੀ-ਮੋਡਲ ਕਾਰਗੋ ਦਾ ਕੰਮ ਵੀ ਹੋਵੇਗਾ।ਉਨ੍ਹਾਂ ਕਿਹਾ ਕਿ ਜਿਹੜੇ ਰਾਜ ਸਮੁੰਦਰ ਦੇਨਾਲ ਲੱਗਦੇ ਹਨ, ਉਨ੍ਹਾਂ ਲਈ ਬੰਦਰਗਾਹਾਂ ਬਹੁਤ ਵੱਡੀ ਜਾਇਦਾਦ ਹਨ, ਪਰ ਉੱਤਰ ਪ੍ਰਦੇਸ਼ ਵਰਗੇ ਰਾਜਾਂ ਲਈ ਇਹੀ ਕੰਮ ਹਵਾਈ ਅੱਡਾ ਕਰੇਗਾ

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਪੰਜਾਬ ਸਰਕਾਰ ਦੀ ਪ੍ਰਸਤਾਵਿਤ ਇੰਮੀਗਰੇਸ਼ਨ ਬਾਡੀ ਬਾਰੇ ਕੈਨੇਡਾ ਵਿੱਚ ਚਰਚਾ

ਪੰਜਾਬ ਅਤੇ ਇੰਮੀਗਰੇਸ਼ਨ ਦੋ ਅਜਿਹੇ ਸ਼ਬਦ ਹਨ ਜੋ ਕਿਸੇ ਨੂੰ ਹੈਰਾਨ ਨਹੀਂ ਕਰਦੇ। ਪੰਜਾਬ ਤੋਂ ਬਾਹਰ ਕਿਸੇ ਵੀ ਮੁਲਕ ਵਿੱਚ ਜਿੱਥੇ ਪਰਵਾਸ ਦਾ ਰੁਝਾਨ ਹੈ, ਪੰਜਾਬੀਆਂ ਦੀ ਮੌਜੂਦਗੀ ਸੁਭਾਵਿਕ ਸਮਝੀ ਜਾਂਦੀ ਹੈ। ਪਰਵਾਸ ਕਰਨਾ ਹਰ ਵਿਅਕਤੀ ਦਾ ਨਿੱਜੀ ਫੈਸਲਾ ਹੈ ਪਰ ਇਸ ਨਾਲ ਜੁੜੇ ਮੁੱਦੇ ਨਿੱਜੀ ਨਹੀਂ ਹੁੰਦੇ। ਇਸ ਸੰਦਰਭ ਵਿੱਚ ਬੀਤੇ ਦਿਨੀਂ ਪੰਜਾਬ ਸਰਕਾਰ ਦੇ ਤਕਨੀਨੀ ਵਿੱਦਿਆ ਅਤੇ ਇੰਡਸਟਰੀਅਲ ਟਰੇਨਿੰਗ ਮਹਿਕਮੇ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਪ੍ਰਧਾਨਗੀ ਤਹਿਤ ਹੋਈ ਇੱਕ ਰਾਊਂਡਟੇਬਲ ਨੇ ਕੈਨੇਡਾ ਵਿੱਚ ਦਿਲਚਸਪ ਬਹਿਸ ਨੂੰ ਛੇੜਿਆ ਹੈ। ਇਸ ਰਾਊਂਡਟੇਬਲ ਦਾ ਮਨੋਰਥ ਉਹਨਾਂ ਅਵਸਰਾਂ ਨੂੰ ਖੋਜਣਾ ਸੀ ਜਿਹਨਾਂ ਦੀ ਵਰਤੋਂ ਕਰਕੇ ਪੰਜਾਬ ਸਰਕਾਰ ਇੱਕ ਅਜਿਹੀ ਬਾਡੀ ਨੂੰ ਹੋਂਦ ਵਿੱਚ ਲਿਅਵੇਗੀ ਜੋ ਪੰਜਾਬ ਤੋਂ ਪਰਵਾਸ ਕਰਕੇ ਜਾਣ ਵਾਲੇ ਵਿਅਕਤੀਆਂ ਨੂੰ ਕੰਟਰੋਲ ਕਰੇਗੀ ਜਾਂ ਨਿਰਦੇਸ਼ਤ ਕਰੇਗੀ। ਇਸ ਰਾਊਂਡਟੇਬਲ ਨੂੰ ਕਰਵਾਉਣ ਵਾਲੇ ਅਧਿਕਾਰੀਆਂ ਦਾ ਆਖਣਾ ਹੈ ਕਿ ਪੰਜਾਬੀ ਨੌਜਵਾਨਾਂ ਦਾ ਸਟੱਡੀ, ਵਰਕ ਜਾਂ ਕਿਸੇ ਹੋਰ ਆਧਾਰ ਉੱਤੇ ਬਾਹਰ ਜਾਣ ਦੇ ਰੁਝਾਨ ਤੋਂ ਲਾਭ ਲੈ ਕੇ ਪੰਜਾਬ, ਪੰਜਾਬ ਨਿਵਾਸੀਆਂ, ਪੰਜਾਬ ਦੀ ਆਰਥਕਤਾ ਨੂੰ ਹੁਲਾਰਾ ਦਿੱਤਾ ਜਾ ਸਕੇਗਾ। ਐਨਾ ਹੀ ਨਹੀਂ ਸਗੋਂ ਪੰਜਾਬ ਦਾ ਅਨੁਭਵ ਆਉਣ ਵਾਲੇ ਸਾਲਾਂ ਵਿੱਚ ਸਮੁੱਚੇ ਭਾਰਤ ਲਈ ਇਹ ਇੱਕ ਨਿਵੇਕਲੀ ਮਿਸਾਲ ਬਣੇਗਾ।

ਇੰਡੀਅਨ ਸਕੂਲ ਆਫ ਬਿਜਸਨ ਵੱਲੋਂ ਤਿਆਰ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਵਿੱਚੋਂ ਡੇਢ ਲੱਖ ਵਿਅਕਤੀ ਕਾਨੂੰਨੀ ਰਸਤਾ ਅਪਣਾ ਕੇ ਬਾਹਰਲੇ ਮੁਲਕਾਂ ਵਿੱਚ ਜਾਂਦੇ ਹਨ ਜਦੋਂ ਕਿ ਐਨੀ ਹੀ ਗਿਣਤੀ ਵਿੱਚ ਲੋਕ ਗੈਰ ਕਾਨੂੰਨੀ ਢੰਗ ਤਰੀਕੇ ਵਰਤ ਕੇ ਪਰਵਾਸ ਕਰਦੇ ਹਨ। ਪੰਜਾਬ ਵਿੱਚੋਂ ਕੈਨੇਡਾ ਆਏ ਵਿੱਦਿਆਰਥੀਆਂ ਵੱਲੋਂ ਇੱਕ ਸਾਲ ਵਿੱਚ 9.7 ਬਿਲੀਅਨ ਅਮਰੀਕਨ ਡਾਲਰ ਦੇ ਬਰਾਬਰ ਫੀਸਾਂ, ਮਕਾਨਾਂ ਦੇ ਕਿਰਾਇਆਂ ਅਤੇ ਖਾਣੇ ਉੱਤੇ ਕੈਨੇਡਾ ਵਿੱਚ ਖਰਚ ਕੀਤੇ ਜਾਂਦੇ ਹਨ। 12.1 ਬਿਲੀਅਨ ਡਾਲਰ ਹਰ ਸਾਲ ਪੰਜਾਬੀਆਂ ਵੱਲੋਂ ਬਾਹਰ ਲਿਜਾਏ ਜਾਂਦੇ ਹਨ। ਸਮੁੱਚੇ ਭਾਰਤ ਵਿੱਚੋਂ 7 ਲੱਖ 53 ਹਜ਼ਾਰ ਵਿੱਦਿਆਰਥੀ ਬਾਹਰ ਪੜਨ ਜਾਂਦੇ ਹਨ, 8 ਲੱਖ ਵਿਅਕਤੀ ਰੁਜ਼ਗਾਰ ਲਈ ਜਾਂਦੇ ਹਨ ਅਤੇ ਇਹਨਾਂ ਵੱਲੋਂ 51 ਬਿਲੀਅਨ ਡਾਲਰ ਦੇ ਬਰਾਬਰ ਧਨ ਭਾਰਤ ਤੋਂ ਬਾਹਰ ਲਿਜਾਇਆ ਜਾਂਦਾ ਹੈ। ਇਸਦੇ ਉਲਟ 79 ਬਿਲੀਅਨ ਡਾਲਰ ਪਰਵਾਸੀਆਂ ਵੱਲੋਂ ਭਾਰਤ ਭੇਜੇ ਜਾਂਦੇ ਹਨ ਪਰ ਪੰਜਾਬ ਵਿੱਚ ਵਾਪਸ ਜਾਣ ਵਾਲੇ ਡਾਲਰਾਂ ਦੀ ਮਾਤਰਾ ਨਾਮਾਤਰ ਹੀ ਹੈ। ਭਾਵ ਪੰਜਾਬ ਵਿੱਚੋਂ ਧਨ ਨਿਕਲ ਰਿਹਾ ਹੈ ਪਰ ਭਰਪਾਈ ਨਹੀਂ ਹੋ ਰਹੀ। ਇਸ ਪਰੀਪੇਖ ਤੋਂ ਪੰਜਾਬ ਸਰਕਾਰ ਦੇ ਉੱਦਮ ਨੂੰ ਸਮਝਿਆ ਜਾ ਸਕਦਾ ਹੈ ਪਰ ਇਹ ਉੱਦਮ ਸਮਾਂ ਪਾ ਕੇ ਸਹੀ ਜਾਂ ਗਲਤ ਸਾਬਤ ਹੋਵੇਗਾ, ਇਸ ਬਾਰੇ ਕੁੱਝ ਆਖਣਾ ਮੁਸ਼ਕਲ ਹੈ।

ਸੁਆਲ ਉੱਠਦਾ ਹੈ ਕਿ ਜੇ ਪੰਜਾਬ ਸੂਬੇ ਨੂੰ ਪਰਵਾਸ ਦੇ ਰੁਝਾਨ ਤੋਂ ਨੁਕਸਾਨ ਹੋ ਰਿਹਾ ਹੈ ਤਾਂ ਕੀ ਪੰਜਾਬ ਸਰਕਾਰ ਲਈ ਅਜਿਹਾ ਕਦਮ ਚੁੱਕਣਾ ਬਣਦਾ ਹੈ ਜੋ ਇਸ ਰੁਝਾਨ ਉੱਤੇ ਸਰਕਾਰੀ ਸੀਲ ਲਾ ਦੇਵੇ? ਇੱਕ ਸੁਆਲ ਹੋਰ ਕਿ ਜੇ ਸਰਕਾਰ ਹੀ ਪਰਵਾਸ ਨੂੰ ਹੱਲਾਸ਼ੇਰੀ ਦੇਵੇਗੀ ਤਾਂ ਪੰਜਾਬ ਵਿੱਚ ਰਹਿ ਕੇ ਕੌਣ ਕੰਮ ਕਰੇਗਾ ਅਤੇ ਕਿਉਂ ਕਰੇਗਾ? ਕੀ ਸਰਕਾਰ ਸੌੜੇ ਨਜ਼ਰੀਏ ਤੋਂ ਸੋਚ ਰਹੀ ਹੈ ਜਾਂ ਇਸ ਪਿੱਛੇ ਕੋਈ ਲੰਬੇ ਦਾਈਏ ਵਾਲੀ ਸੋਚ ਵਿਚਾਰ ਵੀ ਹੈ? ਕੀ ਪੰਜਾਬ ਪਰਵਾਸ ਨੂੰ ਹੱਲਾਸ਼ੇਰੀ ਦੇ ਕੇ ਇੱਕ ਸਵੈਨਿਰਭਰ ਸੂਬੇ ਵਜੋਂ ਹੋਂਦ ਕਾਇਮ ਰੱਖ ਸਕੇਗਾ? ਇਹ ਸੁਆਲ ਹਨ ਜੋ ਜਿਹਨਾਂ ਦੇ ਜਵਾਬ ਪਬਲਿਕ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਦੂਜੇ ਪਾਸੇ ਕੈਨੇਡਾ ਵਿੱਚ ਪੰਜਾਬ ਸਰਕਾਰ ਦੇ ਪ੍ਰਸਤਾਵਿਤ ਰੋਲ ਦਾ ਕਈ ਪਾਸਿਆਂ ਤੋਂ ਵਿਰੋਧ ਕੀਤਾ ਜਾ ਰਿਹਾ ਹੈ। ਪਤਾ ਲੱਗਾ ਹੈ ਕਿ 4000 ਤੋਂ ਵੱਧ ਕੈਨੇਡੀਅਨ ਇੰਮੀਗਰੇਸ਼ਨ ਸਲਾਹਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਜੱਥੇਬੰਦੀ Canadian Association of Professional Immigration Consultants (CAPIC) ਨੇ ਪੰਜਾਬ ਸਰਕਾਰ ਦੇ ਰਾਊਂਡਟੇਬਲ ਵਿੱਚ ਸ਼ਾਮਲ ਹੋਣ ਦੇ ਸੱਦੇ ਨੂੰ ਠੁਕਰਾ ਦਿੱਤਾ ਸੀ। ਇਸ ਜੱਥੇਬੰਦੀ ਦੀ ਚੇਅਰ ਡੋਰੀ ਜੇਡ (Dory Jade) ਦਾ ਦੋਸ਼ ਹੈ ਕਿ ਪਰਵਾਸ ਦੇ ਕੰਮ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲਿਆ ਕੇ ਪੰਜਾਬ ਤੋਂ ਆਉਣ ਵਾਲੇ ਇੰਟਰਨੈਸ਼ਨਲ ਵਿੱਦਿਆਰਥੀਆਂ ਨੂੰ ਪੰਜਾਬ ਸਰਕਾਰ ਆਪਣੀ ਮਰਜ਼ੀ ਦੇ ਬੰਦੀ ਬਣਾ ਲਵੇਗੀ। ਇਹ ਵੀ ਦੋਸ਼ ਲਾਏ ਜਾ ਰਹੇ ਹਨ ਕਿ ਸਰਕਾਰੀ ਕੁਰੱਪਸ਼ਨ ਵਿੱਦਿਆਰਥੀਆਂ ਨੂੰ ਬਾਹਰ ਪੜ੍ਹਨ ਲਈ ਹੋਣ ਵਾਲੇ ਖਰਚੇ ਵਿੱਚ ਕਈ ਗੁਣਾ ਵਾਧਾ ਕਰੇਗੀ ਅਤੇ ਭਾਈ-ਭਤੀਜਾ ਵਾਦ ਨੂੰ ਜਨਮ ਦੇਵੇਗੀ। ਜਾਂ ਇੰਝ ਆਖ ਲਵੋ ਕਿ ਜਿਸ ਸਰਕਾਰੀ ਤੰਤਰ ਦੀਆਂ ਕਮਜ਼ੋਰੀਆਂ ਕਾਰਣ ਨੌਜਵਾਨ ਬਾਹਰ ਆ ਰਹੇ ਹਨ, ਉਸ ਜਾਲ ਵਿੱਚ ਉਹ ਫੇਰ ਫਸ ਸਕਦੇ ਹਨ।

ਮਜ਼ੇਦਾਰ ਗੱਲ ਇਹ ਕਿ ਪੰਜਾਬ ਸਰਕਾਰ ਨੇ ਇਸ ਰਾਊਂਡਟੇਬਲ ਦੌਰਾਨ ਇੱਕ ਸੈਸ਼ਨ 'ਫਰਾਡ ਨੂੰ ਰੋਕਣ' ਬਾਰੇ ਕਰਵਾਇਆ ਸੀ। ਇਸ ਸੈਸ਼ਨ ਵਿੱਚ ਕੈਨੇਡਾ ਵਿੱਚ ਇੰਮੀਗਰੇਸ਼ਨ ਸਲਾਹਕਾਰਾਂ ਦੇ ਕੰਮਕਾਜ ਨੂੰ ਨਿਰਦੇਸ਼ਤ ਕਰਨ ਵਾਲੀ ਸੰਸਥਾ 'Immigration Consultants of Canada Regulatory Council (ICCRC) ਰਾਹੀਂ ਕੈਨੇਡੀਅਨ ਸਲਾਹਕਾਰਾਂ ਅਤੇ ਵਕੀਲਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਸ ਦੋਸ਼ ਦਾ ਸੱਚ ਹਾਲੇ ਸਾਹਮਣੇ ਨਹੀਂ ਆਇਆ ਹੈ ਕਿ ਇਸ ਸੈਸ਼ਨ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਇਹ ਨਹੀਂ ਸੀ ਦੱਸਿਆ ਗਿਆ ਕਿ ਸਰਕਾਰ ਦਾ ਪੂਰਾ ਏਜੰਡਾ ਕੀ ਹੈ। ਫਰਾਡ ਰੋਕਣਾ ਅਤੇ ਪੰਜਾਬੀ ਪਰਵਾਸੀਆਂ ਦੇ ਹੱਕਾਂ ਨੂੰ ਸੁਰੱਖਿਅਤ ਕਰਨਾ ਚੰਗੇ ਉੱਦਮ ਹਨ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਬਾਰੇ ਚੇਤਨਾ ਫੈਲਾਉਣ ਲਈ ਵਿਵਸਥਤ ਢੰਗ ਨਾਲ ਕੰਮ ਕਰੇ ਅਤੇ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਮਾਜਕ, ਧਾਰਮਿਕ, ਮੀਡੀਆ ਅਤੇ ਵਿੱਤੀ ਜੱਥੇਬੰਦੀਆਂ ਨਾਲ ਸਲਾਹ

## ਇੱਕ ਸਕੂਲ ਦੇ ਵਿਦਿਆਰਥੀ ਉੱਤੇ ਦੂਜੇ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਹਮਲਾ, ਇੱਕ ਲੜਕੀ ਤੇ ਲੜਕਾ ਗ੍ਰਿਫਤਾਰ

...ਪੰਨਾ 1 ਦਾ ਬਾਕੀ

ਇਸ ਘਟਨਾ ਦੀ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਦੋ ਲੋਕ ਇੱਕ ਦਰਵਾਜ਼ੇ ਦੇ ਬਾਹਰ ਪਏ ਇੱਕ ਵਿਦਿਆਰਥੀ ਦੇ ਸਿਰ ਵਿੱਚ ਠੁੱਡਾ ਮਾਰਨ ਜਾ ਰਹੇ ਹਨ। ਵਿਦਿਆਰਥੀਆਂ ਨੇ ਦੱਸਿਆ ਕਿ ਉਹ ਦਰਵਾਜ਼ਾ ਕੈਫੇਟੇਰੀਆ ਦੀ ਐਂਟਰੈਂਸ ਹੈ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ 18 ਨਵੰਬਰ ਦੁਪਹਿਰੇ 12:10 ਵਜੇ ਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਲੜਕਿਆਂ ਨੇ ਇੱਕ ਵਿਦਿਆਰਥੀ ਉੱਤੇ ਹਮਲਾ ਕੀਤਾ। ਉਹ ਸਕੂਲ ਵਿੱਚ ਹੀ ਦਾਖਲ ਹੋ ਗਏ। ਇੱਕ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਮਾਪਿਆਂ ਨੂੰ ਲਿਖੇ ਇੱਕ ਪੱਤਰ ਵਿੱਚ ਵੈਸਟ ਹਿੱਲ ਕਾਲਜੀਏਟ ਪ੍ਰਿੰਸੀਪਲ ਟਰੈਵਰ ਬੁਲਨ ਨੇ ਆਖਿਆ ਕਿ ਹੁਣ ਇਹ ਪੁਲਿਸ ਦਾ ਮਾਮਲਾ ਬਣ ਚੁੱਕਿਆ ਹੈ। ਅਸੀਂ ਜ਼ਖ਼ਮੀ ਵਿਦਿਆਰਥੀਆਂ ਦੇ ਜਲਦ ਸਿਹਤਯਾਬ ਹੋਣ ਦੀ ਆਸ ਕਰਦੇ ਹਾਂ। ਉਨ੍ਹਾਂ ਆਖਿਆ ਕਿ ਵੈਸਟ ਹਿੱਲ ਸਕੂਲ ਸਥਿਤ ਸੇਫਟੀ ਮਾਨੀਟਰਜ਼ ਵਿੱਚ 2.5 ਤੋਂ ਵਧਾ ਕੇ ਚਾਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੇ ਫਰੰਟ ਡੋਰ ਉੱਤੇ ਨਵਾਂ ਬਜ਼ਰ ਸਿਸਟਮ ਲਾਉਣ ਦੀ ਗੁਜ਼ਾਰਿਸ਼ ਵੀ ਕੀਤੀ ਗਈ ਹੈ। ਟੋਰਾਂਟੋ ਪੁਲਿਸ ਵੱਲੋਂ 15 ਨਵੰਬਰ ਨੂੰ ਇਸ ਸਕੂਲ ਵਿੱਚ ਵਾਪਰੀ ਅਜਿਹੀ ਹੀ ਇੱਕ ਹੋਰ ਘਟਨਾ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਉਦੋਂ ਵੀ ਇਸ ਸਕੂਲ ਦੇ ਇੱਕ ਵਿਦਿਆਰਥੀ ਉੱਤੇ ਹਮਲਾ ਹੋਇਆ ਸੀ। ਉਦੋਂ ਵਾਇਰਲ ਹੋਏ ਵੀਡੀਓ ਵਿੱਚ ਦੋ ਵਿਅਕਤੀ ਸਕੂਲ ਦੇ ਹਾਲਵੇਅ ਵਿੱਚ ਆਪਸ ਵਿੱਚ ਲੜਦੇ ਨਜ਼ਰ ਆ ਰਹੇ ਸਨ ਤੇ ਤੀਜਾ ਵਿਦਿਆਰਥੀ ਉਨ੍ਹਾਂ ਨੂੰ ਛੁਡਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਨਹੀਂ ਹੋਏ। ਪਰ ਇਸ ਮਾਮਲੇ ਦੀ ਜਾਂਚ ਵੀ ਚੱਲ ਰਹੀ ਹੈ ਤੇ ਪੁਲਿਸ ਅਧਿਕਾਰੀ ਸਕੂਲ ਨਾਲ ਰਲ ਕੇ ਕੰਮ ਕਰ ਰਹੇ ਹਨ।

## 5 ਤੋਂ 11 ਸਾਲ ਦੇ ਬੱਚਿਆਂ ਨੂੰ ਵੈਕਸੀਨੇਸ਼ਨ ਦਾ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ : ਮੂਰ

...ਪੰਨਾ 1 ਦਾ ਬਾਕੀ

ਮੂਰ ਨੇ ਆਖਿਆ ਕਿ ਇਹ ਇੱਕ ਨਵਾਂ ਉਪਰਾਲਾ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਮਾਪੇ ਆਪਣੇ ਬੱਚਿਆਂ ਦੇ ਟੀਕਾਕਰਣ ਦੇ ਇਸ ਫੈਸਲੇ ਬਾਰੇ ਚਿੰਤਾ ਵਿੱਚ ਨਾ ਰਹਿਣ ਤੇ ਸਗੋਂ ਇਹ ਮਹਿਸੂਸ ਕਰਨ ਕਿ ਉਨ੍ਹਾਂ ਨੇ ਕਿੰਨੇ ਵੱਡੇ ਖਤਰੇ ਤੋਂ ਆਪਣੇ ਬੱਚਿਆਂ ਨੂੰ ਇਸ ਟੀਕਾਕਰਣ ਰਾਹੀਂ ਸੁਰੱਖਿਅਤ ਕੀਤਾ ਹੈ। ਅਸੀਂ 5 ਤੋਂ 11 ਸਾਲ ਦੇ ਬੱਚਿਆਂ ਲਈ ਇਸ ਵੈਰੀਫਿਕੇਸ਼ਨ ਪ੍ਰਕਿਰਿਆ ਨੂੰ ਲਾਗੂ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਆਖਿਆ ਕਿ ਸਰਕਾਰ ਨੇ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਪਰ ਜੇ ਕੋਈ ਆਜ਼ਾਦਾਨਾ ਕਾਰੋਬਾਰੀ ਅਦਾਰਾ ਸਰਕਾਰ ਤੋਂ ਵੱਖ ਹੋ ਕੇ ਅਜਿਹਾ ਫੈਸਲਾ ਕਰਦਾ ਹੈ ਤਾਂ ਇਹ ਉਸ ਉੱਤੇ ਨਿਰਭਰ ਕਰਦਾ ਹੈ। ਉਹ ਅਜਿਹੀ ਸਲਾਹ ਨਹੀਂ ਦੇਣਗੇ।

ਓਨਟਾਰੀਓ ਦੇ ਮੌਜੂਦਾ ਵੈਕਸੀਨ ਸਰਟੀਫਿਕੇਟ ਰੈਗੂਲੇਸ਼ਨਜ਼ ਅਨੁਸਾਰ 12 ਸਾਲ ਤੋਂ ਉੱਪਰ ਦੇ ਬੱਚਿਆਂ ਨੂੰ ਵੈਕਸੀਨੇਸ਼ਨ ਦੇ ਸਬੂਤ ਵਜੋਂ ਕਿਊਆਰ ਕੋਡ ਵਿਖਾਉਣਾ ਹੁੰਦਾ ਹੈ ਜਾਂ ਇਸ ਸਬੂਤ ਲਈ ਦਸਤਾਵੇਜ਼ ਵਿਖਾਉਣਾ ਹੁੰਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮੱਦਦ ਦੇ ਬਹਾਨੇ ਲਿਫਟ ਦੇ ਕੇ ਪਰਸ ਲੁੱਟ ਲਿਆ

ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਘਰ ਮੁੜ ਰਹੇ ਵਿਅਕਤੀ ਨੂੰ ਅਣਪਛਾਤੇ ਲੋਕਾਂ ਨੇ ਲਿਫਟ ਦੇਣ ਦੇ ਬਹਾਨੇ ਲੁੱਟ ਲਿਆ। ਪੁਲਸ ਨੂੰ ਦਿੱਤੇ ਬਿਆਨ ਵਿੱਚ ਲਲਿਤ ਕੁਮਾਰ ਨੇ ਦੱਸਿਆ ਕਿ ਉਹ ਅਲਾਵਲਪੁਰ ਵਿੱਚ ਕਿਰਾਏ 'ਤੇ ਰਹਿੰਦਾ ਹੈ ਅਤੇ ਨਿੱਜੀ ਫੈਕਟਰੀ ਵਿੱਚ ਡਰਾਈਵਿੰਗ ਦਾ ਕੰਮ ਕਰਦਾ ਹੈ। ਰੋਜ਼ਾਨਾ ਵਾਂਗ ਕੰਮ ਖਤਮ ਕਰ ਕੇ ਫੋਕਲ ਪੁਆਇੰਟ ਨੇੜੇ ਗੱਡੀ ਪਾਰਕ ਕਰ ਕੇ ਉਹ ਘਰ ਮੁੜ ਰਿਹਾ ਸੀ। ਰਾਤ ਜ਼ਿਆਦਾ ਹੋਣ ਕਾਰਨ ਆਟੋ ਰਿਕਸ਼ਾ ਨਹੀਂ ਮਿਲਿਆ। ਇਸ ਕਾਰਨ ਹਾਈਵੇ 'ਤੇ ਪੈਦਲ ਹੀ ਘਰ ਵੱਲ ਜਾ ਰਿਹਾ ਸੀ ਕਿ ਇੰਨੇ ਵਿੱਚ ਮੋਟਰ ਸਾਈਕਲ 'ਤੇ ਆਏ ਵਿਅਕਤੀ ਨੇ ਮਦਦ ਦੇ ਨਾਂਅ 'ਤੇ ਆਪਣੇ ਨਾਲ ਬਿਠਾ ਲਿਆ। ਜਦ ਥੋੜ੍ਹੀ ਦੂਰ ਪਹੁੰਚੇ ਤਾਂ ਦੋਸ਼ੀ ਨੇ ਜਾਨ ਤੋਂ ਮਾਰਨ ਦੀ ਧਮਕੀ ਦੇ ਕੇ ਪਰਸ ਲੁੱਟ ਲਿਆ। ਪਰਸ ਵਿੱਚ ਚਾਰ ਹਜ਼ਾਰ ਰੁਪਏ, ਏ ਟੀ ਐਮ ਕਾਰਡ ਅਤੇ ਹੋਰ ਦਸਤਾਵੇਜ਼ ਸਨ। ਥਾਣਾ ਮਕਸੂਦਾਂ ਦੀ ਪੁਲਸ ਨੇ ਪਰਚਾ ਦਰਜ ਕਰ ਲਿਆ ਹੈ।

## ਆਮ ਆਦਮੀ ਨੂੰ ਰੇਤਾ ਅਜੇ ਵੀ 15 ਤੋਂ 25 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਮਿਲ ਰਿਹੈ

### * ਬਹੁਤੀਆਂ ਖੱਡਾਂ 'ਚੋਂ ਕੀਮਤ 7.50 ਰੁਪਏ ਪ੍ਰਤੀ ਫੁੱਟ ਤੋਂ ਵੱਧ * ਮੁੱਖ ਮੰਤਰੀ ਦਾ ਐਲਾਨ ਸਿਰਫ਼ ਐਲਾਨ ਤਕ ਹੀ ਸੀਮਤ

ਲੁਧਿਆਣਾ, 25 ਨਵੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸੂਬੇ 'ਚ ਭਾਵੇਂ 5.50 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਰੇਤਾ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਇਹ ਐਲਾਨ ਸਿਰਫ਼ ਐਲਾਨ ਹੀ ਰਹਿ ਗਿਆ ਹੈ ਕਿਉਂਕਿ ਰੇਤਾ 5.50 ਰੁਪਏ ਫੁੱਟ ਦੀ ਬਜਾਏ 7.50 ਰੁਪਏ ਪ੍ਰਤੀ ਫੁੱਟ ਤੋਂ ਵੱਧ ਮਿਲ ਰਿਹਾ ਹੈ। ਰੇਤ ਦਾ ਕਾਰੋਬਾਰ ਕਰਨ ਵਾਲਿਆਂ, ਰੇਤ ਦੀ ਖੱਡ 'ਚ ਕੰਮ ਕਰਨ ਵਾਲੇ ਕਰਿੰਦੇ ਤੇ ਹੋਰ ਧਿਰਾਂ ਨਾਲ ਗੱਲਬਾਤ ਕਰਨ ਤੋਂ ਕਈ ਸਨਸਨੀਖੇਜ਼ ਖੁਲਾਸੇ ਸਾਹਮਣੇ ਆਏ ਹਨ। ਪੰਜਾਬ 'ਚ ਮੁੱਖ ਮੰਤਰੀ ਦੇ ਐਲਾਨ ਅਨੁਸਾਰ 5.50 ਰੁਪਏ ਪ੍ਰਤੀ ਫੁੱਟ ਦੀ ਬਜਾਏ ਰੇਤਾ 7.50 ਰੁਪਏ ਪ੍ਰਤੀ ਫੁੱਟ ਤੋਂ ਵੱਧ ਮਿਲ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ 5.50 ਰੁਪਏ ਪ੍ਰਤੀ ਫੁੱਟ ਰੇਤ ਦੇਣ ਵਾਲੀ ਖੱਡ ਦਾ ਪਤਾ ਨਹੀਂ ਮਿਲ ਰਿਹਾ। ਕਈ ਖੱਡਾਂ 'ਚ ਰੇਤ 5.50 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਦੇਣ ਤੋਂ ਬਾਅਦ ਜੀ ਐਸ ਟੀ ਦੇ ਨਾਂਅ 'ਤੇ 500 ਰੁਪਏ ਤੇ ਭਰਾਈ ਦੇ ਵੱਖਰੇ ਪੈਸੇ ਵਸੂਲੇ ਜਾ ਰਹੇ ਹਨ, ਜਿਸ ਕਰਕੇ ਰੇਤ ਦਾ ਭਾਅ 7.50 ਰੁਪਏ ਪ੍ਰਤੀ ਫੁੱਟ ਤੋਂ ਬਾਅਦ ਵਾਹਨ ਦਾ ਖ਼ਰਚ ਵੱਖਰਾ ਲੱਗ ਰਿਹਾ ਹੈ। ਸਰਕਾਰ ਜਾਂ ਪ੍ਰਸ਼ਾਸਨ ਦੇ ਕਈ ਅਧਿਕਾਰੀਆਂ ਦੇ ਰੇਤ ਦੀਆਂ ਖੱਡਾਂ ਲੈਣ ਵਾਲੇ ਕਾਰੋਬਾਰੀਆਂ ਨਾਲ ਚੰਗੇ ਸੰਬੰਧ ਹਨ, ਜਿਸ ਕਰਕੇ ਕਿਸੇ ਵੀ ਖੱਡ ਵਾਲੇ ਖ਼ਿਲਾਫ਼ ਕਾਰਵਾਈ ਕਰਨ ਤੋਂ ਹਮੇਸ਼ਾ ਟਾਲਾ ਵੱਟਿਆ ਜਾ ਰਿਹਾ ਹੈ। ਰੇਤ ਦੀ ਖੱਡ 'ਤੇ ਕਿਸੇ ਵਾਹਨ 'ਚ ਕਿੰਨੇ ਫੁੱਟ ਰੇਤਾ ਭਰਿਆ ਜਾ ਰਿਹਾ ਹੈ, ਉਸ ਦੀ ਕੋਈ ਵੀ ਰਸੀਦ ਨਹੀਂ ਦਿੱਤੀ ਜਾਂਦੀ ਤੇ ਕਈ ਖੱਡਾਂ 'ਤੇ ਜੀ ਐਸ ਟੀ ਦੇ ਨਾਂਅ 'ਤੇ ਬਿਨਾਂ ਬਿੱਲ ਦਿੱਤੇ ਵਸੂਲੀ ਕੀਤੀ ਜਾ ਰਹੀ ਹੈ। ਰੇਤ ਦਾ ਕਾਰੋਬਾਰ ਕਰਨ ਵਾਲਿਆਂ ਦੇ ਹੌਸਲੇ ਏਨੇ ਜ਼ਿਆਦਾ ਬੁਲੰਦ ਹਨ ਕਿ ਕਿਸੇ ਆਮ ਵਿਅਕਤੀ ਨੂੰ ਰੇਤ ਦੀ ਖੱਡ 'ਚ ਦਾਖ਼ਲ ਹੀ ਨਹੀਂ ਹੋਣ ਦਿੱਤਾ ਜਾਂਦਾ। ਪੰਜਾਬ 'ਚ ਰੇਤ ਦਾ ਭਾਅ 5.50 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਦੇਣ ਦੇ ਐਲਾਨ ਤੋਂ ਬਾਅਦ ਰੇਤ ਦਾ ਕਾਰੋਬਾਰ ਕਰਨ ਵਾਲੇ ਖੱਡਾਂ ਦੇ ਠੇਕੇਦਾਰਾਂ ਨੇ ਆਪਣੇ ਪੱਕੇ ਗਾਹਕਾਂ ਨੂੰ ਹੀ ਰੇਤ ਵੇਚਣ ਦੀ ਸ਼ੁਰੂਆਤ ਕਰ ਦਿੱਤੀ ਹੈ ਜਦਕਿ ਆਮ ਵਿਅਕਤੀ ਜਾਂ ਨਵੇਂ ਵਾਹਨ ਚਾਲਕਾਂ ਨੂੰ ਰੇਤ ਨਹੀਂ ਦਿੱਤੀ ਜਾ ਰਹੀ। ਰੇਤ ਦੇ ਭਾਅ ਘਟਾਉਣ ਤੋਂ ਬਾਅਦ ਕਈ ਖੱਡਾਂ 'ਚੋਂ ਰੇਤ ਕੱਢਣ 'ਤੇ ਰੋਕ ਲੱਗ ਗਈ ਹੈ, ਜਿਸ ਕਰਕੇ ਆਉਣ ਵਾਲੇ ਸਮੇਂ 'ਚ ਰੇਤ ਦੀ ਕਿੱਲਤ ਪੈਦਾ ਹੋ ਸਕਦੀ ਹੈ।

ਖੱਡ 'ਚ 7.50 ਰੁਪਏ ਪ੍ਰਤੀ ਫੁੱਟ ਰੇਤ ਤੋਂ ਪਿਛੋਂ ਵਾਹਨ ਖ਼ਰਚ ਤੋਂ ਬਾਅਦ ਪਿੰਡਾਂ 'ਚੋਂ ਲੰਘਣ ਵਾਲੇ ਵਾਹਨਾਂ ਤੋਂ ਵੱਖ-ਵੱਖ ਕਮੇਟੀਆਂ ਵੱਲੋਂ ਪਰਚੀ ਕਟਵਾਈ ਜਾਂਦੀ ਹੈ। ਖੱਡ ਤੋਂ ਲੈ ਕੇ ਆਮ ਆਦਮੀ ਦੇ ਘਰ ਤਕ ਰੇਤ 15 ਤੋਂ 25 ਰੁਪਏ ਪ੍ਰਤੀ ਫੁੱਟ ਪੁੱਜ ਰਹੀ ਹੈ। ਨਿਰਮਾਣ ਕਾਰਜਾਂ 'ਚ ਲੱਗੇ ਕਈ ਵਿਅਕਤੀਆਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਿਆ ਹੈ ਕਿ ਰੇਤ ਪਹਿਲਾਂ ਵੀ 25 ਰੁਪਏ ਪ੍ਰਤੀ ਫੁੱਟ ਹੀ ਮਿਲ ਰਹੀ ਸੀ, ਪਰ 5.50 ਰੁਪਏ ਪ੍ਰਤੀ ਫੁੱਟ ਦਾ ਐਲਾਨ ਹੋਣ ਤੋਂ ਬਾਅਦ ਜਿਹੜਾ ਰੇਤਾ ਕੁਝ ਘੰਟੇ ਬਾਅਦ ਮਿਲ ਜਾਂਦਾ ਸੀ, ਹੁਣ ਇੱਕ ਜਾਂ ਦੋ ਦਿਨ ਬਾਅਦ ਮਿਲਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਐਲਾਨ ਨਾਲ ਰੇਤ ਸਸਤੀ ਨਹੀਂ ਮਿਲ ਰਹੀ। ਸਗੋਂ ਜੇਕਰ ਹਾਲਾਤ ਇਹ ਹੀ ਰਹੇ ਤਾਂ ਆਉਣ ਵਾਲੇ ਦਿਨਾਂ 'ਚ ਰੇਤ ਦੀ ਕਿੱਲਤ ਜ਼ਰੂਰ ਪੈਦਾ ਹੋ ਜਾਵੇਗੀ, ਜਿਸ ਨਾਲ ਰੇਤ ਦੀ ਕੀਮਤ 'ਚ ਵਾਧਾ ਹੋਵੇਗਾ।

## ਨਾਨਕਸਰ ਬਰੈਂਪਟਨ ਵਲੋਂ ਗੁਰਪੁਰਬ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ







ਸੁਰਜੀਤ ਸਿੰਘ ਫਲੋਰਾ

ਬਰੈਂਪਟਨ : ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦਵਾਰਾ ਨਾਨਕਸਰ ਬਰੈਂਪਟਨ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਸਬੰਧੀ 18 ਨਵੰਬਰ ਦੀ ਰਾਤ ਨੂੰ ਅਰਧਰਾਤਰੀ ਕੀਤਰਨ ਦੇ ਦਰਬਾਰ ਸਜਾਏ ਗਏ, ਜਿਥੇ ਵੱਖ ਵੱਖ ਰਾਗੀ ਜਥਿਆਂ ਅਤੇ ਕਥਾਵਾਚਕਾਂ ਵਲੋਂ ਗੁਰੂ ਸਾਹਿਬ ਦੇ ਸਰਬ ਸਾਂਝੀ ਵਾਲਤਾ, ਏਕੇ ਦਾ, ਪਿਆਰ ਮੁਹੱਬਤ ਤੇ ਉਸ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਨਾਮ ਜਪਣ , ਵੰਡ ਕੇ ਛਕਣ ਦੇ ਉਪਦੇਸ ਨੂੰ ਤਾਜਾਂ ਕੀਤਾ ਜੋ ਰਾਤ ਦੇ ਤਕਰੀਬਨ ਇਕ ਵਜੇ ਤੱਕ ਚੱਲਿਆ।

ਇਸ ਉਪਰੰਤ ਨਵੰਬਰ 19 ਸ਼ਾਮ ਸਾਢੇ ਛੇ ਵਜੇ ਚਾਰ ਸੰਪਟ ਪਾਠ ਤੇ ਨਾਲ ਜਪਜੀ ਸਹਿਬ ਦੇ ਪਾਠਾਂ ਦੇ ਭੋਗ ਪਾਏ ਗਾਏ। ਰਾਗੀ ਸਿੰਘਾਂ ਵਲੋਂ ਗੁਰੂ ਕੀ ਸੰਗਤ ਨੂੰ ਧੁਰ ਕੀ ਬਾਣੀ ਦੇ ਕੀਰਤਨ ਨਾਲ ਵੱਖ ਵੱਖ ਜਥਿਆਂ ਵਲੋਂ ਨਿਹਾਲ ਕੀਤਾ ਗਿਆ।

ਇਸ ਸਮੇਂ ਟਰਾਂਟੋ ਸਥਿਤ ਭਾਰਤੀ ਕੌਂਸਲ ਜਨਰਲ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵ ਵਲੋਂ ਇਕ ਗੁਰੂ ਨਾਨਕ ਸਾਹਿਬ ਤੇ ਲਿਖੀ ਕਿਤਾਬ ਵੀ ਗੁਰੂ ਦੁਆਰਾਂ ਪ੍ਰਬੰਧਕ ਕੁਮੇਟੀ ਨੂੰ ਭੇਂਟ ਕੀਤੀ ਗਈ ਤੇ ਨਾਲ ਹੀ ਗੁਰੂ ਸਾਹਿਬ ਦੇ ਉਪਦੇਸ਼ ਵਾਰੇ ਗੱਲ ਕਰਦੇ ਹੋਏ ਸਭ ਸੰਗਤ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਤੇ ਵਧਾਈ ਦਿੱਤੀ। ਇਸੇ ਤਰ੍ਹਾਂ ਬਰੈਂਪਟਨ ਸਾਊਥ ਤੋਂ ਐਮ ਪੀ ਸੋਨੀਆ ਸਿੱਧੂ , ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਂਨ ਉਨਟੈਰਿਉ ਸਰਕਾਰ ਦੇ ਮਨਿਸਟਰ ਅਤੇ ਬਰੈਂਪਟਨ ਸਾਊਥ ਦੇ ਐਮ ਪੀ ਪੀ ਪ੍ਰਭਮੀਤ ਸਰਕਾਰੀਆਂ ਵਲੋਂ ਜਿਥੇ ਗੁਰਪੁਰਬ ਦੀਆਂ ਵਧਾਇਆਂ ਦਿੱਤੀਆਂ, ਉਥੇ ਗੁਰੂ ਸਾਹਿਬ ਦੇ ਆਗਮਨ ਦਿਵਸ ਤੇ ਮੋਦੀ ਸਰਕਾਰ ਵਲੋਂ ਕਿਸਾਨੀ ਤਿੰਨ ਕਾਨੂੰਨਾਂ ਨੂੰ ਖ਼ਤਮ ਕਰਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸੇ ਤਰ੍ਹਾਂ ਗੁਰਦਵਾਰਾ ਨਾਨਕਸਰ ਵਲੋਂ ਵੀ ਸਾਰੇ ਆਏ ਵਿਸ਼ੇਸ਼ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਅਤੇ ਲੋਇਆ ਦੇ ਕੇ ਸਨਮਾਨ ਕੀਤਾ ਗਿਆ। ਗੁਰੂ ਕਾ ਅਤੁੱਟ ਲੰਗਰ ਸਾਰਾਂ ਦਿਨ ਚਲਦਾ ਰਿਹਾ। ਆਖਿਰ ਗੁਰੂਘਰ ਵਲੋਂ ਸਭ ਆਇਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਇਸ ਸਥਾਨ ਦੇ ਸਰਪ੍ਰਸਤ ਬਾਬਾ ਗੁਰਦੇਵ ਜੀ ਵਲੋਂ ਕੈਨੇਡਾ ਸੰਗਤਾਂ ਲਈ ਗੁਰਪੁਰਬ ਤੇ ਭੇਜੇ ਵਧਾਈ ਸੰਦੇਸ ਨੂੰ ਸਾਂਝਿਆ ਕੀਤਾ ਗਿਆ। ਇਸ ਦੌਰਾਨ ਗੁਰਦੁ-ਆਰਾ ਨਾਨਕਸਰ ਗੁਰੂਘਰ ਦੀ ਇਮ-ਾਰਤ ਨੂੰ ਬਹੁਤ ਹੀ ਰੰਗ-ਬਰੰਗੀਆਂ ਲਾਇਟਾਂ ਨਾਲ ਸਜਾਇਆ ਗਿਆ ਅਤੇ ਗੁਰਦੁਆਰੇ ਦੀ ਇਮਾਰਤ ਦੇ ਬਾਹਰ ਸੰਗਤਾਂ ਵਲੋਂ ਦੀਵੇ ਜਗਾ ਕੇ ਗੁਰੂ ਸਹਿਬ ਦੇ ਆਗਮਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਕਿਸਾਨ ਵਿਰੋਧੀ ਬਿੱਲਾਂ ਨੂੰ ਮਨਸੂਖ਼ ਕਰਨ ਦਾ ਐਲਾਨ ਕਿਸਾਨਾਂ ਲਈ ਵੱਡੀ ਜਿੱਤ : ਓਐਸਜੀਸੀ

ਓਨਟਾਰੀਓ, 25 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ 19 ਨਵੰਬਰ ਦਾ ਦਿਨ ਵਿਸ਼ਵ ਕਮਿਊਨਿਟੀ ਲਈ ਬਹੁਤ ਹੀ ਖਾਸ ਸੀ। ਉਸ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸੀ, ਜਿਸ ਨੂੰ ਦੁਨੀਆਂ ਭਰ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਉਸ ਦਿਨ ਪਿਛਲੇ ਇੱਕ ਸਾਲ ਤੋਂ ਭਾਰਤ ਦੀਆਂ ਸੜਕਾਂ ਉੱਤੇ ਕਿਸਾਨ ਵਿਰੋਧੀ 3 ਬਿੱਲਾਂ ਖਿਲਾਫ ਸੰਘਰਸ਼ ਕਰ ਰਹੇ ਸਾਡੇ ਕਿਸਾਨਾਂ ਲਈ ਵੀ ਬਹੁਤ ਹੀ ਚੰਗੀ ਖਬਰ ਆਈ।

ਓਨਟੇਰੀਓ ਗੁਰਦੁਵਾਰਾਜ ਕਮੇਟੀ ONTARIO GURDWARAS COMMITTE

ਭਾਰਤ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਉਨ੍ਹਾਂ ਵੱਲੋਂ ਕਿਸਾਨ ਵਿਰੋਧੀ ਤਿੰਨਾਂ ਬਿੱਲਾਂ ਨੂੰ ਮਨਸੂਖ਼ ਕੀਤਾ ਜਾਵੇਗਾ ਤੇ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਕਿਸਾਨ ਸੰਘਰਸ਼ ਕਰ ਰਹੇ ਹਨ ਉਨ੍ਹਾਂ ਉੱਤੇ ਵੀ ਕੰਮ ਕੀਤਾ ਜਾਵੇਗਾ। ਓਐਸਜੀਸੀ ਦੇ ਚੇਅਰਮੈਨ ਕੁਲਤਾਰ ਸਿੰਘ ਨੇ ਆਖਿਆ ਕਿ ਕਿਸਾਨਾਂ ਦੀ ਇਸ ਪ੍ਰਾਪਤੀ ਉੱਤੇ ਉਹ ਖੁਸ਼ ਹਨ। ਉਨ੍ਹਾਂ ਆਖਿਆ ਕਿ ਜਿਸ ਦਿਨ ਤੋਂ ਕਿਸਾਨਾਂ ਵੱਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਹੈ ਉਦੋਂ ਤੋਂ ਹੀ ਓਐਸਜੀਸੀ ਕਿਸਾਨਾਂ ਦੇ ਨਾਲ ਹੈ। ਉਨ੍ਹਾਂ ਆਖਿਆ ਕਿ ਅਸੀਂ ਕਿਸਾਨਾਂ ਦੇ ਲੀਡਰਾਂ ਨਾਲ ਵੀ ਰਾਬਤਾ ਰੱਖ ਰਹੇ ਸੀ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਮਦਦ ਚਾਹੀਦੀ ਹੈ।

ਓਐਸਜੀਸੀ ਨੇ ਹਮੇਸ਼ਾਂ ਕਿਸਾਨ ਆਗੂਆਂ ਤੇ ਸਰਕਾਰ ਨੂੰ ਇਸ ਮਸਲੇ ਦੇ ਹੱਲ ਲਈ ਵੀ ਕਈ ਤਰ੍ਹਾਂ ਦੇ ਸੁਝਾਅ ਦਿੱਤੇ ਸਨ। ਉਨ੍ਹਾਂ ਆਖਿਆ ਕਿ ਕਿਸਾਨਾਂ ਦੀ ਇੱਕਜੁੱਟਤਾ ਤੇ ਸਾਂਝੀਆਂ ਕੋਸ਼ਿਸ਼ਾਂ ਸਦਕਾ ਹੀ ਕਿਸਾਨਾਂ ਨੂੰ ਇਹ ਜਿੱਤ ਹਾਸਲ ਹੋਈ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਇਨ੍ਹਾਂ ਬਿੱਲਾਂ ਨੂੰ ਮਨਸੂਖ਼ ਕਰਨ ਦੇ ਕੀਤੇ ਗਏ ਵਾਅਦੇ ਨੂੰ ਹੁਣ ਵਫਾ ਕਰਨ ਦਾ ਟਾਈਮ ਆ ਗਿਆ ਹੈ ਤੇ ਅਸੀਂ ਆਸ ਕਰਦੇ ਹਾਂ ਕਿ ਪ੍ਰਧਾਨ ਮੰਤਰੀ ਆਪਣਾ ਵਾਅਦਾ ਪੂਰਾ ਕਰਨਗੇ ਤੇ ਪਾਰਲੀਆਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਕਿਸਾਨਾਂ ਨਾਲ ਸਬੰਧਤ ਇਨ੍ਹਾਂ ਤਿੰਨਾਂ ਬਿੱਲਾਂ ਨੂੰ ਮਨਸੂਖ਼ ਕਰ ਦੇਣ ਤਾਂ ਕਿ ਕਿਸਾਨ ਵੀ ਠੰਢ ਦੇ ਮੌਸਮ ਵਿੱਚ ਆਪਣੇ ਘਰਾਂ ਨੂੰ ਜਾ ਸਕਣ।

# ਤਥਾ: ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕਾ ਵਾਪਾਰ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖੁ ਭੁਖਿਆ ਮੁਏ ਗਵਾਰ॥



ਕਰਨੈਲ ਸਿੰਘ ਟੋਰਾਂਟੋ
416-746-7642

(ਮਹਲਾ ੪॥ ਪੰਨਾ ੬੪੭)

ਅਰਥ: ਪੰਡਿਤ=ਵਿਦਵਾਨ ਲੋਕ ਦੂਜੈ ਲਾਗੇ=ਪ੍ਰਮਾਤਮਾਂ ਨੂੰ ਆਪਣੇ ਅੰਦਰ ਢੂੰਡਣ ਦੀ ਵਜਾਏ, ਗ੍ਰੰਥਾਂ ਨੂੰ ਪੜ੍ਹਕੇ ਲੋਕਾਂ ਨੂੰ ਸੁਣਾਕੇ, ਮਾਇਆ ਦਾ ਵਾਪਾਰ ਬਣਾਕੇ ਬੈਠ ਗਏ, ਇਹਨ੍ਹਾਂ ਵਿਦਵਾਨਾਂ ਦੇ ਅੰਦਰ ਮਾਇਆ ਕਮਾਣ ਦੀ ਤ੍ਰਿਸਨਾਂ ਹੈ। ਇਹ ਰੱਬ ਦੀ ਖੋਜ ਨੂੰ ਛੱਡਕੇ ਮਾਇਆ ਦੇ ਜਾਲ ਵਿੱਚ ਫੱਸ ਗਏ ਹਨ। ਇਹ ਭੁੱਲੇ ਹੋਏ ਪੰਡਿਤ=ਵਿਦ-ਵਾਨ ਹੋਗੇ ਗਵਾਰਾਂ ਜੈਸੇ ਬੇਸਮਜ ਹੋ ਗਏ ਹਨ। ਇਹ ਭੁੱਖੇ ਹੀ ਮਰਨਗੇ, ਇਨ੍ਹਾਂ ਦੀ ਤ੍ਰਿਸ਼ਨਾ ਮਿਟੇਗੀ ਨਹੀਂ ਅੰਤ ਸਮੇਂ ਜਮਾਂ ਦੀ ਮਾਰ ਖਾਣਗੇ, ਕਦੇ ਨਰਕਾਂ ਦੇ ਕੁੰਡਾਂ ਵਿੱਚ, ਕਦੇ ਜੂਨੀਆਂ ਵਿਚ ਘੁਮਣਗੇ।

ਤਥਾ: ਬਿਨੁ ਬਿਦਿਆ ਕਹਾ ਕੋਈ ਪੰਡਿਤ॥ ਬਿਨੁ ਅਮਰੈ ਕੈਸੇ ਰਾਜ ਮੰਡਿਤ॥
ਬਿਨੁ ਬੂਝੇ ਕਹਾ ਮਨੁ ਠਹਰਾਨਾ॥ ਨਾਮ ਬਿਨਾ ਸਭੁ ਜਗੁ ਬਉਰਾਨਾ॥੩॥
(ਮਹਲਾ ੫॥ ਪੰਨਾ ੧੧੪੦)

ਅਰਥ: ਵਿਦਿਆ ਪੜੇ ਤੋਂ ਬਿਨਾਂ ਕਿਵੇਂ ਕੋਈ ਪੰਡਿਤ ਕਹਾ ਸਕਦਾ=ਨਹੀਂ ਕਹਾ ਸਕਦਾ॥ ਰਾਜਾ ਰਾਜ ਤਖਤ ਤੇ ਬੈਠਾ ਹੈ, ਪਰ ਹੁਕਮ ਉਸਦਾ ਚਲਦਾ ਨਹੀਂ। ਤਾਂ ਦੱਸੋ ਖਾਂ ਕਿਵੇਂ ਸੋਭਾ ਦਾ ਅਧਘਾਰੀ ਹੋ ਸਕਦਾ ਹੈ, ਹੁਕਮ ਤਾਂ ਵਜ਼ੀਰ ਸਾਹਿਬ ਦਾ ਚਲਦਾ ਹੈ। ਨਾਮ ਜਪੇ ਤੋਂ ਬਗੈਰ ਮਨ ਕਿਵੇਂ ਟਿਕੇਗਾ, ਪ੍ਰਭੂ ਦੇ ਚਰਨਾਂ ਵਿਚ ਪ੍ਰੀਤੀ ਕਿਵੇਂ ਲੱਗੇਗੀ। ਨਾਮੁ ਜਪੇ ਤੋਂ ਬਿਨਾਂ ਸਾਰਾ ਜੱਗ ਬਉਰਾਨਾਂ=ਝੱਲਾ ਹੈ।

ਤਥਾ: ਜਿਨ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥
ਬਿਸ਼ਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥
(ਮ: ੩॥ ਪੰਨਾ ੧੨੪੭)

ਅਰਥ: ਜਿਨਾਂ ਨੇ ਪ੍ਰਮਾਤਮਾਂ ਦਾ ਨਾਮ ਭੁਲਾ ਦਿਤਾ ਹੈ, ਜਪਿਆ ਹੀ ਨਹੀਂ। ਉਹ ਹੋਰ ਕਿਹੜੇ ਜਾਪ=ਪਾਠ ਪੜ੍ਹਦੇ ਫਿਰਦੇ ਹਨ। ਉਹੋ ਮਾਇਆ ਰੂਪੀ ਧੰਦਿਆਂ ਕਰਕੇ ਲੁਟੇ ਗਏ ਹਨ, ਉਹ ਗੂੰਹ ਦੇ ਅੰਦਰ ਕੀੜੇ ਬਣਾਕੇ ਭੇਜੇ ਜਾਂਦੇ ਹਨ। ਭਾਵ ਇਨ੍ਹਾਂ ਦੀ ਖੁਰਾਕ ਗੂੰਹ ਹੀ ਹੋਵੇਗੀ।

ਤਥਾ: ਜਹ ਜਹ ਦੇਖਾ ਤਹ ਤਹ ਸੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਇਹ ਕਰਣੀ ਸਾਰੁ॥ ਹੋਰ ਸਭੁ ਪਾਖੰਡ ਪੂਜ ਖੁਆਰੁ॥
(ਪੰਨਾ 1386)

ਅਰਥ: ਜਿਥੇ ਜਿਥੇ ਵੇਖਦੇ ਹਾਂ ਉਥੇ ਉਥੇ ਹੀ ਪ੍ਰਭੂ ਹੈ, ਸਤਿਗੁਰੂ ਭੇਟੇ ਬਿਨਾਂ=ਗੁਰੂ ਧਾਰਨ ਕੀਤੇ ਬਿਨਾਂ ਨਾਮੁ ਪ੍ਰਾਪਤਿ ਨਹੀਂ ਹੁੰਦਾ। ਨਾਮ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਹਿਰਦੇ ਵਿਚ ਜੋ ਸੱਚਾ ਨਾਮ ਹੈ, ਇਹ ਸਭ ਕਰਮਾਂ ਧਰਮਾਂ ਤੋਂ ਸਰੇਸ਼ਟ ਹੈ। ਨੋਟ: ਧ੍ਰੂੰ ਪਹਿਲਾਦ ਆਦਕ ਅਨੇਕਾ ਭਗਤਾਂ ਨੇਂ ਨਾਮੁ ਜੱਪ ਕੇ ਭਗਤੀ ਕੀਤੀ, ਉਨ੍ਹਾਂ ਦੀ ਭਗਤੀ ਤੇ ਪ੍ਰਸੱਨ ਹੋਕੇ ਪ੍ਰਭੂ ਆਪ ਉਨ੍ਹਾਂ ਨੂੰ ਮਿਲੇ ਸੀ।

ਤਥਾ: ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਾਣੇਂ ਇਹਿ ਓਰੈ ਮੂਸੇ ਮੂਸੇ॥
(ਪੰਨਾ ੨੧੬)

ਅਰਥ: ਹਰੀ ਨਾਮੁ ਤੋਂ ਬਿਨਾਂ ਜਿਹੜੇ ਕਰਮ ਧਰਮ ਕਰਦੇ ਹਨ, ਕਰਮਾਂ ਧਰਮਾਂ ਦਾ ਜਿਹੜਾ ਥੋੜਾ ਬਹੁਤ ਫੱਲ ਹੈ, ਇਸਨੂੰ ਰਸਤੇ ਵਿਚ ਜਮਦੂਤ ਲੁਟ ਲੈਂਦੇ ਹਨ। ਇਹ ਬਿਰਥੇ ਚਲੇ ਜਾਂਦੇ ਹਨ। ਜਪ=ਪਾਠ ਕੀਤਾ ਹੋਇਆ ਨਾਮ ਤੋਂ ਬਿਨਾਂ ਤਪ=ਸੇਵਾ ਆਦਿਕ ਦਾ ਫਲ ਤੀਰਥ ਆਦਿਕ੍ਰ ਅਨੇਕਾਂ ਕਰਮ ਹਨ। ਅਗਰ ਤੁਸੀਂ ਨਾਮ ਨਹੀਂ ਜੱਪਿਆ ਇਹ ਕਰਮ ਬੇਅੱਰਥ ਚਲੇ ਜਾਂਦੇ ਹਨ। ਨਾਮ ਦੇ ਜਪਣ ਵਾਲੇ ਦੇ ਪਾਸ ਜਮ ਨਹੀਂ ਆਉਂਦੇ। ਮੇਰਾ ਆਪਣਾ ਅੰਦਾਜ਼ਾ ਹੈ, ਕੇ ਸਾਡੇ ਸਿੱਖ ਧਰਮ ਵਿਚ ਬਹੁਤ ਥੋੜੀ ਗਿਣਤੀ ਵਿਚ ਮਾਈ ਭਾਈ ਅੰਮ੍ਰਿਤ ਛੱਕਦੇ ਨੇਂ, ਅੰਮ੍ਰਿਤ ਛੱਕੇ ਤੋਂ ਬਿਨਾਂ ਨਾਮੁ ਨਹੀਂ ਮਿਲਦਾ। ਗੁਰੂ ਗ੍ਰੰਥ ਪਾਸੋਂ, ਨਿਗੁਰੇ ਮਰ ਕੇ ਜਮਾਂ ਦੇ ਬੱਦੇ ਜਾਂਦੇ ਹਨ। ਇਹ ਨਰਕ ਵਿਚ, ਜਾਂ ਚੁਰਾਸੀ ਲਖ ਜੂਨਾਂ ਭੋਗਦੇ ਹਨ।

ਤਥਾ: ਸਤਿਗੁਰ ਬਾਝਹੁ ਗੁਰ ਨਹੀਂ ਕੋਈ॥
ਨਿਗਰੇ ਕਾ ਹੈ ਨਾਉ ਬੁਰਾ॥ ਮਹਲਾ ੧॥
(ਪੰਨਾ ੪੩੫)

ਅਰਥ: ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਨਿਗੁਰੇ ਪੁਰਖ ਤੇਰਾ ਤਾਂ ਨਾਮ ਲੈਣਾਂ ਵੀ ਬੁਰਾ ਹੈ, ਤੂੰ ਬੁਰਾ ਪੁਰਖ ਕਾਨੂੰ ਮੱਥੇ ਲਗਦਾ ਫਿਰਦਾ ਹੈਂ। ਸਰੋਤਾ ਜਨੋਂ ਪਾਠਕ ਜਨੋਂ ਸੋਚ ਲਉ ਉਸਦਾ ਮੱਥਾ ਟੇਕਿਆ ਪਰਵਾਨ ਕਰਨਗੇ ਗੁਰੂ ਗ੍ਰੰਥ ਸਾਹਿਬ, ਜਾਂ ਦੁਰਾਸੀਸ਼ ਲੈਕੇ ਆਵੇਗਾ। ਸਾਡੇ ਧਰਮ ਵਿਚ ਪਰਚਾਰਕਾਂ ਦਾ ਘਾਟਾ ਨਹੀਂ, ਜਹਾਜ਼ ਭਰੇ ਆਉਂਦੇ ਨੇਂ। ਪਰਚਾਰ ਸਹੀ ਤਰੀਕੇ ਨਾਲ ਨਹੀਂ ਕਰਦੇ, ਜੇ ਸਹੀ ਤਰੀਕੇ ਨਾਲ ਗੁਰਬਾਣੀ ਦੇ ਅੱਰਥ ਪੜ੍ਹਕੇ ਸਣਾਏ ਜਾਂਦੇ, ਤਾਂ ਸਿੱਖਾਂ ਦੇ ਘਰਿ ਜਨਮ ਲੈਣ ਵਾਲੇ ਸੱਭ ਅੰਮ੍ਰਿਤ ਛੱਕ ਕੇ ਗੁਰੂ ਗ੍ਰੰਥ ਸਾਹਿਬ ਤੋਂ ਨਾਮ ਲੈਂਦੇ। ਨਾਮ ਜਪਕੇ ਆਪਣਾਂ ਜਨਮ ਸਫਲਾ ਕਰਕੇ ਜਾਂਦੇ। ਫੇਰ ਮਨੁੱਖਾ ਜਨਮ ਕਰੋੜਾਂ ਬਰਸਾਂ ਤੋਂ ਬਾਦ ਮਿਲਦਾ ਹੈ। ਚਉਰਾਸੀ ਲੱਖ ਜੂਨਾਂ ਵਿਚ ਫਿਰਕੇ, ਮਨੁੱਖਾ ਜੂਨੀ ਮਿਲੇਗੀ।

ਤਥਾ: ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ ਬਿਨੁ ਪੇਖੇ ਕਹੁ ਕੈਸੋ ਧਿਆਨੁ॥
ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਕਾ ਬੀਚਾਰ॥
(ਭੈਰਉ ਮਹਲਾ ੫॥ ਪੰਨਾ ੧੧੪੧)

ਅਰਥ: ਗੁਰੂ ਦੀ ਦੀਖਿਆ ਲਏ ਤੋਂ ਬਗੈਰ ਕਿਵੇਂ ਗਿਆਨੁ ਪ੍ਰਾਪਤ ਹੋਵੇਗਾ ਭਾਵ ਸਿਖਿਆ ਲੈਣੀਂ ਜ਼ਰੂਰੀ ਹੈ। ਬਿਨੁ ਗੁਰ ਪੇਖੇ=ਦੇਖੇ ਤੋਂ ਬਿਨਾਂ ਗੁਰੂ ਦਾ ਧਿਆਨ ਕਿਵੇਂ ਧਰੇਂਗਾ। ਪਰਮੇਸ਼ਰ ਦਾ ਡਰ ਧਾਰੇ ਤੋਂ ਬਿਨਾਂ ਤੇਰੀ ਕਥਨੀਂ ਬਦਨੀਂ ਕੱਥਾ ਵਾਰਤਾ, ਪਾਠ ਪੂਜਾ, ਮੱਥਾ ਟੇਕਿਆ, ਭੇਟਾਵਾਂ ਅਰਦਾਸਾਂ ਕਰਾਈਆਂ ਸਭ ਬੇਕਾਰ ਜਾਣਗੀਆਂ। ਗੁਰੂ ਜੀ ਕਹਿੰਦੇ ਹਨ:- ਇਹ ਅਸੀਂ ਪਰਮੇਸ਼ਰ ਦੇ ਦਰ ਦੀ ਵੀਚਾਰ ਕਰੀ ਹੈ।

ਤਥਾ: ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥
ਜਮ ਪੁਰਿ ਬਧੇ ਮਾਰਿਅਹਿ ਕੋ ਨ ਸੁਣੇ ਅਰਦਾਸਿ॥
(ਪੰਨਾ 586)

ਅਰਥ: ਜਿਨ੍ਹਾਂ ਨੇਂ ਸਤਿਗੁਰੂ=ਗੁਰੂ ਗ੍ਰੰਥ ਸਾਹਿਬ ਦਾ ਡਰ ਛੱਡਕੇ ਮਾਇਆ ਦੇ ਧੰਧਿਆਂ ਵਿਚ ਫੱਸਕੇ, ਗੁਰੂ ਕੀ ਮਰਜ਼ੀ ਤੋਂ ਉੱਲਟ ਕੰਮ ਕੀਤੇ ਹਨ, ਉਹਨਾਂ ਦਾ ਕੋਈ ਕੰਮ ਰਾਸ ਨਹੀਂ ਆਇਗਾ। ਅੰਤ ਸਮੇਂ ਜਮਾਂ ਦੇ ਬੱਧੇ ਮਾਰ ਖਾਂਦੇ ਜਾਣਗੇ।

ਤਥਾ: ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ।
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ॥
(ਪੰਨਾ ੫੨੮)

ਅਰਥ: ਜਿਨ੍ਹਾਂ ਪੁਰਖਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਹੈ, ਉਹ ਕੋਹੜੀ ਬੰਦੇ ਜੈਸਾ ਕੋਹੜੀ ਹੈ। ਨਿਗੁਰਾ ਪੁਰਸ਼ ਗਲਾਂ ਬਹੁਤ ਕਰਦਾ ਹੈ, ਪਰ ਨਿਗੁੱਰੇ ਨੂੰ ਦਰਗਾਹ ਵਿਚ ਭ੍ਰਸ਼ਿਟਿਆ ਕਹਿਕੇ ਨਰਕਾਂ ਵਿਚ ਸੁੱਟ ਦਿੰਦੇ ਹਨ।

ਤਥਾ: ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥
ਗੁਰਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸ ਰਹੈ ਲਿਵ ਲਾਇ॥
(ਮਾਰੂ ਮਹਲਾ ੧॥ ਪੰਨਾ ੧੦੧੫)

ਅਰਥ: ਮੂਰਖਾਂ ਵਿਚੋਂ ਸਿਰ=ਸਰੋਮਣੀਂ ਵੱਡਾ ਮੂਰਖਾ ਹੈ। ਜਿਹੜਾ ਨਾਮ ਨਹੀਂ ਜਪਦਾ, ਗੁਰੂ ਧਾਰਕੇ ਨਾਮ ਪਾਇਆ ਜਾਂਦਾ ਹੈ। ਸਤਿਗੁਰਾਂ ਦੇ ਭਾਣੇਂ=ਹੁਕਮ ਮੰਨਕੇ ਨਾਮ ਮਨ ਵਿਚ ਵਸਦਾ ਹੈ। ਫੇਰ ਦਿਨ ਰਾਤ ਆਨੰਦ ਵਿਚ ਰਹਿੰਦਾ ਹੈ।

ਤਥਾ: ਸੋਈ ਨਾਮੁ ਅਛਲ ਭਗਤ ਭਵ ਤਾਰਣੂ ਅਮਰਦਾਸ ਗੁਰ ਕਉ ਫੁਰਿਆ॥
ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨ ਸਿਵ ਸਨਕਾਦਿ ਸਮੁਧਰਿਆ॥
(ਪੰਨਾ ੧੩੯੩)

ਅਰਥ: ਸੋਈ ਨਾਮੁ=ਅਛਲੁ-ਛਲਣ ਤੋਂ ਰਹਿਤ, ਪ੍ਰਮਾਤਮਾਂ ਦਾ ਨਾਮ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ, ਸੋਈ ਨਾਮ-ਓਹੀ ਨਾਮ ਸ੍ਰੀ ਗੁਰੂ ਅਮਰਦਾਸ ਜੀ, ਆਪ ਜੀ ਨੂੰ ਫੁਰਿਆ, ਗੁਰੂ ਅੰਗਦ ਦੇਵ ਜੀ ਦੁਆਰਾ ਸੁਣਿਆ ਆਪ ਜੀ ਨੇਂ। ਓਹੀ ਨਾਮੁ ਨੌਂ ਨਾਥਾਂ ਨੇ ਜਪਿਆ ਹੈ, ਸ਼ਿਵ ਜੀ ਅਤੇ=ਸਨਕ, ਸਨੰਦਨ, ਸਨਾਤਨ ਸੰਤ ਕਮਾਰ, ਚਾਰੇ ਪੁਤ੍ਰਾਂ ਬ੍ਰਹਮਾਂ ਜੀ ਦਿਆਂ ਪੁਤ੍ਰਾਂ ਨੇਂ ਜਪਿਆ॥

ਤਥਾ: ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥
ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥੬॥
(ਪੰਨਾ ੧੩੯੩)

ਅਰਥ: ਸਾਰਿਆਂ ਸਾਧਨਾਂ ਤੋਂ ਸ੍ਰੋਮਣੀ=ਵੱਡਾ ਸਾਧਨ ਨਾਮ ਜਪਣਾਂ ਹੈ। ਇਸੇ ਕਰਕੇ ਸਤਿ ਜੁਗ ਤੋਂ ਲੈਕੇ ਜਿਨੇਂ ਭਗਤ ਹੋਏ ਸਭ ਨਾਮ ਜਪਕੇ ਤਰੇ ਹਨ। ਓਹੀ ਨਾਮ ਸ੍ਰੀ ਗੁਰੂ ਅਮਰਦਾਸ ਜੀ ਤੁਹਾਨੂੰ ਕਰਤਾਰ ਸਰੂਪ ਗੁਰੂ ਅੰਗਦ ਦੇਵ ਜੀ ਨੇਂ ਦਿੱਤਾ ਹੈ।

ਤਥਾ: ਖਤ੍ਰੀ ਬਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੂ ਨਾਨਕ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ॥
(ਮਾਰੂ ਮਹਲਾ ੫॥ ਪੰਨਾ ੧੦੦੧)

ਅਰਥ: ਖਤ੍ਰੀ, ਬ੍ਰਾਹਮਨ, ਸੂਦ, ਵੈਸ=ਚਾਰੇ ਆਸ੍ਰਮਾਂ ਦੇ ਬੰਦੇ ਪ੍ਰਮਾਤਮਾਂ ਦਾ ਇਕੋ ਨਾਮ ਜੱਪਦੇ ਤਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਕਹਿੰਦੇ ਹਨ-ਜੋ ਸ਼ਰਧਾ ਨਾਲ ਗੁਰੂ ਧਾਰਨ ਕਰਕੇ ਸੁਣੇਂਗਾ ਉਹ ਸੰਸਾਰ ਤੋਂ ਪਾਰ ਉਤਰ ਜਾਇਗਾ। ਪੂਰੇ ਗੁਰੂ ਬ੍ਰਮ ਨੇਸ਼ਟੀ ਬ੍ਰਹਮ ਸਰੋਤਰੀ ਆਪਣੇਂ ਮੁਖਾਰਬਿੰਦ ਤੋਂ ਉਦੇਸ਼ ਦੇਂਦੇ ਹਨ, ਉਸ ਉਪਦੇਸ਼ ਨੂੰ ਜੋ ਸ਼ਰਧਾ ਨਾਲ ਸੁਣਕੇ ਦਿਨ ਰਾਤ ਸਿਮਰਨ ਕਰੇਗਾ, ਉਸਦਾ ਜੰਮਣ-ਮਰਣ ਦਾ ਚੱਕਰ ਮਿੱਟ ਜਾਇਗਾ। ਗੁਰੂ ਗ੍ਰੰਥ ਸਾਹਿਬ ਦਾ ਏਹੀ ਉਪਦੇਸ਼ ਹੈ, ਮਨੁੱਖਾ ਜੂਨੀ ਵਿਚ ਨਾਮ ਜੱਪਕੇ ਆਪਣਾ ਜਨਮ ਸੱਫਲਾ ਕਰ ਲਵੋ।

(ਸ੍ਰੀ ਗੁਰੂ ਨਾਨਕ ਦੇਵ ਜੀ ਨੇਂ ਆਪਣੇ ਗੁਰੂ, ਪ੍ਰਮੇਸ਼ਰ ਤੋਂ ਲਿਆ ਸੀ ਨਾਮ)
ਜਨ ਨਾਨਕ ਕੰਉ ਹਰਿ ਨਾਮ ਹਰਿ ਨਾਮੁ ਹਰਿ ਗੁਰਿ ਦੀਆ,
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥ ਵਡਹੰਸ ਮਹਲਾ ੪॥
(ਪੰਨਾ ੫੯੨)

ਅਰਥ: ਗੁਰੂ ਜੀ ਕਹਿੰਦੇ ਹਨ: ਮੈਨੂੰ ਨਾਨਕ ਨੂੰ ਨਾਮ ਹਰੀ ਗੁਰੂ ਨੇਂ ਦਿਤਾ ਸੀ ਹਰੀ ਗੁਰੂ ਹਲਤਿ ਪਲਤਿ=ਲੋਕ ਪਰਲੋਕ ਦਾ ਨਿਸਤਾਰਾ ਕਰਦਾ ਹੈ।

ਤਥਾ: ਤਤੁ ਨਿਰੰਜਨੁ ਜੋਤਿ ਸਬਾਦੀ ਸੋ ਹੇ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥੫॥
(ਮਹਲਾ ੧॥ ਪੰਨਾ ੫੯੯)

ਅਰਥ: ਤਤੁ ਨਿਰੰਜਨੁ ਪਰਮਾਤਮਾਂ ਜਿਸਦੀ ਜੋਤਿ ਸਦਾ ਹੀ ਜਗਦੀ ਰਹਿੰਦੀ ਹੈ, ਸੋਹੰ=ਪ੍ਰਮਾਤਮਾਂ ਅਤੇ ਅਸੀਂ ਇਕ ਰੂਪ ਹਾਂ ਸਾਡੇ ਵਿਚ ਕੋਈ ਭੇਦ ਨਹੀਂ, ਅਸੀਂ ਇਕ ਰੂਪ ਹਾਂ, ਉਹ ਪਰਮੇਸ਼ਰ ਮੈਨੂੰ ਗੁਰੂ ਮਿਲਿਆ ਹੈ।

ਤਥਾ: ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥ ਮਹਲਾ ੪॥
(ਪੰਨਾ ੬੫੦)

ਅਰਥ: ਧਾਰਮਕ ਗ੍ਰੰਥਾਂ ਦਾ ਪੜ੍ਹਨਾਂ ਅਤੇ ਵਿਚਾਰਨਾ ਸੰਸਾਰੀ ਲੋਕਾਂ ਦਾ ਇਕ ਵਿਹਾਰ ਹੈ, ਕਿਉਂਕੇ ਜਿਨ੍ਹਾਂ ਦੇ ਅੰਦਰ ਮਾਇਆ ਕਮਾਣ ਦੀ ਤ੍ਰਿਸ਼ਨਾਂ ਦਾ ਵਿਕਾਰ=ਰੋਗ ਲੱਗਾ ਹੈ, ਪਦਾਰਥਾਂ ਦੀ ਖਤਾਰ ਪੜ੍ਹ ਕੇ ਥੱਕ ਗਏ ਹਨ, ਦੂਜੈ ਭਾਇ=ਮਾਇਆ ਦੀ ਖਾਤਰ ਪੜ੍ਹਨ ਵਾਲੇ ਖੁਆਰੁ ਹੁੰਦੇ ਹਨ।

ਤਥਾ: ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥
ਸਲੋਕੁ ਮ: ੩॥
(ਪੰਨਾ ੬੫੦)

ਅਰਥ: ਉਹੀ ਪੜ੍ਹਿਆ ਹੋਇਆ ਪੰਡਿਤ ਚਤੁਰ=ਸਿਆਣਾ ਹੈ, ਜੋ ਗੁਰ ਉਪਦੇਸ਼ ਦਾ ਸਿਮਰਨ ਕਰਦਾ ਹੈ। ਅੰਦਰੁ ਖੋਜੈ ਤਤੁ ਲਹੈ=ਆਪਣੇਂ ਹਿਰਦੇ ਅੰਦਰੁ ਖੋਜੇ ਤਤੁ ਲਹੇ, ਗੁਰ ਉਪਦੇਸ਼ ਦਾ ਅਭਿਆਸ ਕਰੋਗੇ ਤਾਂ ਵਾਹਿਗੁਰੂ ਤੁਹਾਡੇ ਅੰਗ ਸੰਗ ਹੋ ਜਾਵੇਗਾ, ਤੁਹਾਡੇ ਸਾਰੇ ਕਾਰਜ ਕਰੇਗਾ, ਅੰਤ ਸਮੇਂ ਮੁਕਤੀ ਨੂੰ ਪ੍ਰਾਪਤ ਕਰ ਲਉਗੇ, ਨਾਮ ਜਪੋ ਤੁਹਾਨੂੰ ਪ੍ਰਤੱਖ ਚਾਨਣਾ ਹੋ ਜਾਵੇਗਾ।

ਤਥਾ: ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥੩੩॥
(ਸਹਸ ਕ੍ਰਿਤੀ ਮਹਲਾ ੫॥ ਪੰਨਾ ੧੩੫੭)

ਅਰਥ: ਜੋ ਪ੍ਰਾਣੀ ਗੁਰਮੰਤਰ ਤੋਂ ਹੀਣਾ ਹੈ, ਗੁਰਮੰਤ੍ਰ ਨਹੀਂ ਲਿਆ, ਉਸਦੇ ਜਨਮ ਨੂੰ ਧ੍ਰਿਗਾਰ ਹੈ, ਉਹ ਨਿਗੁਰਾ ਪੁਰਖ ਭਰਿਸ਼ਟਿਆ ਹੋਇਆ ਹੈ। ਕੂਕਰਹ ਸੂਕਰ,=ਕੁਤਾ, ਸੂਰ=ਗਰਧਭਹ=ਗਦਾ, ਕਾਕਹ=ਕਾਂ, ਸਰਪਨਹ=ਸੱਪ। ਕੁੱਤਾ, ਸੂਰ, ਗਧਾ, ਕਾਂ, ਸੱਪ ਇਨ੍ਹਾਂ ਪੰਜਾਂ ਜੈਸਾ ਹੈ।

ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹਾਂ ਜੀ। ਕਰਨੈਲ ਸਿੰਘ ਟੋਰੰਟੋ-416-746-7642

# "ਮੇਰਾ ਵੱਸਦਾ ਰਹੇ ਪੰਜਾਬ"

ਪੰਜਾਬ ਦਾ ਨਾਂ ਜ਼ੁਬਾਨ 'ਤੇ ਆਉਂਦੇ ਸਾਰ ਹੀ ਮਨ ਵਿੱਚ ਖੁੱਲ੍ਹੇ ਡੁੱਲ੍ਹੇ ਖੇਤਾਂ , ਪਿੱਪਲਾਂ, ਬੋਹੜਾਂ ,ਸਰ੍ਹੋਂ ਦਾ ਸਾਗ , ਮੱਕੀ ਦੀ ਰੋਟੀ ਲੱਸੀ , ਉੱਚੇ - ਲੰਮੇ ਗੱਭਰੂ, ਮੁਟਿਆਰਾਂ , ਗੁਰੂਆਂ - ਪੀਰਾਂ , ਦਰਿਆਵਾਂ , ਭੰਗੜੇ , ਪਗੜੀ ਅਤੇ ਬੈਲ ਗੱਡੀਆਂ ਦਾ ਦ੍ਰਿਸ਼ ਸੁਭਾਵਿਕ ਹੀ ਮਨ ਵਿੱਚ ਆਪਣੀ ਛਾਪ ਛੱਡ ਜਾਂਦਾ ਹੈ ਅਤੇ ਦਿਲੋ ਦਿਮਾਗ਼ ਵਿੱਚ ਖ਼ੁਸ਼ਹਾਲੀ , ਮਿਲਵਰਤਨ, ਸਿਦਕ ਸਿਰੜ , ਮਿਹਨਤ , ਸਾਦਗੀ , ਇਮਾਨਦਾਰੀ , ਪਰਉਪਕਾਰ ਤੇ ਜਜ਼ਬੇ ਦੀ ਭਾਵਨਾ ਘਰ ਕਰ ਜਾਂਦੀ ਹੈ । ਪੰਜਾਬ ਭਾਰਤੀ ਭੂ - ਖੰਡ ਦਾ ਅਜਿਹਾ ਖੇਤਰ ਹੈ ਜਿਸ ਦੀਆਂ ਹੱਦਾਂ ਪੂਰਵ ਇਤਿਹਾਸ ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਬਦਲਦੀਆਂ ਰਹੀਆਂ ਹਨ । ਆਜ਼ਾਦੀ ਸਮੇਂ ਪੰਜਾਬ ਦੀ ਧਰਤੀ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ (ਲਹਿੰਦਾ ਪੰਜਾਬ) ਵਿੱਚ ਤਕਸੀਮ ਹੋ ਗਈ। ਪੰਜਾਬ ਉਹ ਮਹਾਨ ਤੇ ਪਵਿੱਤਰ ਧਰਤੀ ਹੈ ਜਿੱਥੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਰਾਜ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ "ਖਾਲਸਾ ਪੰਥ" ਦੀ ਸਥਾਪਨਾ ਕੀਤੀ ਅਤੇ ਗਿੱਦੜਾਂ ਨੂੰ ਸ਼ੇਰ ਬਣਾਇਆ। ਇਸ ਧਰਤੀ 'ਤੇ ਹੀ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਜਿਹੇ ਯੋਧੇ ਪੈਦਾ ਹੋਏ। ਇਸ ਪੰਜਾਬ ਦੀ ਧਰਤੀ 'ਤੇ ਹੀ ਮਹਾਰਾਜਾ ਰਣਜੀਤ ਸਿੰਘ ਜੀ , ਸਰਦਾਰ ਹਰੀ ਸਿੰਘ ਨਲੂਆ ਜੀ , ਬਾਬਾ ਬੰਦਾ ਸਿੰਘ ਜੀ ਬਹਾਦਰ ਆਦਿ ਮਹਾਨ ਜਰਨੈਲ ਪੈਦਾ ਹੋਏ । ਪੰਜਾਬ ਦੇ ਪਿੰਡਾਂ ਦੀਆਂ ਰੌਣਕਾਂ , ਚੌਪਾਲਾਂ , ਸੱਥਾਂ , ਰੁੱਖਾਂ , ਹਰੇ - ਭਰੇ ਖੇਤਾਂ, ਦੇਸੀ ਖੇਡਾਂ ਅਤੇ ਮਿਲਾਪੜੇ ਲੋਕਾਂ ਦਾ ਕੀ ਕਹਿਣਾ । ਪੰਜਾਬੀਆਂ ਨੇ ਸ਼ੁਰੂ ਤੋਂ ਹੀ ਵਿਦੇਸ਼ੀ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ , ਆਜ਼ਾਦੀ ਦੀ ਲੜਾਈ ਵਿੱਚ ਅਥਾਹ ਯੋਗਦਾਨ ਪਾਇਆ , ਧਾੜਵੀਆਂ ਨੂੰ ਮੂੰਹ ਤੋੜ ਜਵਾਬ ਦਿੱਤੇ ਅਤੇ ਸਿਦਕ ਤੇ ਸਿਰੜ ਨਾਲ ਆਪਣੀ ਧਰਤੀ ਅਤੇ ਵਿਰਸੇ ਦੀ ਸੰਭਾਲ ਤੇ ਰੱਖਿਆ ਕੀਤੀ । ਪੰਜਾਬ ਦਾ ਪੌਣ - ਪਾਣੀ ਵੀ ਬਹੁਤ ਚੰਗਾ ਅਤੇ ਸ਼ੁੱਧ ਹੈ , ਇੱਕ ਵਾਰ ਜੋ ਇੱਥੇ ਆ ਜਾਵੇ ਉਹ ਇੱਥੇ ਦਾ ਹੀ ਹੋ ਕੇ ਰਹਿ ਜਾਂਦਾ ਹੈ । ਪੰਜਾਬ ਗੁਰੂਆਂ - ਪੀਰਾਂ ਦੀ ਉਹ ਪਵਿੱਤਰ ਧਰਤੀ ਹੈ ਜਿੱਥੋਂ ਸਾਨੂੰ ਮਹਾਂਪੁਰਖਾਂ ਤੋਂ ਜੀਵਨ ਦਾਇਕ ਅਨੋਖੀ ਤੇ ਵਡਮੁੱਲੀ ਸਿੱਖਿਆ ਵੀ ਵਿਰਸੇ ਵਿੱਚ ਮਿਲੀ ਹੈ ਜਿਸ ਦਾ ਕੋਈ ਸਾਨੀ ਨਹੀਂ । ਪੰਜਾਬ ਦੇ ਪੱਖੀਵਾਸ ਕਬੀਲਿਆਂ ਵਿੱਚ ਮਿਰਾਸੀ , ਮਦਾਰੀ , ਲੱਲੀ , ਸਿਕਲੀਗਰ , ਗਾਡੀ ਲੁਹਾਰ , ਮਾਰਵਾੜੀ , ਬਾਜ਼ੀਗਰ , ਕਰਨਾਟੀ ਨੱਟ ਆਦਿ ਦੀ ਆਪਣੀ ਵੱਖਰੀ ਹੀ ਦਿਖ ਹੈ । ਪੰਜਾਬ ਦੇ ਵਿਆਹਾਂ ਦੀਆਂ ਰਸਮਾਂ ਜਿਵੇਂ ਵਟਣਾ ਮਲਣਾ, ਕੁੜੀ ਦੇ ਮਹਿੰਦੀ ਲਾਉਣੀ , ਮੁੰਡੇ ਦੀਆਂ ਅੱਖਾਂ ਵਿੱਚ ਭਰਜਾਈਆਂ ਵੱਲੋਂ ਸੁਰਮਾ ਪਾਉਣਾ , ਜੰਞ ਦਾ ਢੁਕਾਅ, ਮਿਲਣੀ , ਲਾਵਾਂ , ਪਾਣੀ ਵਾਰਨਾ , ਛਿਟੀਆਂ ਖੇਡਣਾ ਆਦਿ ਬਹੁਤ ਹੀ ਅਨੰਦਦਾਇਕ ਅਤੇ ਦਿਲ ਨੂੰ ਛੂਹ ਜਾਣ ਵਾਲੀਆਂ ਰਸਮਾਂ ਹਨ। ਕਬੱਡੀ , ਖੋਹ - ਖੋਹ , ਕਿੱਕਲੀ, ਖਿੱਦੋ ਖੂੰਡੀ , ਗੁੱਲੀ ਡੰਡਾ , ਗੱਤਕਾ ਆਦਿ ਮਸ਼ਹੂਰ ਪੰਜਾਬੀ ਖੇਡਾਂ ਹਨ । ਸਾਡੇ ਗੁਰੂ ਸਾਹਿਬਾਨਾਂ ਵੱਲੋਂ ਚਲਾਈ ਗਈ ਲੰਗਰ ਪ੍ਰਥਾ ਦਾ ਤਾਂ ਕੀ ਕਹਿਣਾ । ਇਸ ਦਾ ਕੋਈ ਸਾਨੀ ਨਹੀਂ। ਗੁਰੂ ਘਰਾਂ ਵਿੱਚ ਵਰਤਾਏ ਜਾਂਦੇ ਅਤੁੱਟ ਲੰਗਰ ਪੰਜਾਬ ਦੀ ਪਹਿਚਾਣ ਮਰਿਆਦਾ ਅਤੇ ਦਿਖ ਨੂੰ ਵੱਖਰੀ ਤੇ ਨਿਆਰੀ ਰੰਗਤ ਦਿੰਦੇ ਹਨ। ਮਨੁੱਖਤਾ ਦੀ ਸੇਵਾ ਲਈ ਇਹ ਪੰਜਾਬ ਤੇ ਪੰਜਾਬੀਆਂ ਦਾ ਬਹੁਤ ਵੱਡਾ ਉਪਰਾਲਾ ਹੈ । ਪੰਜਾਬ ਦੇ ਮਾਝੇ ਮਾਲਵੇ ਤੇ ਦੁਆਬੇ ਆਦਿ ਖੇਤਰਾਂ ਦੀ ਆਪਣੀ ਅਲੱਗ ਅਲੱਗ ਖਾਸੀਅਤ ਹੈ । ਦੁਆਬੇ ਦੀ ਦਿਲਕਸ਼ ਖੁੱਲੀ - ਡੁੱਲੀ ਹਰੀ ਭਰੀ ਧਰਤੀ ਵੀ ਮਨ ਨੂੰ ਟੁੰਬ ਜਾਂਦੀ ਹੈ ।ਦੁਆਬਾ ਅੰਬਾਂ ਕਰਕੇ ਵੀ ਜਾਣਿਆ ਜਾਂਦਾ ਹੈ । ਕਹਿੰਦੇ ਵੀ ਹਨ , "ਅੰਬੀਆਂ ਨੂੰ ਤਰਸੇਂਗੀ , ਛੱਡ ਕੇ ਦੇਸ਼ ਦੋਆਬਾ ।" ਲਹਿ - ਲਹਾਉਂਦੀਆਂ ਫ਼ਸਲਾਂ ਦਾ ਦ੍ਰਿਸ਼ ਹਰ ਕਿਸੇ ਨੂੰ ਮੋਹ ਲੈਂਦਾ ਹੈ । ਪਿੱਪਲਾਂ ਅਤੇ ਬੋਹੜਾਂ ਦੀਆਂ ਠੰਢੀਆਂ ਮਿੱਠੀਆਂ ਛਾਵਾਂ ਅਤੇ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਨੇਕਦਿਲ ਲੋਕ ਹਰ ਕਿਸੇ ਦੇ ਦਿਲ ਨੂੰ ਭਾ ਜਾਂਦੇ ਹਨ । ਪੰਜਾਬੀ ਗਹਿਣਿਆਂ ਤੇ ਪੁਸ਼ਾਕਾਂ ਦਾ ਆਪਣਾ ਹੀ ਨਿਆਰਾਪਣ ਹੈ । ਪਗੜੀ , ਕੁੜਤਾ , ਪਜਾਮਾ ਤੇ ਤੰਬਾ ਪੰਜਾਬੀਆਂ ਨੂੰ ਨਿਵੇਕਲੀ ਸ਼ਾਨ ਬਖ਼ਸ਼ਦੇ ਹਨ । ਕੋਕਰੂ , ਵਾਲੀਆਂ , ਟਿੱਕਾ , ਕੈਂਠਾ , ਕੜਾ , ਮੁੱਛਾਂ ਵਾਲੀ ਪੰਜਾਬੀ ਜੁੱਤੀ, ਧੌੜੀ ਦੀ ਜੁੱਤੀ , ਨਗਾਰਾ, ਤ੍ਰਿੰਞਣ , ਫੁਲਕਾਰੀ , ਸੱਥਾਂ, ਹਲਟ ,ਬਲਦ ,ਟਾਹਲੀਆਂ ,ਕਿੱਕਰਾਂ ,ਚਾਟੀ - ਮਧਾਣੀ , ਗਹੂੜੀਆਂ ਕਾਟੋ , ਚਿਮਟਾ , ਢੋਲ , ਬੈਲਗੱਡੀਆਂ ਦੀਆਂ ਦੌੜਾਂ, ਪੀਂਘਾਂ ਝੂਟਦਿਆਂ ਮੁਟਿਆਰਾਂ ,ਮੇਲੇ , ਹੋਲਾ - ਮਹੱਲਾ , ਗੁਰਦੁਆਰੇ , ਕ੍ਰਿਪਾਨ , ਬਰਛਾ , ਨੇਜਾ , ਢਾਲ , ਟਰੈਕਟਰ ਟਰਾਲੀਆਂ , ਹਰੇ ਭਰੇ ਖੇਤ ਅਤੇ ਹਸਮੁੱਖ ਸੁਭਾਅ ਪੰਜਾਬ ਦੇ ਸੱਭਿਆਚਾਰ ਤੇ ਅਮੀਰ ਵਿਰਸੇ ਨੂੰ ਦਰਸਾਉਂਦੇ ਹਨ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਪੰਜਾਬੀਆਂ ਦਾ ਪ੍ਰਸਿੱਧ ਅਖਾਣ ਹੈ। ਪੰਜਾਬ ਦੀਆਂ ਬੋਲੀਆਂ , ਟੱਪੇ , ਢੋਲਾ, ਮਾਹੀਆ , ਸਿੱਠਣੀਆਂ , ਲੋਰੀਆਂ , ਵਾਰਾਂ , ਅਖਾਣ , ਬੁਝਾਰਤਾਂ , ਸੱਸੀ ਪੁੰਨੂੰ , ਹੀਰ ਰਾਂਝਾ , ਮਿਰਜ਼ਾ ਸਾਹਿਬਾਂ ਦੀਆਂ ਕਹਾਣੀਆਂ , ਬਾਬਾ ਫਰੀਦ ਦੇ ਸਲੋਕ , ਬੁੱਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ , ਸੁਲਤਾਨ ਬਾਹੂ ਦੀਆਂ ਸੀਹਰਫੀਆਂ , ਵਾਰਸ ਸ਼ਾਹ ਦੀਆਂ ਰਚਨਾਵਾਂ , ਵਾਰਿਸ ਦੀ ਹੀਰ , ਪੀਲੂ ਦਾ ਮਿਰਜ਼ਾ , ਹਾਸ਼ਮ ਦੀ ਸੱਸੀ ਤੇ ਕਾਦਰਯਾਰ ਦਾ ਪੂਰਨ ਭਗਤ , ਲੁਧਿਆਣੇ ਦਾ ਛਪਾਰ ਮੇਲਾ , ਸ੍ਰੀ ਅਨੰਦ-ਪੁਰ ਸਾਹਿਬ ਦੀ ਵਿਸਾਖੀ , ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੀ ਦੀਵਾਲੀ , ਗਿੱਧਾ , ਭੰਗੜਾ , ਸੰਮੀ, ਝੂਮਰ,ਕੁਕੜਾਂ ਤਿਤਰਾਂ ਦੀ ਲੜਾਈ, ਲੋਕ ਚਿੱਤਰਕਾਰੀ , ਅਖਾਣ : ਪੰਚਾਂ ਵਿੱਚ ਪਰਮੇਸ਼ਰ ਤੇ ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ" , ਵੀਰਤਾ ਅਤੇ ਅਣਖ, ਸੱਚੀ ਸੁੱਚੀ ਤੇ ਮਿੱਠੀ ਪੰਜਾਬੀ ਭਾਸ਼ਾ , ਧਰਮ ਨਿਰ-ਲੇਪਤਾ , ਬਾਜ਼, ਮੋਰੜੇ ਘੋੜੇ , ਜਗਰਾਉਂ ਦਾ ਰੌਸ਼ਨੀਆਂ ਦਾ ਮੇਲਾ , ਸੁਰਿੰਦਰ ਕੌਰ , ਰੇਸ਼ਮਾ ਤੇ ਗੁਰਦਾਸ ਮਾਨ ਜਿਹੇ ਲੋਕ ਗਾਇਕ , ਲਾੜੇ ਪਾਸੋਂ ਸੁਣੇ ਜਾਂਦੇ ਛੰਦ ਆਦਿ ਪੰਜਾਬ ਅਤੇ ਪੰਜਾਬੀਅਤ ਦੀ ਛਾਪ ਦਿੰਦੇ ਹਨ , ਜਿਨ੍ਹਾਂ ਵਿੱਚੋਂ ਸਾਡੇ ਵਿਰਸੇ ਅਤੇ ਸੱਭਿਆਚਾਰ ਦੀ ਝਲਕ ਆਪ - ਮੁਹਾਰੇ ਹੀ ਨਿਕਲ ਕੇ ਸਾਹਮਣੇ ਆ ਜਾਂਦੀ ਹੈ । ਇਹੀ ਅਲੌਕਿਕਤਾ ਅਤੇ ਦਿੱਖ ਪੰਜਾਬੀਆਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਭਾਵੇਂ ਕਿ ਅੱਜ ਕਾਫੀ ਕੁਝ ਸਾਡੇ ਮਨਾਂ ਜਾਂ ਵਿਰਸੇ ਵਿੱਚੋਂ ਲੋਪ ਹੁੰਦਾ ਜਾ ਰਿਹਾ ਹੈ , ਪਰ ਫਿਰ ਵੀ ਸੱਚ ਕਹਾਂ "ਨਹੀ ਰੀਸਾਂ ਮੇਰੇ ਪਿਆਰੇ ਪੰਜਾਬ ਦੀਆਂ"।

*"ਦੇਸ਼ਾਂ ਵਿੱਚੋਂ ਦੇਸ ਪੰਜਾਬ ,*
*ਦਿਲ ਦਿਮਾਗ਼ ਰੂਹ ਵਿੱਚ ਪੰਜਾਬ,*
*ਹੱਸਦਾ ਵਸਦਾ ਰਹੇ ਪੰਜਾਬ,*
*ਦੁੱਖਾਂ ਮੁਸੀਬਤਾਂ ਤੋਂ ਬਚੇ ਪੰਜਾਬ ,*
*ਦਿਨ - ਰਾਤ ਤਰੱਕੀਆਂ ਕਰੇ ਪੰਜਾਬ ,*
*ਦੁਨੀਆ "ਚ ਨਾਂ ਉੱਚਾ ਕਰੇ ਪੰਜਾਬ।*

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**

## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**

## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

Best Canadian Truck & Forklift Training Centre







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਗਲਤ ਚੁੱਕਿਆ ਕਦਮ ਵਾਪਸ ਤਾਂ ਲੈ ਲਿਆ, ਪਰ ਪ੍ਰਧਾਨ ਮੰਤਰੀ ਮੋਦੀ ਬਾਕੀ ਪੱਖਾਂ ਬਾਰੇ ਕਦੋਂ ਸੋਚਣਗੇ!



ਜਤਿੰਦਰ ਪੰਨੂ

ਭਾਰਤ ਦਾ ਪ੍ਰਧਾਨ ਮੰਤਰੀ ਇਸ ਕਲਾ ਦਾ ਮਾਹਰ ਹੈ ਕਿ ਉਹ ਜਦੋਂ ਵੀ ਲੋਕਾਂ ਸਾਹਮਣੇ ਆਉਂਦਾ ਹੈ, ਇਸ ਤਰ੍ਹਾਂ ਅਚਾਨਕ ਦਿਖਾਲੀ ਦੇਂਦਾ ਹੈ ਕਿ ਲੋਕ ਹੱਕ-ਬੱਕੇ ਰਹਿ ਜਾਣ। ਨੋਟਬੰਦੀ ਸਮੇਤ ਬਹੁਤ ਸਾਰੇ ਫੈਸਲੇ ਲੋਕਾਂ ਨੂੰ ਪਰੋਸਣ ਲਈ ਉਸ ਨੇ ਏਦਾਂ ਹੀ ਅਚਾਨਕ ਦਿਖਾਲੀ ਦਿੱਤੀ ਸੀ। ਉੱਨੀ ਨਵੰਬਰ ਸ਼ੁੱਕਰਵਾਰ ਦੇ ਦਿਨ ਫਿਰ ਜਦੋਂ ਉਹ ਭਾਰਤ ਦੇ ਲੋਕਾਂ ਨੂੰ ਇੱਕ ਸੰਦੇਸ਼ ਦੇਣ ਲਈ ਅਚਾਨਕ ਟੈਲੀਵੀਜ਼ਨ ਸਕਰੀਨਾਂ ਉੱਤੇ ਦਿਖਾਈ ਦਿੱਤਾ ਤਾਂ ਹਮੇਸ਼ਾ ਵਾਂਗ ਆਮ ਲੋਕ ਸਾਹ ਰੋਕ ਕੇ ਸੁਣਨ ਲੱਗ ਪਏ ਕਿ ਅੱਜ ਫਿਰ ਕੋਈ ਵੱਡਾ ਸ਼ੋਸ਼ਾ ਛੱਡੇਗਾ। ਉਸ ਨੇ ਸ਼ੋਸ਼ਾ ਨਹੀਂ ਸੀ ਛੱਡਿਆ। ਇਹ ਪਹਿਲੀ ਵਾਰ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ ਉੱਤੇ ਉਹ ਚਮਕ ਨਹੀਂ ਸੀ, ਜਿਹੜੀ ਉਸ ਦੀ ਪਛਾਣ ਮੰਨੀ ਜਾਂਦੀ ਤੇ ਪ੍ਰਚਾਰੀ ਜਾਂਦੀ ਸੀ। ਉਸ ਦੇ ਸ਼ਬਦਾਂ ਵਿੱਚ ਆਪਣੇ ਕਿਸੇ ਫੈਸਲੇ ਦਾ ਫਖਰ ਨਹੀਂ, ਸਗੋਂ ਆਪਣੇ ਕੀਤੇ ਦੇ ਪਛਤਾਵੇ ਅਤੇ ਭਾਰਤ ਦੇ ਲੋਕਾਂ ਦੀ ਸੱਥ ਵਿੱਚ ਗੁਨਾਹਗਾਰ ਵਾਂਗ ਪੇਸ਼ ਹੋਣ ਵਾਲੀ ਭਾਵਨਾ ਬਦੋਬਦੀ ਬਾਹਰ ਆ ਰਹੀ ਸੀ। ਪ੍ਰਧਾਨ ਮੰਤਰੀ ਨੇ ਇਸ ਭਾਸ਼ਣ ਵਿੱਚ ਪਹਿਲਾਂ ਇਹ ਗਿਣਾਉਣਾ ਸ਼ੁਰੂ ਕੀਤਾ ਕਿ ਉਸ ਨੇ ਆਪਣੇ ਦੇਸ਼ ਦੇ ਲੋਕਾਂ ਅਤੇ ਖਾਸ ਤੌਰ ਉੱਤੇ ਕਿਸਾਨਾਂ, ਤੇ ਕਿਸਾਨਾਂ ਵਿੱਚੋਂ ਵੀ ਗਰੀਬ ਕਿਸਾਨਾਂ ਦੇ ਭਲੇ ਲਈ ਬਹੁਤ ਯਤਨ ਕੀਤੇ ਸਨ ਤੇ ਪਿਛਲੇ ਸਾਲ ਪਾਸ ਕੀਤੇ ਤਿੰਨ ਖੇਤੀਬਾੜੀ ਕਾਨੂੰਨ ਵੀ ਇਸੇ ਨੀਤੀ ਤੇ ਨੀਤ ਨੂੰ ਅੱਗੇ ਵਧਾਉਣ ਦੀ ਭਾਵਨਾ ਨਾਲ ਬਣਾਏ ਸਨ। ਫਿਰ ਇਹ ਗੱਲ ਕਹਿ ਦਿੱਤੀ ਕਿ ਦੇਸ਼ ਦੇ ਬਹੁਤ ਸਾਰੇ ਕਿਸਾਨਾਂ ਤੇ ਕਿਸਾਨ ਸੰਗਠਨਾਂ ਨੇ ਸਾਡੀ ਭਾਵਨਾ ਦਾ ਸਮੱਰਥਨ ਕੀਤਾ, ਪਰ 'ਕੁਝ ਲੋਕ' ਇਸ ਨੁਕਤੇ ਨੂੰ ਸਮਝ ਨਹੀਂ ਸਕੇ, ਇਸ ਲਈ ਅਸੀਂ ਇਹ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸਾਫ ਹੈ ਕਿ ਗਲਤੀ ਵੀ ਮੰਨਣੀ ਪੈ ਗਈ ਤਾਂ ਪ੍ਰਧਾਨ ਮੰਤਰੀ ਉਸ ਨੂੰ ਨੇਕੀ ਦੀ ਚਾਸ਼ਨੀ ਵਿੱਚ ਲਪੇਟ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਮਲਾ 'ਦੇਰ ਆਇਦ, ਦਰੁਸਤ ਆਇਦ' ਦਾ ਵੀ ਹੈ ਤਾਂ ਚੰਗਾ ਹੋਇਆ ਹੈ, ਪਰ ਇਸ ਦਾ ਸਿਰਫ ਸਵਾਗਤ ਕਰ ਕੇ ਛੱਡ ਦੇਣਾ ਸੌਖਾ ਨਹੀਂ। ਸੁਖੀ ਵੱਸਦੇ ਦੇਸ਼ ਉੱਤੇ ਜਦੋਂ ਸੰਸਾਰ ਭਰ ਦੇ ਹੋਰਨਾਂ ਦੇਸ਼ਾਂ ਵਾਂਗ ਕੋਰੋਨਾ ਵਾਇਰਸ ਦਾ ਹਮਲਾ ਹੋਇਆ ਪਿਆ ਸੀ, ਜਦੋਂ ਆਪਣੇ ਲੋਕਾਂ ਨੂੰ ਸਰਕਾਰ ਦੀ ਛਤਰੀ ਦੀ ਲੋੜ ਸੀ, ਓਦੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੀ ਨਿੱਜੀ ਸਾਂਝ ਨਿਭਾਉਣ ਅਤੇ ਦੋ ਪੂੰਜੀਪਤੀਆਂ ਦੇ ਵਾਰੇ-ਨਿਆਰੇ ਕਰਨ ਲਈ ਤਿੰਨ ਖੇਤੀਬਾੜੀ ਕਾਨੂੰਨ ਪਾਸ ਕਰਾਉਣ ਦਾ ਗਲਤ ਕਦਮ ਚੁੱਕ ਲਿਆ ਸੀ, ਜਿਹੜਾ ਆਖਰ ਨੂੰ ਵਾਪਸ ਲੈਣਾ ਪਿਆ ਹੈ। ਪਾਰਲੀਮੈਂਟ ਤੋਂ ਇਹ ਕਾਨੂੰਨ ਪਾਸ ਕਰਵਾਉਣ ਤੋਂ ਪਹਿਲਾਂ ਹੀ ਪੰਜਾਬ ਦੇ ਸੂਝਵਾਨ ਕਿਸਾਨ ਇਨ੍ਹਾਂ ਦੇ ਵਿਰੁੱਧ ਮੈਦਾਨ ਵਿੱਚ ਆ ਚੁੱਕੇ ਸਨ ਅਤੇ ਫਿਰ ਹਰਿਆਣੇ ਵਾਲੇ ਵੀ ਨਾ ਸਿਰਫ ਨਾਲ ਤੁਰੇ, ਸਗੋਂ ਦਿੱਲੀ ਦੇ ਰਾਹਾਂ ਵਿੱਚ ਲਾਏ ਗਏ ਸਰਕਾਰੀ ਅੜਿੱਕੇ ਤੋੜਨ ਵਿੱਚ ਪੰਜਾਬ ਵਾਲਿਆਂ ਨਾਲੋਂ ਵੀ ਅੱਗੇ ਹੋ ਤੁਰੇ ਸਨ। ਦੋਵਾਂ ਰਾਜਾਂ ਦੇ ਕਿਸਾਨਾਂ ਨੂੰ ਪਾੜਨ ਦੀਆਂ ਲੱਖ ਸਾਜ਼ਿਸ਼ਾਂ ਦੇ ਬਾਵਜੂਦ ਉਹ ਇੱਕੋ ਮਾਂ ਦੇ ਜਾਏ ਭਰਾਵਾਂ ਵਾਂਗ ਨਿਭਦੇ ਗਏ। ਹਰਿਆਣੇ ਦੀ ਭਾਜਪਾ ਨੇ ਕੇਂਦਰੀ ਹਾਕਮਾਂ ਦੇ ਕਹਿਣ ਉੱਤੇ ਜਦੋਂ ਪਾਣੀਆਂ ਦਾ ਰਾਗ ਛੇੜਨਾ ਚਾਹਿਆ ਤਾਂ ਉਸ ਰਾਜ ਦੇ ਕਿਸਾਨਾਂ ਨੇ ਅੱਗੋਂ ਇਹ ਆਖਿਆ ਸੀ ਕਿ ਖੇਤ ਬਚਣਗੇ ਤਾਂ ਪਾਣੀਆਂ ਦੀ ਗੱਲ ਸੋਚ ਲਵਾਂਗੇ, ਜੇ ਖੇਤ ਹੀ ਨਹੀਂ ਬਚਣੇ ਤਾਂ ਪਾਣੀ ਦੀ ਲੜਾਈ ਕਾਹਦੇ ਲਈ ਲੜਨੀ ਹੈ, ਇਹ ਮੁੱਦਾ ਇਸ ਵੇਲੇ ਸੋਚਣ ਵਾਲਾ ਹੈ ਹੀ ਨਹੀਂ। ਕੇਂਦਰੀ ਹਕੂਮਤ ਨੂੰ ਵਹਿਮ ਸੀ ਕਿ ਲਿਆਂਦਾ ਰਾਸ਼ਣ ਮੁੱਕ ਗਿਆ ਤਾਂ ਕਿਸਾਨ ਘਰੀਂ ਮੁੜ ਜਾਣਗੇ, ਪਰ ਉਹ ਰਾਸ਼ਣ ਮੁੱਕਾ ਨਹੀਂ, ਕਿਉਂਕਿ ਸਪਲਾਈ ਦਾ ਜ਼ਿੰਮਾ ਪਿੱਛੇ ਬੈਠੇ ਲੋਕਾਂ ਨੇ ਸੰਭਾਲ ਲਿਆ ਅਤੇ ਦਿੱਲੀ ਵਾਲੇ ਬਾਰਡਰਾਂ ਉੱਤੇ ਚੱਲਣ ਵਾਲੇ ਲੰਗਰਾਂ ਦੇ ਲਈ ਕਿਸੇ ਵੀ ਚੀਜ਼ ਦੀ ਕੋਈ ਤੋਟ ਕਦੀ ਨਹੀਂ ਸੀ ਆਉਣ ਦਿੱਤੀ। ਮੋਰਚਾ ਪੱਕੇ ਪੈਰੀਂ ਚੱਲਦਾ ਰਿਹਾ।

ਪ੍ਰਧਾਨ ਮੰਤਰੀ ਅੱਜ ਆਪਣੀ ਨੇਕ-ਨੀਤੀ ਵਿਖਾਉਣਾ ਚਾਹੁੰਦਾ ਹੈ, ਪਰ ਉਸ ਵਕਤ ਉਹ ਨਹੀਂ ਸੀ ਬੋਲਿਆ, ਜਦੋਂ ਉਸ ਦੀ ਟੀਮ ਦੇ ਮੈਂਬਰਾਂ ਨੇ ਕਿਸਾਨਾਂ ਨੂੰ ਅੱਤਵਾਦੀ, ਨਕਸਲੀ ਤੇ ਖਾਲਿਸਤਾਨੀ ਕਹਿਣ ਮਗਰੋਂ ਪਾਕਿਸਤਾਨੀ ਏਜੰਟ ਤੱਕ ਕਿਹਾ ਸੀ। ਦਿੱਲੀ ਬਾਰਡਰ ਵਾਲੇ ਮੋਰਚੇ ਉੱਤੇ ਬੈਠੇ ਹੋਏ ਇੱਕ ਕਿਸਾਨ ਨੂੰ ਖਬਰ ਮਿਲੀ ਕਿ ਭਾਰਤੀ ਫੌਜ ਵਿੱਚ ਭਰਤੀ ਹੋਇਆ ਉਸ ਦਾ ਪੁੱਤਰ ਦੇਸ਼ ਦੀ ਰਾਖੀ ਦਾ ਫਰਜ਼ ਨਿਭਾਉਂਦਾ ਸ਼ਹੀਦ ਹੋ ਗਿਆ ਹੈ ਤੇ ਫੌਜ ਦੇ ਅਫਸਰ ਲਾਸ਼ ਲਿਆ ਰਹੇ ਹਨ। ਪੁੱਤਰ ਦੇ ਅੰਤਮ ਸੰਸਕਾਰ ਲਈ ਪਿੰਡ ਜਾਣ ਲੱਗੇ ਨੂੰ ਪੱਤਰਕਾਰਾਂ ਨੇ ਉਸ ਦੇ ਵਿਚਾਰ ਪੁੱਛੇ ਤਾਂ ਉਸ ਨੇ ਕਿਹਾ ਸੀ, 'ਪੁੱਤਰ ਦੇਸ਼ ਲਈ ਸ਼ਹੀਦ ਹੋ ਗਿਆ, ਮੈਨੂੰ ਉਸ ਉੱਤੇ ਮਾਣ ਹੈ, ਪਰ ਮੈਂ ਉਸ ਦੇ ਅੰਤਮ ਸੰਸਕਾਰ ਪਿੱਛੋਂ ਰੁਕਾਂਗਾ ਨਹੀਂ, ਹੱਕਾਂ ਦੀ ਰਾਖੀ ਦੇ ਮੋਰਚੇ ਉੱਤੇ ਵਾਪਸ ਆ ਜਾਵਾਂਗਾ। ਤੁਸੀਂ ਪ੍ਰਧਾਨ ਮੰਤਰੀ ਨੂੰ ਕਹਿ ਦਿਓ, ਦੇਸ਼ ਲਈ ਸ਼ਹੀਦੀ ਕਿਸਾਨ ਦੇ ਪੁੱਤਰ ਨੇ ਪਾਈ ਹੈ, ਤੇਰੇ ਕਿਸੇ ਮੰਤਰੀ ਦੇ ਪੁੱਤਰ ਨੇ ਨਹੀਂ, ਤੇਰੇ ਮੰਤਰੀ ਸਾਡੀਆਂ ਮੰਗਾਂ ਮੰਨਣ ਭਾਵੇਂ ਨਾ ਮੰਨਣ, ਦੇਸ਼ ਲਈ ਪੁੱਤਰਾਂ ਨੂੰ ਵਾਰਨ ਵਾਲੇ ਕਿਸਾਨਾਂ ਨੂੰ ਪਾਕਿਸਤਾਨ ਦੇ ਏਜੰਟ ਨਾ ਕਹਿਣ।' ਉਸ ਕਿਸਾਨ ਦੇ ਏਦਾਂ ਦੇ ਸ਼ਬਦ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਨਾ ਪਹੁੰਚੇ ਹੋਣਗੇ, ਮੈਂ ਨਹੀਂ ਮੰਨ ਸਕਦਾ, ਪਰ ਉਸ ਨੇ ਊਲ-ਜਲੂਲ ਬੋਲਣ ਵਾਲੀ ਆਪਣੀ ਧਾੜ ਨੂੰ ਰੋਕਿਆ ਨਹੀਂ ਸੀ, ਉਹ ਫਿਰ ਵੀ ਕਿਸਾਨਾਂ ਦੇ ਖਿਲਾਫ ਹਰ ਭੱਦੀ ਤੋਂ ਭੱਦੀ ਗੱਲ ਕਹੀ ਗਏ ਸਨ ਅਤੇ ਅੱਜ ਜਦੋਂ ਪ੍ਰਧਾਨ ਮੰਤਰੀ ਨੇ ਕਦਮ ਪਿੱਛੇ ਖਿੱਚਿਆ ਹੈ ਤਾਂ ਕਿਸਾਨਾਂ ਦਾ ਹੱਠ ਭੁਲਾ ਕੇ ਪ੍ਰਧਾਨ ਮੰਤਰੀ ਦੇ ਸੋਹਲੇ ਗਾ ਰਹੇ ਹਨ।

ਅਸੀਂ ਫਿਰ ਕਹਿੰਦੇ ਹਾਂ ਕਿ 'ਦੇਰ ਆਇਦ, ਦਰੁਸਤ ਆਇਦ' ਹੀ ਸਹੀ, ਪ੍ਰਧਾਨ ਮੰਤਰੀ ਨੇ ਆਪਣਾ ਕਦਮ ਪਿੱਛੇ ਖਿੱਚ ਕੇ ਠੀਕ ਕੀਤਾ ਹੈ, ਪਰ ਉਹ ਇਹ ਗੱਲ ਜ਼ਰੂਰ ਸੋਚਣ ਕਿ ਉਨ੍ਹਾਂ ਦੇ ਇਸ ਗਲਤ ਕਦਮ ਨਾਲ ਭਾਰਤ ਅਤੇ ਭਾਰਤੀ ਲੋਕਾਂ ਦਾ ਨੁਕਸਾਨ ਕਿੰਨਾ ਹੋਇਆ ਹੈ? ਇੱਕ ਛੋਟੇ ਤੋਂ ਛੋਟਾ ਟਰੈਕਟਰ ਦਿੱਲੀ ਤੱਕ ਗੇੜਾ ਲਾਵੇ ਤਾਂ ਦਸ ਹਜ਼ਾਰ ਰੁਪਏ ਦਾ ਖਰਚ ਹੋਣਾ ਮਾਮੂਲੀ ਗੱਲ ਹੈ, ਵੱਡਾ ਟਰੈਕਟਰ ਵੀਹ ਹਜ਼ਾਰ ਵੀ ਚੱਬ ਜਾਂਦਾ ਹੈ ਤੇ ਉਸ ਦੇ ਟਾਇਰਾਂ ਦੀ ਘਸਾਈ ਇਸ ਤੋਂ ਵੱਖਰਾ ਨੁਕਸਾਨ ਗਿਣੀ ਜਾਵੇਗੀ। ਲੱਖਾਂ ਟਰੈਕਟਰ ਜਦੋਂ ਓਥੇ ਗਏ ਅਤੇ ਵਾਪਸ ਆਏ ਸਨ, ਇਕੱਲੇ ਕਿਸਾਨਾਂ ਦਾ ਨਹੀਂ, ਸਮੁੱਚੇ ਦੇਸ਼ ਦੀ ਆਰਥਿਕਤਾ ਦਾ ਜਿਹੜਾ ਲੱਖਾਂ ਕਰੋੜ ਰੁਪਏ ਦਾ ਨੁਕਸਾਨ ਹੋਇਆ, ਉਹ ਪ੍ਰਧਾਨ ਮੰਤਰੀ ਦੇ ਇਸੇ ਗਲਤ ਕਦਮ ਦਾ ਸਿੱਟਾ ਸੀ। ਇਸ ਸੰਘਰਸ਼ ਦੌਰਾਨ ਛੇ ਸੌ ਤੋਂ ਵੱਧ ਕਿਸਾਨ ਮਾਰੇ ਗਏ ਅਤੇ ਚਾਰ ਜਣੇ ਲਖੀਮਪੁਰ ਵਿੱਚ ਮਰੇ ਕਹਿਣਾ ਠੀਕ ਨਹੀਂ, ਮਾਰ ਦਿੱਤੇ ਗਏ ਸਨ, ਇਨ੍ਹਾਂ ਸਾਰੀਆਂ ਜਾਨਾਂ ਦਾ ਖੌਅ ਭਾਰਤ ਦੇ ਪ੍ਰਧਾਨ ਮੰਤਰੀ ਦਾ ਗਲਤ ਕਦਮ ਹੀ ਬਣਿਆ ਸੀ। ਉਨ੍ਹਾਂ ਸਾਰਿਆਂ ਦੇ ਵਾਰਸਾਂ ਨੂੰ ਉਨ੍ਹਾਂ ਦੇ ਘਰਾਂ ਦੇ ਪਿਆਰੇ ਜੀਅ ਵਾਪਸ ਕੌਣ ਲਿਆ ਦੇਵੇਗਾ?

ਭਾਜਪਾ ਅਤੇ ਆਰ ਐੱਸ ਐੱਸ ਦੇ ਵਰਕਰਾਂ ਨੂੰ ਅਸੀਂ 'ਹਰ ਹਰ ਮੋਦੀ, ਘਰ ਘਰ ਮੋਦੀ' ਕਹਿੰਦੇ ਵੀ ਸੁਣਿਆ ਹੈ, 'ਨਮੋ-ਨਮੋ' ਦਾ ਜਾਪ ਕਰਦੇ ਵੀ ਸੁਣਿਆ ਤੇ ਇਹ ਕਹਿੰਦੇ ਵੀ ਸੁਣਿਆ ਹੈ ਕਿ 'ਦੇਸ਼ ਕਾ ਨੇਤਾ ਕੈਸਾ ਹੋ, ਨਰਿੰਦਰ ਮੋਦੀ ਜੈਸਾ ਹੋ'। ਕਿਸਾਨਾਂ ਦੇ ਸੰਘਰਸ਼ ਮੌਕੇ ਕਈ ਥਾਂਵਾਂ ਉੱਤੇ ਉਨ੍ਹਾਂ ਵਿੱਚੋਂ ਕੁਝ ਨੂੰ ਹੁੰਦੀ 'ਗਿੱਦੜ-ਕੁੱਟ' ਦੀਆਂ ਕਈ ਫੋਟੋ ਵੀ ਸਾਨੂੰ ਵੇਖਣੀਆਂ ਪਈਆਂ ਤਾਂ ਸਮਾਜੀ ਸੱਭਿਆਚਾਰ ਦੇ ਪੱਖ ਤੋਂ ਸਾਨੂੰ ਚੰਗੀਆਂ ਨਹੀਂ ਸੀ ਲੱਗੀਆਂ, ਪਰ ਪ੍ਰਧਾਨ ਮੰਤਰੀ ਨੂੰ ਉਹ ਫੋਟੋ ਵੇਖਣਾ ਕਿੰਦਾਂ ਦਾ ਲੱਗਾ ਹੋਵੇਗਾ, ਸਾਨੂੰ ਇਸ ਦਾ ਪਤਾ ਨਹੀਂ। ਹੁਸ਼ਿਆਰਪੁਰ ਵਿੱਚ ਭਾਜਪਾ ਲੀਡਰ ਦੀ ਕੋਠੀ ਦੇ ਵਿਹੜੇ ਵਿੱਚ ਗੋਹੇ ਦੀ ਟਰਾਲੀ ਲਾਹੀ ਜਾਣਾ ਸਾਨੂੰ ਚੰਗਾ ਨਹੀਂ ਸੀ ਲੱਗਾ ਅਤੇ ਅਸੀਂ ਇਸ ਦੀ ਨਿੰਦਾ ਕਰਨ ਤੋਂ ਨਹੀਂ ਸਾਂ ਝਿਜਕੇ। ਪੰਜਾਬ ਦੀ ਭਾਜਪਾ ਦੇ ਇੱਕ ਵਿਧਾਇਕ ਨੂੰ ਮਾਲਵੇ ਦੇ ਇੱਕ ਕਸਬੇ ਵਿੱਚ ਕਿਸਾਨਾਂ ਨੇ ਘੇਰ ਕੇ ਉਸ ਨਾਲ ਜਿਹੋ ਜਿਹਾ ਵਿਹਾਰ ਕੀਤਾ, ਸਾਨੂੰ ਉਹ ਵੀ ਚੰਗਾ ਨਹੀਂ ਲੱਗਾ ਤੇ ਅਸੀਂ ਇਸ ਦੀ ਨਿਖੇਧੀ ਕਿਸੇ ਵੀ ਹੋਰ ਤੋਂ ਪਹਿਲਾਂ ਕੀਤੀ ਸੀ। ਅਸੀਂ ਇਨ੍ਹਾਂ ਸਭ ਗੱਲਾਂ ਨੂੰ ਗਲਤ ਮੰਨਿਆ ਤੇ ਕੁਝ ਲੋਕਾਂ ਦੀ ਨਾਰਾਜ਼ਗੀ ਸਹੇੜ ਕੇ ਵੀ ਹੋਰਨਾਂ ਤੋਂ ਪਹਿਲਾਂ ਇਨ੍ਹਾਂ ਹਰਕਤਾਂ ਦੀ ਨਿਖੇਧੀ ਕੀਤੀ ਸੀ, ਪਰ ਅਸੀਂ ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਭਾਜਪਾ ਦੇ ਕੁਝ ਲੋਕਾਂ ਨੇ ਸਾਡੇ ਕੋਲ ਮੰਨਿਆ ਹੈ ਕਿ ਉਨ੍ਹਾਂ ਨਾਲ ਹੋਈ ਇਸ ਜੱਗੋਂ-ਤੇਰ੍ਹਵੀਂ ਦੇ ਹਾਲਾਤ ਖੁਦ ਉਨ੍ਹਾਂ ਦੇ ਆਗੂ ਦੀ ਜ਼ਿਦ ਨੇ ਬਣਾਏ ਸਨ। ਜਿਹੜੇ ਲੋਕ ਸਾਡੇ ਕੋਲ ਇਹ ਮੰਨਦੇ ਹਨ ਕਿ ਪ੍ਰਧਾਨ ਮੰਤਰੀ ਦੀ ਜ਼ਿਦ ਕਾਰਨ ਉਨ੍ਹਾਂ ਨਾਲ ਇਹ ਕੁਝ ਹੁੰਦਾ ਰਿਹਾ, ਉਹ ਜਦੋਂ ਆਪੋ ਵਿੱਚ ਬੈਠਦੇ ਹੋਣਗੇ, ਕਿਸੇ ਵਿਆਹ-ਸ਼ਾਦੀ ਜਾਂ ਹੋਰ ਮੌਕੇ ਆਪਣਿਆਂ ਵਿੱਚ ਜਾਣ ਦਾ ਸਬੱਬ ਬਣ ਜਾਂਦਾ ਹੋਵੇਗਾ, ਇਹ ਗੱਲਾਂ ਓਥੇ ਵੀ ਚੱਲਣਗੀਆਂ ਕਿ ਜਿਹੜੀ ਸਾਡੇ ਨਾਲ ਅੱਜ ਤੱਕ ਨਹੀਂ ਸੀ ਹੋਈ, ਸਾਡੇ ਨੇਤਾ ਨੇ ਕਰਾ ਦਿੱਤੀ ਹੈ ਅਤੇ ਸਾਡਾ ਜਲੂਸ ਕਢਵਾਉਣ ਪਿੱਛੋਂ ਕਦਮ ਵਾਪਸ ਲੈਂਦਾ ਫਿਰਦਾ ਹੈ। ਬਾਪ-ਦਾਦੇ ਦੇ ਵਕਤਾਂ ਤੋਂ ਪ੍ਰਧਾਨ ਮੰਤਰੀ ਦੀ ਪਾਰਟੀ, ਸਗੋਂ ਇਸ ਪਾਰਟੀ ਦੀ ਮਾਂ-ਪਾਰਟੀ ਜਨ-ਸੰਘ ਨਾਲ ਜੁੜੇ ਆਏ ਇਨ੍ਹਾ ਲੋਕਾਂ ਦੇ ਮੂੰਹ ਤੋਂ ਫਿਰ ਭਾਵੇਂ ਹਾਸੇ ਵਿੱਚ ਹੀ ਨਿਕਲੇ, ਇਹ ਨਾਅਰਾ ਤਾਂ ਨਿਕਲਦਾ ਹੋਵੇਗਾ: 'ਦੇਸ਼ ਕਾ ਨੇਤਾ ਕੈਸਾ ਹੋ....!' ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਸੌਖਾ ਹੈ ਕਿ ਅਸੀਂ ਇਹ ਕਦਮ ਵਾਪਸ ਲੈ ਲਿਆ ਹੈ, ਪਰ ਜਿਹੜੀ ਨੁਕਸਾਨ ਕਿਸਾਨਾਂ ਦਾ, ਸਾਰੇ ਦੇਸ਼ ਦਾ ਤੇ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਆਪਣੇ ਇਨ੍ਹਾਂ ਲੋਕਾਂ ਦਾ ਹੋ ਗਿਆ ਹੈ, ਉਸ ਦੀ ਭਰਪਾਈ ਕੌਣ ਕਰੇਗਾ!

....ਤੇ ਗੱਲ ਪ੍ਰਧਾਨ ਮੰਤਰੀ ਜੀ ਏਥੇ ਨਹੀਂ ਮੁੱਕ ਜਾਣੀ। ਅੱਜ ਤੱਕ ਇਹ ਬੜਾ ਵਹਿਮ ਸੀ ਕਿ ਨਰਿੰਦਰ ਮੋਦੀ ਕਦੇ ਕਦਮ ਚੁੱਕ ਲਵੇ ਤਾਂ ਪੈਰ ਪਿੱਛੇ ਨਹੀਂ ਖਿੱਚਦਾ। ਜਦੋਂ ਉਸ ਨੂੰ ਇਸ ਵਾਰ ਕਦਮ ਪਿੱਛੇ ਖਿੱਚਣਾ ਪਿਆ ਹੈ, ਇਸ ਨਾਲ ਖੁਦ ਉਸ ਦਾ ਆਪਣਾ ਕੱਦ ਵੀ ਇਸ ਹੱਦ ਤੱਕ ਹੌਲਾ ਹੋ ਗਿਆ ਹੈ ਕਿ ਜਿਹੜੇ ਅੱਜ ਤੱਕ ਹਰ ਸੱਟ ਚੁੱਪ ਕਰ ਕੇ ਸਹਿੰਦੇ ਆਏ ਸਨ, ਉਹ ਲੋਕ ਵੀ ਕਹਿਣ ਲੱਗੇ ਹਨ ਕਿ ਇਸ ਪ੍ਰਧਾਨ ਮੰਤਰੀ ਨੂੰ ਝੁਕਾਇਆ ਜਾ ਸਕਦਾ ਹੈ। ਜੰਮੂ-ਕਸ਼ਮੀਰ ਵਾਲਿਆਂ ਨੇ ਧਾਰਾ ਤਿੰਨ ਸੌ ਸੱਤਰ ਤੋੜਨੀ ਜਰ ਲਈ ਸੀ, ਇਕੱਠਾ ਰਾਜ ਤੋੜਨਾ ਅਤੇ ਦੋ ਬਣਾ ਕੇ ਰਾਜ ਦਾ ਦਰਜਾ ਵੀ ਖਤਮ ਕਰਨਾ ਜਰ ਲਿਆ ਸੀ, ਕਿਉਂਕਿ ਇਸ ਪ੍ਰਧਾਨ ਮੰਤਰੀ ਨੂੰ 'ਦੂਸਰਾ ਸਰਦਾਰ ਪਟੇਲ' ਆਖਿਆ ਅਤੇ ਪ੍ਰਚਾਰਿਆ ਜਾਂਦਾ ਸੀ, ਪਰ ਕਿਸਾਨੀ ਨਾਲ ਮੱਥਾ ਲਾ ਕੇ ਇੱਕ ਸਾਲ ਗਰਕ ਕਰਨ ਦੇ ਨਤੀਜੇ ਨੇ ਉਹ ਪ੍ਰਭਾਵ ਵੀ ਨਹੀਂ ਛੱਡਿਆ। ਇਨ੍ਹਾਂ ਹਾਲਾਤ ਵਿੱਚ ਪ੍ਰਧਾਨ ਮੰਤਰੀ ਨੂੰ ਇਹੋ ਸਲਾਹ ਦਿੱਤੀ ਜਾ ਸਕਦੀ ਹੈ: 'ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।'

# ਕਿਸਾਨਾਂ ਦੇ ਅਣਥੱਕ ਸੰਘਰਸ਼ ਦੀ ਜਿੱਤ



ਪ੍ਰੋ.ਗੁਰਵੀਰ ਸਿੰਘ ਸਰੌਦ, ਮਾਲੇਰਕੋਟਲਾ
9417971451

ਭਾਰਤੀ ਖੇਤੀ ਐਕਟ 2020 (ਕਿਸਾਨ ਉਤਪਾਦ ਵਪਾਰ ਤੇ ਵਣਜ, ਕਿਸਾਨ ਮੁੱਲ ਭਰੋਸਾ ਤੇ ਖੇਤੀ ਸੇਵਾਵਾਂ ਐਕਟ, ਸਮਝੌਤਾ ਜ਼ਰੂਰੀ ਵਸਤਾਂ)20 ਸਤੰਬਰ 2020 ਨੂੰ ਲੋਕ ਸਭਾ ਤੇ ਰਾਜ ਸਭਾ ਨੇ ਪ੍ਰਵਾਨਗੀ ਦੇ ਦਿੱਤੀ। ਜਿਸ ਨੂੰ 27 ਸਤੰਬਰ 2020 ਦੇਸ਼ ਦੇ ਰਾਸ਼ਟਰਪਤੀ ਨੇ ਵੀ ਆਪਣੀ ਸਹਿਮਤੀ ਜ਼ਾਹਿਰ ਕਰਦਿਆਂਲਾਗੂ ਕਰ ਦਿੱਤਾ। ਦੇਸ਼ ਦੇ ਪ੍ਰਧਾਨਮੰਤਰੀ ਨੇ 20 ਸਤੰਬਰ 2020 ਨੂੰ ਇਨ੍ਹਾਂ ਬਿਲਾਂ ਨੂੰ "ਵਾਟਰਸ਼ੈੱਲ ਪਲ" ਵਜੋਂ ਜ਼ਿਕਰ ਕੀਤਾ।29 ਨਵੰਬਰ 2020 ਨੂੰ ਪ੍ਰਧਾਨਮੰਤਰੀ ਨੇ "ਮਨ ਕੀ ਬਾਤ" ਰੇਡੀਓ ਸੰਬੋਧਨ ਵਿਚ ਕਿਹਾ 'ਕਿ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਨਾਲ ਵਾਅਦੇ ਕਰਦੀਆਂ ਰਹੀਆਂ ਸਨ, ਹੁਣ ਇਹ ਵਾਅਦੇ ਪੂਰੇ ਹੋਣਗੇ ਤੇ ਇਹ ਬਿਲ ਖੇਤੀ ਖੇਤਰ ਵਿੱਚ ਜ਼ਰੂਰ ਤਬਦੀਲੀ ਲਿਆਉਣਗੇ।'

> ਕਿਸਾਨੀ ਸੰਘਰਸ਼ ਦਾ ਸਫ਼ਰ ਸ਼ੁਰੂਆਤ ਤੋਂ ਜਿੱਤ ਤੱਕ

ਪਰ ਇਨ੍ਹਾਂ ਬਿਲਾਂ ਦੇ ਲਾਗੂ ਹੋਣ ਸਾਰ ਇਨ੍ਹਾਂ ਬਿਲਾਂ ਦੀ ਆਲੋਚਨਾ ਹੋਣੀ ਸ਼ੁਰੂ ਹੋ ਚੁੱਕੀ ਸੀ। ਹਰੇਕ ਕੋਈ ਆਪਣਾ ਪੱਖ ਵੀ ਰੱਖ ਰਿਹਾਸੀ। ਬੇਸ਼ੱਕ ਸ਼ੁਰੂ ਵਿੱਚ ਦੇਸ਼ ਦੀਆਂ ਯੂਨੀਵਰਸਿਟੀਆਂ ਨੇ ਇਨ੍ਹਾਂ ਬਿਲਾਂ ਨੂੰ ਭਾਰਤੀ ਖੇਤੀਬਾੜੀ ਵਿੱਚ ਚੰਗਾ ਬਦਲਾਅ ਸਮਝਿਆ।ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਡੀ. ਯੂ., ਏ.ਐੱਨ.ਯੂ., ਗੋਰਖਪੁਰ ਯੂਨੀਵਰਸਿਟੀ, ਰਾਜਸਥਾਨ ਯੂਨੀਵਰਸਿਟੀ , ਗੁਜਰਾਤ ਯੂਨੀਵਰਸਿਟੀ ਆਦਿ ਪ੍ਰਮੁੱਖ ਸਨ ।ਪਰ ਇਸ ਦੇ ਉਲਟ ਸਿੱਖਿਆ ਸ਼ਾਸਤਰੀਆਂ, ਕਈ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਇਲਾਵਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ , ਆਈ.ਆਈ.ਟੀ ਕਾਨ-ਪੁਰ, ਆਈ.ਆਈ.ਟੀ ਮਦਰਾਸ, ਆਈ.ਆਈ ਐੱਸ.ਸੀ ਯੂਨੀਵਰਸਿਟੀ, ਭਾਰਤੀ ਅੰਕੜਾ ਸੰਸਥਾਨ,ਦਿੱਲੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਆਈ.ਆਈ.ਟੀ ਬੰਬੇ ਆਦਿ ਨੇ ਕਾਨੂੰਨਾਂ ਵਿਰੁੱਧ ਆਪਣੇ ਵਿਚਾਰ ਪੇਸ਼ ਕੀਤੇ।

ਆਵਾਮ ਦੀ ਆਵਾਜ਼ ਨੂੰ ਸੁਣਦਿਆਂ ਕਈ ਰਾਜਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਆਪਣੇ ਵਿਧਾਨ ਸਭਾ ਵਿੱਚ ਖੇਤੀ ਕਾਨੂੰਨ ਵਿਰੁੱਧ ਸਾਂਝੇ ਮਤੇ ਪਾਸ ਕਰ ਦਿੱਤੇ ।ਜਿਨ੍ਹਾਂ ਵਿੱਚ ਸਿਰਫ਼ ਬੀਜੇਪੀ ਪਾਰਟੀ ਵੱਲੋਂ ਸਮਰਥਨ ਨਾ ਦਿੱਤਾ ਗਿਆ ।ਜਿਸ ਵਿੱਚ ਪੰਜਾਬ, ਛੱਤੀਸਗੜ੍ਹ, ਰਾਜਸਥਾਨ, ਕੇਰਲਾ, ਪੱਛਮੀ ਬੰਗਾਲ ਸੂਬੇ ਪ੍ਰਮੁੱਖ ਸਨ ਤੇ ਇਨ੍ਹਾਂ ਬਿਲਾਂ ਨੂੰ ਗੈਰ ਸੰਵਿਧਾਨਿਕ ਤੌਰ ਤੇ ਸੰਸਦੀ ਨਿਯਮਾਂ ਦੀ ਪੂਰੀ ਤਰ੍ਹਾਂ ਅਣਦੇਖੀ ਤੇ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਦੱਸਿਆ।ਕਿਸਾਨ ਜਥੇਬੰਦੀਆਂ ਨੇ ਸਰਕਾਰ ਤੋਂ ਇਹ ਬਿੱਲ ਖੇਤੀਬਾੜੀ ਸੰਸਦੀ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ ਤੇ ਸਰਕਾਰ ਵੱਲੋਂ ਬਿਲ ਪਾਸ ਕਰਵਾਉਣ ਦੀ ਜਲਦਬਾਜ਼ੀ ਤੇ ਸਵਾਲ ਉਠਾਏ।ਕਿਸਾਨ ਜਥੇਬੰਦੀਆਂ ਨੇ ਇਸ ਐਕਟ ਖ਼ਿਲਾਫ਼ ਇਕ ਤਿੱਖੇ ਅੰਦੋਲਨ ਦਾ ਐਲਾਨ ਕੀਤਾ ਤੇ 25 ਸਤੰਬਰ 2020 ਨੂੰ ਭਾਰਤ ਬੰਦ ਦਾ ਸੱਦਾ ਦਿੱਤਾ। ਸੱਦੇ ਨੂੰ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 18 ਸਿਆਸੀ ਪਾਰਟੀਆਂ ਨੇ ਸਮਰਥਨ ਕੀਤਾ। ਇਸ ਤੋਂ ਬਾਅਦ ਵਿੱਚ ਵੱਖ ਵੱਖ ਰਾਜਾਂ ਵਿੱਚ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ।ਸਭ ਤੋਂ ਜਿਆਦਾ ਇਨ੍ਹਾਂ ਬਿੱਲਾਂ ਦਾ ਵਿਰੋਧ ਪੰਜਾਬ ਤੇ ਹਰਿਆਣਾ ਵਿੱਚ ਸ਼ੁਰੂ ਹੋਇਆ, ਕਿਉਂਕਿ ਪੰਜਾਬ ਤੇ ਹਰਿਆਣਾ ਵਿੱਚ ਮੰਡੀ ਬੋਰਡ ਹਾਲੇ ਵੀ ਸਥਾਪਿਤ ਹੈ। ਮੁੱਖ ਤੌਰ ਤੇ ਝੋਨੇ ਤੇ ਕਣਕ ਦੀ ਖਰੀਦ ਸਰਕਾਰੀ ਮੁੱਲ ਤੇ ਕੀਤੀ ਜਾਂਦੀ ਹੈ ਤਾਂ ਕਿਸਾਨਾਂ ਨੂੰ ਆਪਣੀ ਮੰਡੀ ਬੋਰਡ ਟੁੱਟਣ ਦਾ ਖ਼ਤਰਾ ਸਤਾਉਣ ਲੱਗਾ। ਜੇਕਰ ਇਹ ਬਿੱਲ ਲਾਗੂ ਹੋ ਜਾਂਦੇ ਹਨ ਤਾਂ ਪੰਜਾਬ, ਹਰਿਆਣਾ ਵਿੱਚ ਵੀ ਯੂ .ਪੀ ਤੇ ਬਿਹਾਰ ਵਾਲਾ ਹਾਲ ਹੋ ਜਾਵੇਗਾ। ਫ਼ਸਲਾਂ ਦੇ ਮੁੱਲ ਵਪਾਰੀ ਆਪਣੀ ਮਰਜ਼ੀ ਨਾਲ ਤੈਅ ਕਰਨਗੇ ।ਜਿਸ ਸਦਕਾ ਸੰਘਰਸ਼ ਤੇਜ਼ੀ ਫੜ ਗਿਆ।

ਸ਼ੁਰੂਆਤੀ ਦੌਰ ਵਿੱਚ ਤਾਂ ਸੂਬੇ ਅੰਦਰ ਸੰਘਰਸ਼ ਸ਼ੁਰੂ ਹੋਇਆ।ਡੀ.ਸੀ ਦਫ਼ਤਰਾਂ ਅੱਗੇ ਧਰਨਾ, ਟੋਲਾ ਨੂੰ ਬੰਦ ਕਰਨਾ, ਕਾਰਪੋਰੇਟ ਘਰਾਣਿਆਂ ਦੇ ਵੱਡੇ ਮਾਲਾਂ ਨੂੰ ਬੰਦ ਕਰਵਾਉਣ ਤਕ ਜਾਰੀ ਰਿਹਾ ਪਰ ਇਸ ਨਾਲ ਕੇਂਦਰ ਤੇ ਕੋਈ ਜੂੰ ਨਾ ਸਰਕੀ।ਫੇਰ ਸੂਬਿਆਂ ਨੇ ਕੇਂਦਰ ਵੱਲ ਕੂਚ ਕਰਨ ਦਾ ਇਰਾਦਾ ਬਣਾ ਲਿਆ। ਜਿਸ ਦੇ ਫ਼ਲਸਰੂਪ ਕੇਂਦਰ ਸਰਕਾਰ ਵੱਲ ਸੂਬਿਆਂ ਤੋਂ ਆਉਂਦੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੂੰ ਰੋਕਣ ਦਾ ਜ਼ੋਰ ਅਜ਼ਮਾਈ ਸ਼ੁਰੂ ਕਰ ਦਿੱਤਾ। ਖ਼ਾਸਕਰ 20 ਨਵੰਬਰ 2020 ਨੂੰ ਹਰਿਆਣਾ ਪੁਲਿਸ ਨੇ ਹਰਿਆਣੇ ਦੇ ਕਿਸਾਨਾਂ ਨੂੰ ਦਿੱਲੀ ਵਿੱਚ ਦਾਖ਼ਲ ਤੋਂ ਰੋਕ ਲਗਾ ਦਿੱਤੀ। ਅੰਬਾਲਾ ਦੇ ਨੇੜੇ ਸਰਹੱਦ ਤੇ





ਪੁਲੀਸ ਵੱਲੋਂ ਬਲਾਂ ਦੁਆਰਾ ਪ੍ਰਦਰਸ਼ਨਕਾਰੀਆਂ ਤੇ ਪਾਣੀ ਦੀਆਂ ਤੋਪਾਂ ਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ।ਕਈ ਜਗ੍ਹਾ ਤੇ ਕਿਸਾਨਾਂ ਤੇ ਪੁਲੀਸ ਵਿੱਚ ਟਕਰਾਅ ਵੀ ਪੈਦਾ ਹੋਈ ।ਕੇਂਦਰ ਸਰਕਾਰ ਨੇ ਕਿਸਾਨਾਂ ਜਥੇਬੰਦੀਆਂ ਨੂੰ ਦਿੱਲੀ ਅੰਦਰ ਪ੍ਰਵੇਸ਼ ਕਰਨ ਤੋਂ ਰੋਕ ਲਗਾ ਦਿੱਤੀ । ਤਾਂ ਕਿਸਾਨ ਜਥੇਬੰਦੀਆਂ ਨੇ ਕਰਮਵਾਰ ਗਾਜੀਪੁਰ, ਕੁੰਡਲੀ, ਸ਼ੰਭੂ, ਤੇ ਟਿਕਰੀ ਬਾਰਡਰ ਤੇ ਬੈਠ ਕੇ ਆਪਣਾ ਸ਼ਾਂਤਮਈ ਸੰਘਰਸ਼ ਸ਼ੁਰੂ ਕਰ ਦਿੱਤਾ, ਜੋ ਅੱਜ ਤਕ ਜਾਰੀ ਹੈ। ਕੇਂਦਰ ਸਰਕਾਰ ਨੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਕੀਤੀਆਂ, ਪਹਿਲਾਂ ਪਹਿਲ ਉੱਥੇ ਮੋਬ-ਾਇਲ ਨੈੱਟਵਰਕ ਬੰਦ ਕਰ ਦਿੱਤੇ ਗਏ, ਬਿਜਲੀ ਪਾਣੀ ਤੇ ਕੁਝ ਸਮੇਂ ਲਈ ਰੋਕ ਲਗਾਈ ਗਈ ਪਰ ਸਿਰੜੀ ਲੋਕ ਹਾਰੇ ਨਾ ਸਰਕਾਰ ਤੇ ਵਧੀਕੀਆਂ ਅੱਗੇ ਡਟੇ ਰਹੇ ।

ਕਿਸਾਨ ਜਥੇਬੰਦੀਆਂ ਕਿਸਾਨ ਏਕਤਾ ਇਕਾਈ ਵੱਲੋਂ ਸਾਂਝਾ ਫ਼ੈਸਲਾ ਹੋਇਆ ਕਿ 26 ਜਨਵਰੀ ਨੂੰ ਇਹ 4 ਸਰਹੱਦਾਂ ਤੋਂ ਲਾਲ ਕਿਲ੍ਹੇ ਵੱਲ ਨੂੰ ਕਿਸਾਨੀ ਪਰੇਡ ਸ਼ੁਰੂ ਕਰਨਗੀਆਂ ।ਕਿਸਾਨੀ ਪਰੇਡ ਬੜੀ ਸ਼ਾਂਤਮਈ ਸ਼ੁਰੂ ਹੋਈ ਪਰ ਕੁਝ ਗਲਤ ਅਨਸਰਾਂ ਵੱਲੋਂ ਇਸ ਸੰਘਰਸ਼ ਨੂੰ ਧਰਮ ਨਾਲ ਜੋੜ ਕੇ ਇਸ ਸੰਘਰਸ਼ ਨੂੰ ਆਪਣੇ ਰਸਤੇ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਗਈ। ਖ਼ਾਸਕਰ ਸਿੱਖ ਚਿਹਰੇ ਨੂੰ ਦੇਸ਼ ਵਿਰੋਧੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਜੋ ਨਾਕਾਮ ਰਹੀ । ਇਸ ਸਭ ਦੇ ਚੱਲਦਿਆਂ ਕਈ ਵਾਰ ਕੇਂਦਰ ਨਾਲ ਕਿਸਾਨ ਏਕਤਾ ਇਕਾਈ ਦੀ ਮੀਟਿੰਗ ਵੀ ਹੋਈ ਪਰ ਸਭ ਸਫ਼ਲ ਨਾ ਰਹੀਆਂ। ਸੰਘਰਸ਼ ਨੂੰ ਕਈ ਤਰ੍ਹਾਂ ਤੋੜ ਮਰੋੜ ਕੇ ਪੇਸ਼ ਕੀਤਾ ਗਿਆ। ਪਰ ਹੁਣ ਕਿਸਾਨ ਜਥੇਬੰਦੀਆਂ ਨੂੰ ਸਮਝ ਆ ਚੁੱਕੀ ਸੀ ।ਸਰਕਾਰ ਦੀਆਂ ਚਾਲਾਂ ਨੂੰ ਉਨ੍ਹਾਂ ਨੇ ਬੜੀ ਸਹਿਜਤਾ ਨਾਲ ਸਮਝਿਆ।ਸੰਘਰਸ਼ ਨੂੰ ਜਿੱਤ ਵੱਲ ਮੋੜ ਰੱਖਿਆ।

ਹੁਣ ਪੂਰੀ ਦੁਨੀਆਂ ਦੀਆਂ ਨਜ਼ਰਾਂ ਇਸ ਸੰਘਰਸ਼ ਵੱਲ ਸਨ।ਜੇਕਰ ਇਹ ਸੰਘਰਸ਼ ਕਿਧਰੇ ਅਸਫ਼ਲ ਵੱਲ ਨੂੰ ਹੋ ਜਾਂਦਾ ਤਾਂ ਕਦੇ ਵੀ ਕਿਸੇ ਨਵੇਂਬਦਲਾਅ ਦੀ ਕਲਪਨਾ ਕਰਨੀ ਮੁਸ਼ਕਿਲ ਹੋ ਜਾਣੀ ਸੀ।ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਮੁਆਫ਼ੀ ਮੰਗ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਹੈ। ਇਸ ਸਫ਼ਲਤਾ ਵਿੱਚ ਸਿਰਫ਼ ਕਿਸਾਨ ਜਾਂ ਕਿਸਾਨ ਜਥੇਬੰਦੀਆਂ ਦੀ ਹੀ ਸਫ਼ਲਤਾ ਨਹੀਂ ਬਲਕਿ ਪੂਰੇ ਸੋਚਵਾਨ ਭਾਰਤੀਆਂ ਦੀ ਜਿੱਤ ਹੈ ।ਜੋ ਇਨ੍ਹਾਂ ਕਾਨੂੰਨਾਂ ਨੂੰ ਭਾਰਤੀ ਖੇਤੀ ਲਈ ਸ਼ਰਾਪ ਸਮਝਦੇ ਸਨ। ਇਸ ਸੰਘਰਸ਼ ਦੀ ਪ੍ਰਾਪਤੀ ਅਨੇਕਾਂ ਸ਼ਹੀਦਾਂ ਦੀਆਂ ਜਾਨਾਂ ਵਾਰਨ ਸਦਕਾ ਪ੍ਰਾਪਤ ਹੋਈ ਹੈ, ਸੂਝਵਾਨ ਕਿਸਾਨੀ ਨੇਤਾਵਾਂ ਸਦਕਾ ਪ੍ਰਾਪਤ ਹੋਈ ਹੈ।ਇਹ ਜਿੱਤ ਵਿਦੇਸ਼ਾਂ ਵਿੱਚ ਬੈਠੇ ਮਿਹਨਤਕਸ਼ ਲੋਕਾਂ ਸਦਕਾ ਪ੍ਰਾਪਤ ਹੋਈ ਹੈ, ਜਿੰਨਾ ਆਪਣਿਆਂ ਦੇ ਲਈ ਆਰਥਿਕ ਤੌਰ ਤੇ ਕੋਈ ਥੁੜ ਆਉਣ ਨਹੀਂ ਦਿੱਤੀ। ਇਹ ਜਿੱਤ ਮੰਦਰ, ਮਸਜਿਦਾਂ, ਗੁਰਦੁਆਰਿਆਂ ਵਿੱਚ ਕੀਤੀਆਂ ਅਰਦਾਸਾਂ ਸਦਕਾ ਮਿਲੀ ਹੈ। ਇਹ ਜਿੱਤ ਪੂਰੀ ਆਵਾਮ ਦੀ ਜਿੱਤ ਹੈ । ਕਲਪਨਾ ਕਰਦੇ ਹਾਂ, ਕਿ ਅੱਜ ਤੋਂ ਭਾਰਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ। ਜੈ ਜਵਾਨ॥ ਜੈ ਕਿਸਾਨ॥

# ਖ਼ਤਮ ਹੋਈ ਧੇਲੀਆਂ - ਚੁਆਨੀਆਂ ਦੀ ਟੁਣਕਾਰ




ਬਦਲਾਅ ਕੁਦਰਤ ਦਾ ਅਟੱਲ ਨਿਯਮ ਹੈ। ਸਮੇਂ ਦੇ ਨਾਲ - ਨਾਲ ਸੰਸਾਰ ਵਿੱਚ ਖਾਣ - ਪੀਣ ਵਿੱਚ ਅਤੇ ਰਹਿਣ - ਸਹਿਣ ਵਿੱਚ ਬਦਲਾਅ ਆਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਸਮੇਂ - ਸਮੇਂ 'ਤੇ ਰਾਜਿਆਂ - ਮਹਾਰਾਜਿਆਂ ਅਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਵੀ ਕਰੰਸੀ ਵਿੱਚ ਬਦਲਾਅ ਕੀਤੇ ਜਾਂਦੇ ਰਹੇ। ਜਦਕਿ ਕੁਝ ਕਰੰਸੀ ਖ਼ੁਦ - ਬਖ਼ੁਦ ਹੀ ਆਪਣੀ ਅਹਿਮੀਅਤ ਘੱਟ ਹੋ ਜਾਣ ਜਾਂ ਖ਼ਤਮ ਹੋ ਜਾਣ ਕਰਕੇ ਜਾਂ ਵਰਤੋਂ ਵਿੱਚ ਨਾ ਲਿਆਂਦੀ ਜਾਣ ਕਰਕੇ ਸਮੇਂ ਦੀ ਰਫ਼ਤਾਰ ਵਿੱਚ ਪਿੱਛੇ ਰਹਿ ਗਈ। ਹੌਲੀ - ਹੌਲੀ ਉਸ ਦੀ ਅਹਿਮੀਅਤ ਘਟਣ ਮਗਰੋਂ ਉਹ ਆਮ ਚਲਨ ਤੋਂ ਬਾਹਰ ਹੋ ਕੇ ਇੱਕ ਬੁਝਾਰਤ ਬਣ ਕੇ ਰਹਿ ਗਈ। 1990 ਦੇ ਆਸਪਾਸ ਤੱਕ ਇੱਕੀ ( ਇੱਕ ਪੈਸਾ ) , ਦੁੱਕੀ ( ਦੋ ਪੈਸੇ ), ਪੰਜੀ ( ਪੰਜ ਪੈਸੇ ) ਦਸੀ (ਦਸ ਪੈਸੇ ) , ਵੀਹ ਪੈਸੇ , ਪੰਜਾਹ ਪੈਸੇ , ਪੰਝੀ ਪੈਸੇ ( ਚੁਆਨੀ ) ਆਦਿ ਭਾਨ ਆਮ ਦੁਕਾਨਾਂ , ਲੈਣ - ਦੇਣ , ਬੱਸਾਂ ਆਦਿ ਲਈ ਪੂਰੀ ਵਰਤੋਂ ਹੁੰਦੀ ਸੀ ਅਤੇ ਇਸ ਭਾਨ ਦੀ ਰੋਜ਼ਾਨਾ ਜ਼ਿੰਦਗੀ ਦੇ ਰੋਜ਼ਾਨਾ ਕੰਮਾਂ ਵਿੱਚ ਪੂਰੀ ਸਰਦਾਰੀ ਸੀ। ਉਦੋਂ ਬੱਚਿਆਂ ਦੀਆਂ ਬੁਘਲੀਆਂ , ਗੱਲਿਆਂ , ਲਾਲਿਆਂ ਦੀਆਂ ਦੁਕਾਨਾਂ ਦੇ ਗੱਲਿਆਂ , ਕੰਡਕ-ਟਰ ਦੇ ਥੈਲਿਆਂ , ਧਾਰਮਿਕ ਸਥਾਨਾਂ ਦੀਆਂ ਗੋਲਕਾਂ , ਡੋਲੀ ਤੁਰਨ ਸਮੇਂ , ਮੰਗਤੇ ਨੂੰ ਦੇਣ ਸਮੇਂ , ਬੱਚਿਆਂ ਨੂੰ ਖਰਚਣ ਲਈ ਦੇਣ ਆਦਿ ਸਮੇਂ ਇਨ੍ਹਾਂ ਪੈਸਿਆਂ ਦੀ ਵਰਤੋਂ ਪੂਰੇ ਜੋਬਨ ਉੱਤੇ ਸੀ। ਮਾਤਾ - ਪਿਤਾ ਬੱਚਿਆਂ ਨੂੰ ਬੰਟੇ ( ਕੱਚੇ ) , ਗੇਂਦਾਂ ਅਤੇ ਹੋਰ ਚੀਜ਼ਾਂ ਲੈਣ ਲਈ ਇਨ੍ਹਾਂ ਪੈਸੇ ਨੂੰ ਬੜੇ ਮਾਣ ਨਾਲ ਦਿੰਦੇ ਹੁੰਦੇ ਸਨ ਅਤੇ ਬੱਚੇ ਵੀ ਚਾਈਂ - ਚਾਈਂ ਇਸ ਦੀ ਵਰਤੋਂ ਕਰਦੇ ਹੁੰਦੇ ਸਨ। ਉਸ ਸਮੇਂ ਇਸ ਭਾਨ ਦੀ ਅਹਿਮੀਅਤ ਕਾਫੀ ਹੁੰਦੀ ਸੀ। ਇੱਕ ਪੈਸੇ ਦੇ ਦਸ ਬੰਟੇ ( ਕੰਚੇ) , ਦਸ ਪੈਸੇ ਦੀਆਂ ਕਈ ਸਲੇਟੀਆਂ , ਚੁਆਨੀ ਦੀ ਗੇਂਦ , ਪੰਜਾਹ ਪੈਸੇ ਦੀ ਸਲੇਟ , ਚੁਆਨੀ ਦਾ ਪੈਨ ਦਾ ਸਿੱਕਾ , ਪੰਜਾਹ ਪੈਸੇ ਦਾ ਵਰਣਮਾਲਾ ਦਾ ਕਾਇਦਾ ਆਦਿ ਆਮ ਹੀ ਬਾਜ਼ਾਰ ਤੋਂ ਜਾਂ ਦੁਕਾਨ ਤੋਂ ਮਿਲ ਜਾਇਆ ਕਰਦੇ ਹੁੰਦੇ ਸਨ। ਪੰਜਾਹ ਪੈਸੇ ਦੀ ਕਾਪੀ , ਚੁਆਨੀ ਦੀ ਸਿਆਹੀ ਅਤੇ ਦਵਾਤ , ਪੰਜ ਪੈਸੇ ਦੀ ਐਨਾਸਿਨ ਦੀ ਗੋਲੀ ਆਦਿ ਆਮ ਹੀ ਦੁਕਾਨ ਤੋਂ ਖ਼ਰੀਦ ਲੈਂਦੇ ਹੁੰਦੇ ਸੀ। ਬਣੀ - ਬਣਾਈ ਤਿਆਰ ਸਿਆਹੀ ਦੀ ਕੱਚ ਦੀ ਸ਼ੀਸ਼ੀ ਅਕਸਰ ਦਸ - ਬਾਰਾਂ ਆਨਿਆਂ ( ਪੰਝੀ ਪੈਸੇ ਦੇ ਚਾਰ ਆਨੇ) ਵਿੱਚ ਮਿਲ ਜਾਂਦੀ ਹੁੰਦੀ ਸੀ। ਮੰਗਤੇ ਪੰਜੀ ( ਪੰਜ ਪੈਸੇ) ਜਾਂ ਦੱਸੀ ( ਦਸ ਪੈਸੇ ) ਲੈ ਕੇ ਹੀ ਫੁੱਲੇ ਨਹੀਂ ਸਨ ਸਮਾਉਂਦੇ , ਪਰ ਹੁਣ ਘਰਾਂ , ਬਾਜ਼ਾਰਾਂ , ਬੈਂਕਾਂ ਆਦਿ ਵਿੱਚੋਂ ਇਹ ਭਾਨ ਲਗਭਗ ਖ਼ਤਮ ਹੋ ਗਈ ਹੈ ਅਤੇ ਇਸ ਦੇ ਦਰਸ਼ਨ ਵੀ ਦੁਰਲੱਭ ਹੋ ਗਏ ਹਨ। ਹੁਣ ਅਜਿਹੀ ਪੁਰਾਣੀ ਮੁਦਰਾ / ਕਰੰਸੀ ਕਿਸੇ ਪੁਰਾਣੇ ਸਿੱਕੇ ਇਕੱਠੇ ਕਰਨ ਦੇ ਸ਼ੌਕੀਨ ਕੋਲ ਹੀ ਵੇਖਣ ਨੂੰ ਮਿਲ ਸਕਦੀ ਹੈ। ਅੱਜਕੱਲ੍ਹ ਮਹਿੰਗਾਈ ਦੇ ਸਮੇਂ ਵਿੱਚ ਪੈਸਿਆਂ ਦੀ ਥਾਂ ਰੁਪਈਆਂ ਨੇ ਭਾਨ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਇੱਕ ਰੁਪਏ ਤੇ ਪੰਜ ਰੁਪਏ ਦੇ ਨੋਟ ਵੀ ਕਦੇ - ਕਦਾਈਂ ਹੀ ਵੇਖਣ ਨੂੰ ਮਿਲਦੇ ਹਨ।ਅੱਜ ਦਸ ਰੁਪਏ ਦੇ ਨੋਟ ਤੋਂ ਲੈ ਕੇ ਦੋ ਹਜ਼ਾਰ ਰੁਪਏ ਤੱਕ ਦੇ ਵੱਡੇ ਨੋਟ ਹੋਂਦ ਵਿੱਚ ਆ ਗਏ ਹਨ। ਭਾਨ ਦੇ ਬਦਲਦੇ ਰੂਪ ਵਿੱਚ ਹੁਣ ਇੱਕ ਰੁਪਏ , ਦੋ ਰੁਪਏ , ਪੰਜ ਰੁਪਏ , ਦਸ ਰੁਪਏ ਆਦਿ ਦਾ ਚਲਨ ਹੋ ਗਿਆ ਹੈ। ਸਿੱਟੇ ਵਜੋਂ ਬਾਜ਼ਾਰੂ ਚੀਜ਼ਾਂ ਦੀਆਂ ਕੀਮਤਾਂ ਵੀ ਪੌਣੇ - ਅੱਧਿਆਂ ਦੀ ਥਾਂ ਹੁਣ ਲਗਭਗ ਰਾਊਂਡ ਫਿਗਰ ਵਿੱਚ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ। ਘਰਾਂ ਦੀ ਲਿਪਾਈ , ਸਪੇਰੇ ਦੀ ਬੀਨ 'ਤੇ , ਨਲਕੇ ਦੁਆਲੇ ਲੱਗੇ ਫ਼ਰਸ਼ 'ਤੇ , ਕਈ ਧਾਰਮਿਕ ਅਸਥਾਨਾਂ 'ਤੇ , ਨਵ - ਜੰਮੇ ਬੱਚੇ ਦੀ ਤੜਾਗੀਆਂ ਆਦਿ 'ਚ ਸਜਾਈਆਂ ਜਾਣ ਵਾਲੀਆਂ ਦੁੱਕੀਆਂ - ਤਿੱਕੀਆਂ ਜਾਂ ਫਿਰ ਆਮ ਜਨ - ਜੀਵਨ ਦੇ ਵੱਖ - ਵੱਖ ਰਸਮਾਂ - ਰਿਵਾਜਾਂ ਦੇ ਸਮੇਂ ਵਰਤੀਆਂ ਜਾਣ ਵਾਲੀਆਂ ਪੰਜੀਆਂ - ਦਸੀਆਂ ਤਾਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਈਆਂ ਹਨ। ਭਾਨ ਨਾਲੋਂ ਮਨੁੱਖ ਦਾ ਨਾਤਾ ਟੁੱਟਦਾ ਹੀ ਜਾ ਰਿਹਾ ਹੈ ਅਤੇ ਅੱਜ ਹਰ ਕੋਈ ਪਰਸ , ਬਟੂਏ ਜਾਂ ਜੇਬ ਵਿੱਚ ਵੱਡੀ ਕਰੰਸੀ ਦੇ ਨੋਟ ਰੱਖਣ ਨੂੰ ਅਹਿਮੀਅਤ ਦੇਣ ਲੱਗਾ ਹੈ ਜਾਂ ਜ਼ਿਆਦਾਤਰ ਆਨਲਾਈਨ ਭੁਗਤਾਨ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ ; ਪਰ ਆਪਣੇ ਸਮਿਆਂ 'ਚ ਵਰਤੀ ਕਰੰਸੀ ਨੂੰ ਭੁੱਲਣਾ ਬਹੁਤ ਔਖਾ ਹੁੰਦਾ ਹੈ ਤੇ ਲੋੜ ਹੈ ਅਜਿਹੀ ਲੁਪਤ ਹੋਈ ਜਾਂ ਲੁਪਤ ਹੋਣ ਜਾ ਰਹੀ ਕਰੰਸੀ ਬਾਰੇ ਨਵੀਂ - ਨਰੋਈ ਪੀੜ੍ਹੀ ਨੂੰ ਦੱਸਣ ਦੀ ਅਤੇ ਆਪਣੀ ਯਾਦਦਾਸ਼ਤ ਲਈ ਸੰਜੋਅ ਕੇ ਰੱਖਣ ਦੀ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

## ਹਲਕਾ-ਫੁਲਕਾ

ਇੱਕ ਦੋਸਤ (ਦੂਸਰੇ ਦੋਸਤ ਨੂੰ), ''ਯਾਰ, ਮੇਰੀ ਪਤਨੀ ਬਹੁਤ ਖਰਚੀਲੇ ਸੁਭਾਅ ਦੀ ਹੋ ਗਈ ਹੈ, ਆਏ ਦਿਨ ਕਦੇ 1000, ਕਦੇ 2000 ਰੁਪਏ ਮੰਗਦੀ ਰਹਿੰਦੀ ਹੈ।''
ਦੋਸਤ ,''ਤੇਰੀ ਪਤਨੀ ਇੰਨੇ ਪੈਸਿਆਂ ਦਾ ਕਰਦੀ ਕੀ ਹੈ?''
ਪਹਿਲਾ ਦੋਸਤ, ''ਕੀ ਪਤਾ, ਮੈਂ ਕਦੀ ਦਿੱਤੇ ਤਾਂ ਹੈ ਨਹੀਂ?''

******



ਸਹੁਰਾ (ਜੁਆਈ ਨੂੰ), ''ਬੇਟਾ, ਮੇਰੀ ਧੀ ਦਾ ਖਿਆਲ ਰੱਖਣਾ, ਇਸ ਦੀਆਂ ਅੱਖਾਂ ਵਿੱਚੋਂ ਕਦੀ ਹੰਝੂ ਨਾ ਆਉਣ।''
ਜੁਆਈ, ''ਠੀਕ ਹੈ ਜੀ, ਪਿਆਜ਼ ਮੈਂ ਕੱਟ ਦਿਆ ਕਰਾਂਗਾ, ਪਰ ਭਾਂਡੇ ਇਸ ਨੂੰ ਮਾਂਜਣੇ ਪੈਣਗੇ।''

******

ਇੱਕ ਗ਼ਰੀਬ ਆਦਮੀ ਦੁਖੀ ਹੋ ਕੇ ਬੋਲਿਆ, ''ਹੇ ਰੱਬਾ, ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ ਹੈ।''
ਅਚਾਨਕ ਉਸ ਵੇਲੇ ਯਮਦੂਤ ਆਇਆ ਤੇ ਬੋਲਿਆ, ''ਚੱਲ ਤੇਰੀ ਜਾਨ ਲੈਣ ਆਇਆ ਹਾਂ।''
ਗ਼ਰੀਬ ਆਦਮੀ (ਯਮਦੂਤ ਨੂੰ), ''ਲਓ ਜੀ! ਅੱਜ ਗ਼ਰੀਬ ਆਦਮੀ ਮਜ਼ਾਕ ਵੀ ਨਹੀਂ ਕਰ ਸਕਦਾ।''

## ਹਰਿਮੰਦਰ ਸਾਹਿਬ ਸਭ ਦਾ ਸਾਂਝਾ ਹੈ, ਇੱਥੋਂ ਹੁੰਦੇ ਪ੍ਰਸਾਰਨ ਲਈ ਇੱਕ ਪਰਿਵਾਰ ਦਾ ਏਕਾਧਿਕਾਰ ਖ਼ਤਮ ਕਰਾਂਗੇ- ਸਿੱਧੂ

* ਕਿਹਾ- ਇੱਕ ਖ਼ਾਸ ਧਿਰ ਦੇ ਚੈਨਲ ਦਾ ਹੀ ਏਕਾਧਿਕਾਰ ਕਿਉਂ ਹੋਵੇ?
* ਚੰਨੀ ਵਿਰੁੱਧ ਕੈਪਟਨ ਦੀਆਂ ਟਿੱਪਣੀਆਂ ਦਾ ਮੈਂ ਜਵਾਬ ਦੇਵਾਂਗਾ



ਅੰਮ੍ਰਿਤਸਰ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਰੋੜਾਂ ਰੁਪਇਆਂ ਦੇ ਕੰਮਾਂ ਦੀ ਸ਼ੁਰੂਆਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਰਾਜਸੀ ਵਿਰੋਧੀਆਂ ਕੈਪਟਨ ਅਮਰਿੰ-ਦਰ ਸਿੰਘ, ਬਾਦਲ ਪਰਵਾਰ ਦਾ ਭਾਵੇਂ ਨਾਮ ਨਹੀਂ ਲਿਆ ਪਰ ਅਸਿੱਧੇ ਤੌਰ ਤੇ ਉਨ੍ਹਾਂ ਦੀ ਅਲੋਚਨਾਂ ਕਰਦੇ ਹੋਏ, ਉਨ੍ਹਾਂ ਤੇ ਤਿੱਖੇ ਹਮਲੇ ਕੀਤੇ।

ਉਨ੍ਹਾਂ ਦੋਸ਼ ਲਾਇਆ ਕਿ ਰਾਜਸੀ ਵਿਰੋਧਤਾ ਦੇ ਕਾਰਨ ਇਨ੍ਹਾਂ ਮੇਰੇ ਹਲਕੇ ਦੇ ਵਿਕਾਸ ਕੰਮ ਠੱਪ ਕੀਤੇ। ਬਾਦਲਾਂ ਦੇ ਚੈਨਲ ਦੀ ਅਲੋਚਨਾਂ ਕਰਦਿਆਂ ਸਿੱਧੂ ਨੇ ਕਿਹਾ ਕਿ ਸੱਚਖੰਡ ਹਰਮੰਦਰ ਸਾਹਿਬ ਸਭ ਦਾ ਸਾਂਝਾ ਮੁਕੱਦਸ ਅਸਥਾਨ ਹੈ ਜੋ ਸਭ ਦਾ ਸਾਂਝਾ ਹੈ ਪਰ ਉਥੋਂ ਗੁਰਬਾਣੀ ਦੇ ਪ੍ਰਸਾਰਨ ਤੇ ਉਕਤ ਪਰਵਾਰ ਨੇ ਏਕਾਧਿਕਾਰ ਕਾਇਮ ਕੀਤਾ ਹੈ, ਜੋ ਸਰਾਸਰ ਗਲਤ ਹੈ। ਹੋਰ ਚੈਨਲ ਨੂੰ ਵੀ ਗੁਰੂ ਘਰ ਤੋਂ ਪ੍ਰਸਾਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਪੰਜਾਬ ਸਰਕਾਰ ਇਸ ਏਕਾਧਿਕਾਰ ਨੂੰ ਖ਼ਤਮ ਕਰਨ ਲਈ ਯਤਨ ਕਰੇਗੀ। ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਉਨ੍ਹਾਂ ਦੇ ਭਰਾ ਸਬੰਧੀ ਕੀਤੀਆਂ ਟਿੱਪਣੀਆਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਹ ਇਸ ਦਾ ਠੋਕਵਾਂ ਜਵਾਬ ਦੇਣਗੇ। ਸਿੱਧੂ ਨੇ ਪੰਜਾਬ ਦੀ ਬਰਬਾਦੀ ਲਈ ਪਹਿਲੇ ਹਾਕਮਾਂ ਨੂੰ ਜੁੰਮੇਵਾਰ ਕਰਾਰ ਦਿੰਦਿਆਂ ਕਿਹਾ ਕਿ ਸੂਬੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਠੋਸ ਨੀਤੀਆਂ ਘੜਨ ਦੀ ਸਖ਼ਤ ਜ਼ਰੂਰਤ ਹੈ, ਜਿਸ ਵਾਸਤੇ ਪੰਜਾਬ ਮਾਡਲ ਅਪਨਾਉਣਾ ਜ਼ਰੂਰੀ ਹੈ। ਉਨ੍ਹਾਂ ਕੈਪਟਨ ਤੇ ਟਕੋਰਾਂ ਕਰਦਿਆਂ ਕਿਹਾ ਕਿ ਉਹ ਮੇਰੇ ਦਰਵਾਜ਼ੇ ਬੰਦ ਕਰਵਾਉਂਦਾ ਆਪਣੇ ਹੀ ਕਰਵਾ ਬੈਠਾ ਹੈ। ਸਿੱਧੂ ਨੇ ਸਿਆਸੀ ਵਿਰੋਧੀਆਂ ਨੂੰ ਚੇਤੇ ਕਰਵਾਇਆ ਕਿ ਕਿਸੇ ਵੀ ਚੁਣੇ ਹੋਏ ਪ੍ਰਤੀਨਿਧ ਦੇ ਵਿਕਾਸ ਕਾਰਜ ਬੰਦ ਕਰਵਾਉਣੇ ਜਨਤਕ ਹਿਤਾਂ ਵਿਰੁੱਧ ਹਨ। ਲੋਕਾਂ ਦੇ ਟੈਕਸਾਂ ਨਾਲ ਸਰਕਾਰਾਂ ਚਲਦੀਆਂ ਹਨ। ਹੁਣ ਕਾਲੇ ਬੱਦਲ ਛੱਟ ਗਏ ਹਨ। ਵਿਕਾਸ ਕੰਮ ਜੰਗੀ ਪੱਧਰ ਤੇ ਹੋਣਗੇ।

## ਦਹਿਸ਼ਤਗਰਦ ਦੇ ਭਰਾ ਨੂੰ ਚੇਅਰਮੈਨ ਬਣਾ ਕੇ ਕਾਂਗਰਸ ਸਰਕਾਰ ਘਿਰੀ

* ਬਲਵਿੰਦਰ ਸਿੰਘ ਪੰਨੂ ਨੂੰ ਚੇਅਰਮੈਨ ਲਾਇਆ * ਆਪਣਿਆਂ ਦੇ ਨਾਲ-ਨਾਲ ਵਿਰੋਧੀਆਂ ਨੇ ਵੀ ਕੀਤਾ ਹਮਲਾ

ਗੁਰਦਾਸਪੁਰ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਖਾਲਿਸਤਾਨੀ ਜਮਾਤ ਸਿੱਖਸ ਫਾਰ ਜਸਟਿਸ ਦੇ ਉਪ ਸਕੱਤਰ ਅਵਤਾਰ ਸਿੰਘ ਪੰਨੂ ਦੇ ਭਰਾ ਬਲਵਿੰਦਰ ਸਿੰਘ ਪੰਨੂ ਕੋਟਲਾਬਾਮਾ ਨੂੰ ਪੰਜਾਬ ਜੈਨਕੋ ਲਿਮਟਿਡ ਦਾ ਚੇਅਰਮੈਨ ਨਿਯੁਕਤ ਕਰ ਕੇ ਵਿਵਾਦਾਂ ਵਿੱਚ ਘਿਰ ਗਈ ਹੈ। ਬਲਵਿੰਦਰ ਸਿੰਘ ਨੂੰ ਪਿਛਲੇ ਦਿਨੀਂ ਚੇਅਰਮੈਨ ਲਾਇਆ ਗਿਆ ਸੀ। ਪਹਿਲਾਂ ਕਾਂਗਰਸ ਦੇ ਸੀਨੀਅਰ ਨੇਤਾ ਅਸ਼ਵਨੀ ਸੇਖੜੀ ਖੁਦ ਆਪਣੀ ਹੀ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਚੁੱਕੇ ਹਨ ਤਾਂ ਹੁਣ ਵਿਰੋਧੀ ਪਾਰਟੀਆਂ ਲਗਾਤਾਰ ਇਸ ਮਾਮਲੇ ਵਿੱਚ ਚੰਨੀ ਸਰਕਾਰ 'ਤੇ ਹਮਲਾਵਰ ਹੋ ਗਈਆਂ ਹਨ।

ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ (ਐਸ ਐਫ ਜੇ) 'ਤੇ ਕੇਂਦਰ ਸਰਕਾਰ ਦੇਸ਼ ਵਿਰੋਧੀ ਸਰਗਰਮੀਆਂ ਕਾਰਨ ਪਾਬੰਦੀ ਲਗਾ ਚੁੱਕੀ ਹੈ। ਅਜਿਹੇ ਵਿੱਚ ਬਲਵਿੰਦਰ ਸਿੰਘ ਪੰਨੂ ਨੂੰ ਚੇਅਰਮੈਨ ਬਣਾਇਆ ਜਾਣਾ ਵਿਵਾਦ ਦਾ ਕਾਰਨ ਬਣ ਗਿਆ ਹੈ। ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸੀ



ਬਲਵਿੰਦਰ ਸਿੰਘ ਪੰਨੂ

ਆਗੂਆਂ ਨੇ ਬਲਵਿੰਦਰ ਸਿੰਘ ਪੰਨੂ ਦੀ ਨਿਯੁਕਤੀ ਦਾ ਸਖ਼ਤ ਵਿਰੋਧ ਕੀਤਾ ਹੈ। ਭਾਜਪਾ ਨੇ ਤਾਂ ਰਾਹੁਲ ਗਾਂਧੀ ਅਤੇ ਪਾਰਟੀ ਹਾਈ ਕਮਾਨ ਤੋਂ ਇਸ ਮਾਮਲੇ ਵਿੱਚ ਜਵਾਬ ਮੰਗਿਆ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ ਪੀ ਸਿੰਘ ਤੇ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਤੇ ਹਰੀਸ਼ ਰਾਵਤ ਵਰਗੇ ਕਾਂਗਰਸੀ ਨੇਤਾ ਪਾਕਿਸਤਾਨ ਦੇ ਪੀ ਐਮ ਇਮਰਾਨ ਖਾਨ ਤੇ ਫੌਜ ਮੁਖੀ ਜਨਰਲ ਬਾਜਵਾ ਨੂੰ ਆਪਣਾ ਭਰਾ ਮੰਨਦੇ ਹਨ। ਹੁਣ ਰਾਹੁਲ ਗਾਂਧੀ ਸਮੇਤ ਕਾਂਗਰਸ ਹਾਈ ਕਮਾਨ ਨੂੰ ਇਸ 'ਤੇ ਸਫਾਈ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਲੱਗ ਰਿਹਾ ਹੈ, ਜਿਵੇਂ ਪੰਜਾਬ ਸਰਕਾਰ ਇਮਰਾਨ ਖਾਨ ਤੋਂ ਨਿਰਦੇਸ਼ ਲੈ ਰਹੀ ਹੈ ਅਤੇ ਬਲਵਿੰਦਰ ਸਿੰਘ ਦੀ ਨਿਯੁਕਤੀ ਪਾਕਿਸਤਾਨੀ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਕੀਤੀ ਗਈ ਸੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨਿਯੁਕਤੀ 'ਤੇ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲੋਕਾਂ ਨੂੰ ਇਸ ਗੱਲ ਦਾ ਜਵਾਬ ਦੇਣ ਕਿ ਸਿੱਖਸ ਫਾਰ ਜਸਟਿਸ ਦੇ ਅਹੁਦੇਦਾਰ ਦੇ ਭਰਾ ਨੂੰ ਚੇਅਰਮੈਨ ਕਿਉਂ ਲਾਇਆ ਗਿਆ ਹੈ? ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ, ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਅਸ਼ਵਨੀ ਸੇਖੜੀ ਨੇ ਕਿਹਾ ਕਿ ਕਾਂਗਰਸ ਦੇਸ਼ ਭਗਤ ਪਾਰਟੀ ਹੈ, ਪਰ ਜਿਸ ਤਰ੍ਹਾਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਿੱਖਸ ਫਾਰ ਜਸਟਿਸ ਦੇ ਅਹੁਦੇਦਾਰ ਦੇ ਭਰਾ ਨੂੰ ਚੇਅਰਮੈਨ ਬਣਾਇਆ ਹੈ, ਉਸ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਕੈਬਨਿਟ ਮੰਤਰੀ ਬਾਜਵਾ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ। ਪੰਜਾਬ ਵਿੱਚ ਸ਼ਾਂਤੀ ਦੀ ਇੱਛਾ ਰੱਖਣ ਵਾਲੇ ਲੋਕ ਇਸ ਨਿਯੁਕਤੀ ਨੂੰ ਸਹੀ ਨਹੀਂ ਮੰਨਦੇ ਹਨ।

## ਕਿਸਾਨ ਆਪਣੀ ਜ਼ਮੀਨ ਦੀ ਸਮਰੱਥਾ ਤੋਂ ਵੱਧ ਪੈਦਾ ਹੋਈ ਫਸਲ ਨੂੰ ਐਮ ਐਸ ਪੀ 'ਤੇ ਨਹੀਂ ਵੇਚ ਸਕਣਗੇ

* ਸਰਕਾਰ ਵੱਲੋਂ ਪਾਬੰਦੀ ਲਗਾਉਣ ਦੀ ਤਿਆਰੀ


ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਹਰਿਆਣਾ ਸਰਕਾਰ ਵਾਂਗ ਪੰਜਾਬ ਸਰਕਾਰ ਵੀ ਸੂਬੇ 'ਚ ਫਸਲਾਂ ਦੀ ਵਿਕਰੀ 'ਤੇ ਇੱਕ ਵੱਖਰੀ ਤਰ੍ਹਾਂ ਦੀ ਪਾਬੰਦੀ ਲਗਾਉਣ ਦੀ ਤਿਆਰੀ ਕਰ ਰਹੀ ਹੈ। ਕਿਸਾਨ ਆਉਣ ਵਾਲੀ ਫਸਲ ਸਿਰਫ ਆਪਣੀ ਜ਼ਮੀਨ ਦੀ ਪੈਦਾਵਰ ਸਮਰੱਥਾ ਮੁਤਾਬਕ ਹੀ ਵੇਚ ਸਕਣਗੇ। ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨਾਂ ਕੋਲੋਂ ਉਨ੍ਹਾਂ ਦੀ ਜ਼ਮੀਨ ਦਾ ਪੂਰਾ ਰਿਕ-ਾਰਡ ਰਜਿਸਟਰ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਹ ਮੁਕੰਮਲ ਹੋਣ ਹੀ ਵਾਲਾ ਹੈ। ਇਸ ਸਬੰਧੀ ਵੇਰਵਿਆਂ 'ਚ ਕਿਸਾਨ ਦੀ ਜ਼ਮੀਨ ਦਾ ਪੂਰਾ ਵੇਰਵਾ ਤੇ ਗਿਰਦਾਵਰੀ ਆਦਿ ਸ਼ਾਮਲ ਹੋਵੇਗੀ। ਪੰਜਾਬ 'ਚ ਖੇਤੀਬਾੜੀ ਜ਼ਮੀਨ ਮੁਤਾਬਕ ਵਧੇਰੇ ਫਸਲ ਦੀ ਖਰੀਦ-ਵੇਚ ਸ਼ੱਕ ਦੇ ਘੇਰੇ 'ਚ ਰਹੇਗੀ। ਇਸ ਵਾਰ ਵੀ ਅਨੁਮਾਨ ਤੋਂ ਕਿਤੇ ਵੱਧ ਝੋਨੇ ਦੀ ਐਮ ਐਸ ਪੀ 'ਤੇ ਖ਼ਰੀਦ ਦੇ ਸੰਕੇਤ ਹਨ, ਕਿਉਂਕਿ ਝੋਨੇ ਦੀ ਕਰੋੜਾਂ ਦੀ ਬੋਗਸ ਬਿਲਿੰਗ ਹੋਈ ਹੈ। ਪੰਜਾਬ 'ਚ 10 ਨਵੰਬਰ ਤੋਂ ਝੋਨੇ ਦੀ ਸਰਕਾਰੀ ਖ਼ਰੀਦ ਬੰਦ ਪਈ ਹੈ। ਕਈ ਅਸਲ ਕਿਸਾਨਾਂ ਕੋਲ ਅਜੇ ਵੀ ਝੋਨਾ ਪਿਆ ਹੈ ਜੋ ਲੱਗਭਗ 20 ਲੱਖ ਟਨ ਦੱਸਿਆ ਜਾਂਦਾ ਹੈ।

ਚੇਤੇ ਰਹੇ ਕਿ ਹਰਿਆਣੇ ਨੇ ਜੁਲਾਈ 2019 'ਚ 'ਮੇਰੀ ਫਸਲ ਮੇਰਾ ਬਿਓਰਾ' ਯੋਜਨਾ ਸ਼ੁਰੂ ਕੀਤੀ ਸੀ। ਇਸ ਦਾ ਅਰਥ ਸਪੱਸ਼ਟ ਸੀ ਕਿ ਸਰਕਾਰ ਸਿਰਫ ਉਨ੍ਹਾਂ ਕਿਸਾਨਾਂ ਦੀ ਫਸਲ ਹੀ ਸਰਕਾਰੀ ਕੀਮਤ 'ਤੇ ਖਰੀਦੇਗੀ, ਜਿਨ੍ਹਾਂ ਨੇ ਫਸਲ ਹਰਿਆਣੇ 'ਚ ਪੈਦਾ ਕੀਤੀ ਹੈ। ਅਜਿਹੇ ਕਿਸਾਨਾਂ ਦੀ ਫਸਲ ਐਮ ਐਸ ਪੀ 'ਤੇ ਖਰੀਦੀ ਜਾਏਗੀ। ਸ਼ੁਰੂ 'ਚ ਇਸ ਦਾ ਭਾਰੀ ਵਿਰੋਧ ਹੋਇਆ ਸੀ। ਬਾਅਦ 'ਚ ਇਹ ਗੱਲ ਸਪੱਸ਼ਟ ਹੋ ਗਈ ਕਿ ਇਸ ਨਾਲ ਹਰਿਆਣਾ 'ਚ ਹੋਰਨਾਂ ਸੂਬਿਆਂ ਤੋਂ ਸਮੱਗਲਿੰਗ ਘਟੀ ਤੇ ਸੂਬੇ ਦੇ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦਾ ਐਮ ਐਸ ਪੀ ਮਿਲਿਆ।

ਪੰਜਾਬ 'ਚ ਵੀ ਪਿਛਲੇ ਕਈ ਸਾਲਾਂ ਤੋਂ ਹੋਰਨਾਂ ਸੂਬਿਆਂ ਮੱਧ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਤੇ ਉਤਰ ਪ੍ਰਦੇਸ਼ ਤੋਂ ਝੋਨਾ ਘੱਟ ਕੀਮਤ 'ਤੇ ਖਰੀਦ ਕੇ ਲਿਆਂਦਾ ਜਾਂਦਾ ਹੈ ਤੇ ਐਮ ਐਸ ਪੀ 'ਤੇ ਵੇਚਿਆ ਜਾਂਦਾ ਹੈ। ਝੋਨੇ ਦੀ ਇਸ ਸਮੱਗਲਿੰਗ 'ਚ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਨਾਂ ਵੀ ਆਉਂਦੇ ਰਹੇ ਹਨ। ਪੰਜਾਬ 'ਚ ਅਜਿਹਾ ਕਈ ਲੱਖ ਕੁਇੰਟਲ ਝੋਨਾ ਜ਼ਬਤ ਕੀਤਾ ਗਿਆ। ਮੁਕੱਦਮੇ ਵੀ ਦਰਜ ਹੋਏ। ਸਮੱਗਲਿੰਗ ਰੋਕਣ ਲਈ ਪੰਜਾਬ ਨੇ ਵੀ ਜ਼ਮੀਨ ਦਾ ਰਿਕਾਰਡ ਰੱਖਣਾ ਸ਼ੁਰੂ ਕਰ ਦਿੱਤਾ ਸੀ। ਇਸ ਸਾਲ ਅਗਸਤ 'ਚ ਸ਼ੁਰੂ ਹੋਏ 'ਲੈਂਡ ਰਿਕਾਰਡ' ਦਾ ਕੰਮ ਇਸ ਸਮੇਂ ਸਿਖਰਾਂ 'ਤੇ ਹੈ। ਆੜ੍ਹਤੀਆਂ ਤੇ ਮਾਲੀਆ ਵਿਭਾਗ ਦੀ ਮਦਦ ਨਾਲ ਸ਼ੁਰੂ ਕੀਤੇ ਗਏ ਇਸ ਕੰਮ ਦਾ ਮਕਸਦ ਕਿਸਾਨਾਂ ਦੀ ਜ਼ਮੀਨ ਤੇ ਉਥੇ ਪੈਦਾ ਹੋਣ ਵਾਲੀ ਫਸਲ ਦਾ ਅਨੁਮਾਨ ਲਗਾਉਣਾ ਹੈ। ਜ਼ਮੀਨ ਦੀ ਗਿਰਦਾਵਰੀ ਹੋਣ ਤੋਂ ਬਾਅਦ ਕਿਸਾਨ ਦੀ ਹਰ ਫਸਲ ਦਾ ਰਿਕਾਰਡ ਤਿਆਰ ਹੋਵੇਗਾ। ਫਸਲਾਂ ਦੇ ਨਾਂ 'ਤੇ ਅਮੀਰਾਂ ਵੱਲੋਂ ਜੋ ਕਾਲੇ ਧਨ ਨੂੰ ਚਿੱਟੇ ਧਨ 'ਚ ਤਬਦੀਲ ਕਰਨ ਦੀ ਪ੍ਰਕਿਰਿਆ ਚੱਲ ਰਹੀ ਸੀ, ਉਸ 'ਤੇ ਰੋਕ ਲੱਗੇਗੀ।

'ਲੈਂਡ ਰਿਕਾਰਡ' ਦੇ ਕੰਮ ਨੂੰ ਸੰਭਾਲ ਰਹੇ ਮੰਡੀ ਬੋਰਡ ਦੇ ਜੇ ਡੀ ਏ ਸ਼੍ਰੀ ਐਚ ਐਸ ਬਰਾੜ ਦਾ ਕਹਿਣਾ ਸੀ ਕਿ ਕੰਮ ਆਨਲਾਈਨ ਚੱਲ ਰਿਹਾ ਹੈ। ਇਹ ਜਲਦੀ ਹੀ ਮੁਕੰਮਲ ਹੋ ਜਾਏਗਾ। ਸਰਕਾਰ ਦੀ ਤਿਆਰੀ ਹੈ ਕਿ ਆਉਣ ਵਾਲੀ ਫਸਲ 'ਚ ਇਹ ਨਵਾਂ ਫਾਰਮੂਲਾ ਲਾਗੂ ਕੀਤਾ ਜਾਏ। ਹੁਣ ਤਕ ਸਰਕਾਰ ਹੋਰਨਾਂ ਸੂਬਿਆਂ ਤੋਂ ਸਮੱਗਲ ਹੋ ਕੇ ਆਉਣ ਵਾਲੀਆਂ ਫਸਲਾਂ ਨੂੰ ਰੋਕਣ ਲਈ ਨਾਕਾਬੰਦੀ ਹੀ ਕਰਦੀ ਰਹੀ ਹੈ। ਇਸ 'ਚ ਸਰਕਾਰ ਨੂੰ ਵਧੇਰੇ ਸਫਲਤਾ ਨਹੀਂ ਮਿਲੀ ਸੀ। ਪੰਜਾਬ ਦੇ ਵੱਖ-ਵੱਖ ਸ਼ਹਿਰੀ ਖੇਤਰਾਂ ਤੋਂ ਫੜਿਆ ਗਿਆ ਝੋਨਾ ਇਸ ਗੱਲ ਦਾ ਸੰਕੇਤ ਹੈ ਕਿ ਇਹ ਨਾਕਾਬੰਦੀ ਪਾਰ ਕਰ ਕੇ ਹੀ ਪੁੱਜਾ।

## 8,393 ਟੀਚਰਾਂ ਦੀ ਭਰਤੀ ਦੇ 28 ਨੂੰ ਹੋਣ ਵਾਲੇ ਲਿਖਤੀ ਟੈੱਸਟ ਉੱਤੇ ਹਾਈ ਕੋਰਟ ਵੱਲੋਂ ਰੋਕ




ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ 8,393 ਐਨ ਟੀ ਟੀ, ਪ੍ਰੀ ਪ੍ਰਾਇਮਰੀ ਸਕੂਲ ਟੀਚਰਜ਼ ਦੀਭਰਤੀ ਲਈ ਸੋਧੇ ਹੋਏ ਨਿਯਮਾਂ ਹੇਠ ਫਿਰ ਸ਼ੁਰੂ ਕੀਤੀ ਨਿਯੁਕਤੀ ਪ੍ਰਕਿਰਿਆ ਨੂੰ ਰੱਦ ਕਰਨ ਦੀ ਮੰਗ ਦੇ ਲਈ ਸੈਂਕੜੇ ਉਮੀਦਵਾਰਾਂ ਦੀਆਂ ਕੁੱਲ 23 ਪਟੀਸ਼ਨਾਂਦੀ ਸੁਣਵਾਈ ਕਰਦਿਆਂ ਹਾਈ ਕੋਰਟ ਦੇ ਜਸਟਿਸ ਜੀ ਐਸ ਸੰਧਾਵਾਲੀਆ ਅਤੇ ਜਸਟਿਸ ਵਿਕਾਸ ਸੂਰੀ ਦੀ ਡਬਲ ਬੈਂਚ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੈਕਟਰੀ ਨੂੰ ਐਫੀਡੇਵਿਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਇਸ਼ਤਿਹਾਰ ਦੇ ਹਿਸਾਬ ਨਾਲ ਲਿਖਤੀ ਪ੍ਰੀਖਿਆ 28 ਨਵੰਬਰ ਲਈ ਤੈਅ ਹੈ, ਇਸ ਲਈ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਅਗਲੇ ਆਦੇਸ਼ ਤਕ ਸਬੰਧਤ ਪ੍ਰੀਖਿਆ ਨਾ ਕਰਵਾਈ ਜਾਵੇ। 29 ਨਵੰਬਰ ਜਾਂ ਸਰੀਰਕ ਤੌਰ ਉੱਤੇ ਸੁਣਵਾਈ ਹੋਣ ਵਾਲੇ ਦਿਨ ਕੇਸ ਨੂੰ ਸੁਣਿਆ ਜਾਵੇਗਾ।

ਇਨ੍ਹਾਂ ਪਟੀਸ਼ਨਾਂ ਵਿੱਚ ਚਾਹਵਾਨ ਉਮੀਦਵਾਰਾਂ ਨੇ ਕਿਹਾ ਕਿ ਉਹ ਐਟ ਟੀ ਟੀ, ਪ੍ਰੀ ਪ੍ਰਾਇਮਰੀ ਸਕੂਲ ਟੀਚਰਜ਼ ਦੇ ਅਹੁਦੇ ਲਈ ਪੂਰੀ ਯੋਗਤਾ ਰੱਖਦੇ ਹਨ। 23 ਨਵੰਬਰ 2020 ਨੂੰ ਇਨ੍ਹਾਂ ਅਧਿਆਪਕਾਂ ਲਈ 8,393 ਅਹੁਦੇ ਭਰਨ ਲਈ ਇਸ਼ਤਿਹਾਰ ਕੱਢਿਆ ਗਿਆ ਸੀ। ਨਿਯੁਕਤੀ ਪ੍ਰਕਿਰਿਆ ਅੱਧ ਵਿਚਾਲੇ 26 ਅਗਸਤ ਨੂੰ ਰੱਦ ਕਰ ਦਿੱਤੀ ਗਈ ਤੇ ਫਿਰਪੰਜਾਬ ਰਾਜ ਮੁੱਢਲੀ ਸਿੱਖਿਆ ਗਰੁੱਪ-ਸੀ ਸਰਵਿਸ ਰੂਲਜ਼ਦੀ ਸੋਧ ਕੀਤੀ ਗਈ। ਪਟੀਸ਼ਨਰਾਂ ਨੇ ਇਸ ਵਿੱਚ ਕੀਤੀ ਸੋਧ ਅਤੇ ਕੱਢੇ ਇਸ਼ਤਿਹਾਰ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਪੁਰਾਣੇ ਇਸ਼ਤਿਹਾਰ ਮੁਤਾਬਕ ਸ਼ੁਰੂ ਕੀਤੀ ਨਿਯੁਕਤੀ ਪ੍ਰਕਿਰਿਆ ਨੂੰ ਰੱਦ ਕਰਨ ਵਾਲੇ 26 ਅਗਸਤ ਦੇ ਆਦੇਸ਼ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ।

## ਮੰਦਰ ਤੋਂ ਮੱਥਾ ਟੇਕ ਕੇ ਮੁੜਦੇ ਪਰਿਵਾਰ ਨਾਲ ਹਾਦਸਾ, 3 ਮੌਤਾਂ




ਖੰਨਾ, 25 ਨਵੰਬਰ (ਪੋਸਟ ਬਿਊਰੋ)- ਏਥੋਂ ਨੇੜੇ ਪਿੰਡ ਦਹਿੜੂ ਦੇ ਨੈਸ਼ਨਲ ਹਾਈਵੇ ਉੱਤੇਕੱਲ੍ਹ ਰਾਤ ਸੜਕ ਹਾਦਸੇ ਵਿੱਚ ਬੱਚੀ ਸਮੇਤ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸੁਸ਼ੀਲ ਕੁਮਾਰ, ਪੂਜਾ ਰਾਣੀ ਪਤਨੀ ਸੁਸ਼ੀਲ ਕੁਮਾਰ ਤੇ ਪਰੀ ਉਰਫ਼ ਗੁੰਨੂੰ (6) ਪੁੱਤਰੀ ਸੁਸ਼ੀਲ ਕੁਮਾਰ ਵਾਸੀ ਸਲਾਮ ਗੰਜ ਲੁਧਿਆਣਾ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਨੀਲ ਕੁਮਾਰ ਆਪਣੀ ਪਤਨੀ ਤੇ ਬੱਚੀ ਨਾਲ ਸਕੂਟਰੀ ਉੱਤੇ ਪਟਿਆਲਾ ਵਿੱਚ ਕਾਲੀ ਮਾਤਾ ਦੇ ਮੰਦਰ ਵਿਖੇ ਦਰਸ਼ਨ ਕਰ ਕੇ ਵਾਪਸ ਲੁਧਿਆਣੇ ਆ ਰਿਹਾ ਸੀ। ਜਦੋਂ ਇਹ ਪਿੰਡ ਦਹਿੜੂ ਕੋਲ ਪੁੱਜੇ ਤਾਂ ਉਨ੍ਹਾਂ ਦੀ ਸਕੂਟਰੀ ਨੈਸ਼ਨਲ ਹਾਈਵੇ ਉੱਤੇ ਖੜੇ ਸਰੀਏ ਨਾਲ ਭਰੇ ਟਰੱਕ ਹੇਠਾਂ ਜਾ ਵੜੀ, ਜਿਸ ਕਾਰਨ ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਚੌਕੀ ਕੋਟਾਂਦੇ ਇੰਚਾਰਜ ਸੁਖਵਿੰਦਰਪਾਲ ਸਿੰਘ ਨੇ ਦੱਸਿਆ ਕਿ ਟਰੱਕ ਡਰਾਈਵਰ ਪਵਨ ਕੁਮਾਰ ਪੁੱਤਰ ਰੂਪ ਲਾਲ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਉਤੇ ਸੁਣਵਾਈ 29 ਤਕ ਟਲੀ

ਐਸ ਏ ਐਸ ਨਗਰ (ਮੁਹਾਲੀ), 25 ਨਵੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਗ੍ਰਿਫ਼ਤਾਰ ਸੀਨੀਅਰ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਵਕੀਲ ਹਰਿੰ-ਦਰਪਾਲ ਸਿੰਘ ਰਾਹੀਂ ਮੁਹਾਲੀ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਜ਼ਮਾਨਤ ਦੇਣ ਦੀ ਮੰਗ ਕੀਤੀ ਹੈ। ਉਹ 14 ਦਿਨਾਂ ਦੀ ਪਟਿਆਲਾ ਜੇਲ੍ਹ ਵਿੱਚ ਬੰਦ ਹਨ ਤੇ ਉਨ੍ਹਾਂ ਨੂੰ ਦੋ ਦਸੰਬਰ ਨੂੰ ਅਦਾਲਤ ਪੇਸ਼ ਕੀਤਾ ਜਾਵੇਗਾ।

ਇਸ ਦੌਰਾਨ ਮੁਹਾਲੀ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਰੰਜਨ ਖੁੱਲਰ ਦੀ ਅਦਾਲਤ ਨੇ ਖਹਿਰਾ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ 29 ਨਵੰਬਰ ਤਕ ਟਾਲ ਦਿੱਤੀ ਹੈ। ਦੂਸਰੇ ਪਾਸੇ ਪੰਜਾਬ



ਹਰਿਆਣਾ ਹਾਈ ਕੋਰਟ ਨੇ ਈ ਡੀ ਨੂੰ ਨੋਟਿਸ ਜਾਰੀ ਕਰ ਕੇ 29 ਨਵੰਬਰ ਤਕ ਜਵਾਬ ਦੇਣ ਲਈ ਕਿਹਾ ਹੈ। ਖਹਿਰਾ ਨੇ ਆਪਣੇ ਵਕੀਲ ਰਾਹੀਂ ਹਾਈ ਕੋਰਟ ਵਿੱਚ ਦਾਇਰ ਅਰਜ਼ੀ ਰਾਹੀਂ ਈ ਡੀ ਦੀ ਕਾਰਵਾਈ ਨੂੰ ਗੈਰ ਕਾਨੂੰਨੀ ਦੱਸ ਕੇ ਉਸ ਨੂੰ ਕਿਸੇ ਡੂੰਘੀ ਸਾਜ਼ਿਸ਼ ਤਹਿਤ ਝੂਠੇ ਕੇਸ ਵਿੱਚ ਫਸਾਉਣ ਦਾ ਦੋਸ਼ ਲਾਇਆ ਹੈ। ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਨੂੰ ਬੀਤੀ 11 ਨਵੰਬਰ ਨੂੰ ਕੇਸਦੀ ਪੁੱਛਗਿੱਛ ਲਈ ਈ ਡੀ ਦੇ ਸੈਕਟਰ 18 ਵਾਲੇ ਦਫਤਰ ਸੱਦਿਆ ਗਿਆ ਸੀ, ਜਿੱਥੇ ਮੁੱਢਲੀ ਪੁੱਛਗਿੱਛ ਦੌਰਾਨ ਕਾਂਗਰਸ ਆਗੂ ਦੀ ਗ੍ਰਿਫਤਾਰੀ ਪਾ ਦਿੱਤੀ ਗਈ ਸੀ।ਈ ਡੀ ਨੇ ਸਾਲ 2015 ਵਿੱਚ ਫਾਜ਼ਿਲਕਾ ਵਿੱਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਸੀ। ਖਹਿਰਾ ਉੱਤੇ ਵਿਦੇਸ਼ਾਂ ਵਿੱਚੋਂ ਚੰਦੇ ਵਜੋਂ ਪੈਸਾ ਇਕੱਠੇ ਕਰਨ ਦਾ ਦੋਸ਼ ਵੀ ਹੈ। ਬਾਅਦ ਵਿੱਚ ਈ ਡੀ ਨੇ ਇਸ ਕੇਸ ਵਿੱਚ ਖਹਿਰਾ ਨੂੰ ਵੀ ਨਾਮਜ਼ਦ ਕਰ ਲਿਆ ਸੀ। ਖਹਿਰਾ ਦੇ ਸਪੁੱਤਰ ਐਡਵੋਕੇਟ ਮਹਿਤਾਬ ਸਿੰਘ ਖਹਿਰਾ ਨੇ ਈ ਡੀ ਕੇਸ ਵਿੱਚ ਉਨ੍ਹਾਂ ਦੇ ਪਰਵਾਰ ਦਾ ਸਹਿਯੋਗ ਦੇਣ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਧੰਨਵਾਦ ਕੀਤਾ ਹੈ।

## ਕਾਂਗਰਸ ਨੂੰ ਚਿੰਤਾ, ਟਿਕਟ ਕੱਟਣ ਨਾਲ ਕਈ ਵਿਧਾਇਕ ਕੈਪਟਨ ਕੋਲ ਜਾ ਸਕਦੇ ਨੇ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਹਨ, ਸਿਆਸੀ ਚੱਕਰ ਦਿਲਚਸਪ ਬਣਦੇ ਜਾ ਰਹੇ ਹਨ।

ਸਾਲ 2022 ਦੀਆਂ ਚੋਣਾਂ ਵਿੱਚ ਕਿਉਂਕਿ ਪਹਿਲੀ ਵਾਰ ਮੁੱਖ ਰਾਜਨੀਤਕ ਪਾਰਟੀਆਂ ਵਿੱਚ ਟੱਕਰ ਹੋਣੀ ਹੈ, ਇਸ ਲਈ ਸੱਤਾਧਾਰੀ ਕਾਂਗਰਸ ਪਾਰਟੀ ਸਭ ਤੋਂ ਵੱਧ ਫਸੀ ਹੋਈ ਜਾਪਦੀ ਹੈ।ਕਾਂਗਰਸ ਦੀ ਸਭ ਤੋਂ ਵੱਡੀ ਪ੍ਰੇਸ਼ਾਨੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਪੰਜਾਬ ਲੋਕ ਕਾਂਗਰਸ ਬਾਰੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਭਾਵੇਂ ਬਣਾ ਲਈ ਹੈ, ਪਰ ਸਿਆਸੀ ਉਭਾਰ ਫੋਕਾ ਜਾਪਦਾ ਹੈ। ਭਾਜਪਾ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਨਹੀਂ ਖੜ੍ਹੋਤੀ, ਇਸ ਦੇ ਬਾਵਜੂਦ ਕਾਂਗਰਸ ਨੂੰ ਚਿੰਤਾ ਹੈ ਕਿ ਕਾਂਗਰਸ ਵਿੱਚ ਜਿਨ੍ਹਾਂ ਵਿਧਾਇਕਾਂ ਦੀ ਟਿਕਟ ਕੱਟੀ ਗਈ, ਉਹ ਪੰਜਾਬ ਲੋਕ ਕਾਂਗਰਸ ਵੱਲ ਜਾ ਸਕਦੇ ਹਨ। ਖਾਸ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਨਾਲ ਗੱਠਜੋੜ ਲਈ ਭਾਜਪਾ ਨੇ ਹਾਲੇ ਪੱਤੇ ਨਹੀਂ ਖੋਲ੍ਹੇ। ਸਾਰਿਆਂ ਨੂੰ ਚੋਣ ਜ਼ਾਬਤਾ ਲਾਗੂ ਹੋਣ ਦਾ ਇੰਤਜ਼ਾਰ ਹੈ। ਕੈਪਟਨ ਅਮਰਿੰਦਰ ਸਿੰਘ ਵੀ ਇਸੇ ਲਈ ਸਿਆਸੀ ਪੱਖੋਂ ਖਾਮੋਸ਼ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਸ ਦੌਰ ਵਿੱਚ ਕੋਈ ਸਿਆਸੀ ਆਗੂ ਉਨ੍ਹਾਂ ਨਾਲ ਨਹੀਂ ਚੱਲਿਆ, ਪਰ ਚੋਣ ਜ਼ਾਬਤਾ ਲਾਗੂ ਹੋ ਜਾਣ ਪਿੱਛੋਂ ਤਸਵੀਰ ਬਦਲ ਸਕਦੀ ਹੈ।ਇੱਕ ਸਰਵੇ ਵਿੱਚ ਵੀਹ ਤੋਂ ਵੱਧ ਕਾਂਗਰਸੀ ਵਿਧਾਇਕਾਂ ਦੀ ਕਾਰਗੁਜ਼ਾਰੀ ਆਪਣੇ ਹਲਕਿਆਂ ਵਿੱਚ ਚੰਗੀ ਨਹੀਂ ਤੇ ਉਨ੍ਹਾਂ ਦੀ ਟਿਕਟ ਕੱਟੀ ਜਾ ਸਕਦੀ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਇਸ ਦੇ ਸੰਕੇਤ ਕਰ ਚੁੱਕੇ ਹਨ।ਕਾਂਗਰਸ ਨੇ ਇਸ ਗੱਲ ਬਾਰੇ ਵਿਚਾਰ ਚੁੱਕੀ ਹੈ ਕਿ ਕਿਸੇ ਵਿਧਾਇਕ ਦੀ ਟਿਕਟ ਨਾ ਕੱਟੀ ਜਾਵੇ, ਜਦ ਕਿ ਕਈ ਲੀਡਰ ਇਸ ਨਾਲ ਸਹਿਮਤ ਨਹੀਂ। ਜਿਨ੍ਹਾਂ ਵਿਧਾਇਕਾਂ ਬਾਰੇ ਸਰਵੇ ਠੀਕ ਨਹੀਂ ਹੈ, ਉਨ੍ਹਾਂ ਦੇ ਜਿੱਤਣ ਦੀ ਸੰਭਾਵਨਾ ਨਹੀਂ ਹੈ। ਪਾਰਟੀ ਇਹੋ ਜਿਹੇ ਵਿਧਾਇਕਾਂ ਉੱਤੇ ਦਾਅ ਨਹੀਂ ਖੇਡਣਾ ਚਾਹੁੰਦੀ।

## ਮੁੱਖ ਮੰਤਰੀ ਦੀ ਸੁਰੱਖਿਆ ਲਈ ਗੈਰ ਪੰਜਾਬੀਆਂ ਦੀ ਸਿੱਧੀ ਭਰਤੀ ਦਾ ਖਿਲਾਰਾ ਸਾਹਮਣੇ ਆਇਆ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਪੰਜਾਬੋਂ ਬਾਹਰਲੇ ਅਫਸਰਾਂ ਤੇ ਮੁਲਾਜ਼ਮਾਂ ਦੀ ਭਰਤੀ ਲਈ ਜਿਸ ਤਰ੍ਹਾਂ ਸਭ ਰਾਹ ਖੋਲ੍ਹੇ ਗਏ, ਉਸ ਦਾ ਖਿਲਾਰਾ ਸਾਹ-ਮਣੇ ਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਪੰਜਾਬ ਕੈਬਨਿਟ ਨੇ ਇਸ ਭਰਤੀ ਦੇ ਲਈ ਨਿਯਮਾਂ ਵਿੱਚ ਵਿਸ਼ੇਸ਼ ਛੋਟਾਂ ਦਿੱਤੀਆਂ ਸਨ ਜਿਸ ਦੇ ਸਿੱਟੇ ਵਜੋਂ ਕਰੀਬ 19 ਰਾਜਾਂ ਦੇ ਸਰਵਿੰਗ, ਸੇਵਾਮੁਕਤ ਅਫਸਰ ਤੇ ਮੁਲਾਜ਼ਮ ਪੰਜਾਬ ਦੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਬਣੇ 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿੱਚ ਭਰਤੀ ਹੋਣ ਵਿੱਚ ਸਫਲ ਹੋ ਗਏ। ਇਸ ਸੰਬੰਧ ਵਿੱਚ ਸਾਹਮਣੇ ਆਏ ਤੱਥਾਂ ਅਨੁਸਾਰ ਗੈਰ ਪੰਜਾਬੀਆਂ ਦੀ ਭਰਤੀ ਇਕੱਲੀ ਗੱਠਜੋੜ ਸਰਕਾਰ ਸਮੇਂ ਹੀ ਨਹੀਂ,ਉਸ ਦੇ ਬਾਅਦ ਮੌਜੂਦਾ ਕਾਂਗਰਸ ਸਰਕਾਰ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੋਣ ਦੌਰਾਨ ਵੀ ਹੋਈ ਸੀ, ਜਿਸ ਵਿੱਚ ਸਿੱਧੀ ਭਰਤੀ ਦਾ ਰੌਲਾ ਪੈਣ ਉੱਤੇ ਮੌਜੂਦਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਡੀ ਜੀ ਪੀ (ਪੰਜਾਬ ਪੁਲਸ ਦੇ ਮੁਖੀ) ਤੋਂ ਰਿਪੋਰਟ ਮੰਗੀ ਸੀ। ਜਿਹੜੀ ਰਿਪੋਰਟ ਉਪ ਮੁੱਖ ਮੰਤਰੀ ਕੋਲ ਪੁੱਜੀ, ਉਸ ਅਨੁਸਾਰ ਕੇਂਦਰੀ ਸੁਰੱਖਿਆ ਫੋਰਸਾਂ ਦੇ ਸਰਵਿੰਗ ਅਤੇ ਸੇਵਾਮੁਕਤ 209 ਅਫਸਰ ਅਤੇ ਮੁਲਾਜ਼ਮ 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿੱਚ ਭਰਤੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਅਕਾਲੀ-ਭਾਜਪਾ ਗੱਠਜੋੜ ਨੇ ਸਾਲ 2014 ਅਤੇ ਸਾਲ 2016 ਵਿੱਚ ਕੁੱਲ ਮਿਲਾ ਕੇ 146 ਜਣੇ ਭਰਤੀ ਕੀਤੇ ਅਤੇ ਅਮਰਿੰਦਰ ਸਿੰਘ ਦੇ ਰਾਜਦੌਰਾਨ 63 ਅਧਿਕਾਰੀ ਭਰਤੀ ਕੀਤੇ ਗਏ ਸਨ।

ਇਸ ਬਾਰੇ ਮੀਡੀਆ ਰਿਪੋਰਟ ਅਨੁਸਾਰ 23 ਜੁਲਾਈ 2013 ਨੂੰ ਪੰਜਾਬ ਦੀ ਕੈਬਨਿਟ ਨੇ 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿੱਚ ਕੇਂਦਰੀ ਸੁਰੱਖਿਆ ਫੋਰਸਾਂ ਦੇ ਸਰਵਿੰਗ ਅਤੇ ਸੇਵਾਮੁਕਤ 300 ਮੁਲਾਜ਼ਮਭਰਤੀ ਕਰਨ ਲਈ ਪ੍ਰਵਾਨਗੀ ਦਿੱਤੀ ਅਤੇ ਪੜਾਅਵਾਰ ਭਰਤੀ ਕਰਨ ਦਾ ਫੈਸਲਾ



ਕੀਤਾ ਸੀ। ਇਸੇ ਆਧਾਰ ਉੱਤੇ 29 ਅਗਸਤ 2013 ਨੂੰ ਇਸ ਦੀ ਭਰਤੀ ਲਈ ਛੇ ਮੈਂਬਰੀ ਭਰਤੀ ਕਮੇਟੀ ਬਣਾਈ ਗਈ ਸੀ।

ਇਸ ਭਰਤੀ ਬਾਰੇ ਰੌਲਾ ਇਹ ਪਿਆ ਹੈ ਕਿ ਪੰਜਾਬੀ ਨੌਜਵਾਨ ਜਦੋਂ ਸੜਕਾਂ ਉੱਤੇ ਰੁਲਦੇ ਪਏ ਹਨ ਤਾਂ ਪੰਜਾਬ ਸਰਕਾਰ ਦੂਸਰੇ ਰਾਜਾਂ ਦੇ ਸੇਵਾਮੁਕਤ ਅਫਸਰਾਂ ਨੂੰ ਨੌਕਰੀਆਂ ਦੇ ਰਹੀ ਹੈ। ਇਸ ਰਿਪੋਰਟ ਅਨੁਸਾਰ ਗੱਠਜੋੜ ਸਰਕਾਰ ਨੇ ਸਾਲ 2014 ਵਿੱਚ 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿੱਚ 82 ਕਰਮਚਾਰੀ ਭਰਤੀ ਕੀਤੇ ਸਨ ਅਤੇ ਫਿਰ 2016 ਵਿੱਚ 64 ਹੋਰ ਭਰਤੀ ਕੀਤੇ। ਇਸੇ ਤਰ੍ਹਾਂ ਸਾਲ 2021 ਵਿੱਚ ਮੌਜੂਦਾ ਸਰਕਾਰ ਨੇ ਵੀ 63 ਜਣੇ ਭਰਤੀ ਕੀਤੇ। ਇਨ੍ਹਾਂ 209 ਜਣਿਆਂ ਵਿੱਚ ਚਾਰ ਡੀ ਐਸ ਪੀ, 34 ਇੰਸਪੈਕਟਰ ਤੇ 15 ਸਬ ਇੰਸਪੈਕਟਰ ਸ਼ਾਮਲ ਹਨ। 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿੱਚ ਭਰਤੀ ਕੀਤੇ 209 ਜਣਿਆਂ ਵਿੱਚੋਂ ਪੰਜਾਬ ਦੇ ਸਿਰਫ 17 ਜਣੇ ਹਨ ਤੇ ਬਾਕੀ 19 ਰਾਜਾਂ ਦੇ 192 ਮੁਲਾਜ਼ਮ ਹਨ। ਇਸ ਯੂਨਿਟ ਵਿੱਚ ਹਰਿਆਣਾ ਦੇ ਸਭ ਤੋਂ ਵੱਧ 36, ਉਤਰ ਪ੍ਰਦੇਸ਼ ਦੇ 35, ਰਾਜਸਥਾਨ ਦੇ 26, ਹਿਮਾਚਲ ਪ੍ਰਦੇਸ਼ ਦੇ 22, ਉਤਰਾਖੰਡ ਦੇ 14, ਜੰਮੂ ਕਸ਼ਮੀਰ ਦੇ 14, ਦਿੱਲੀ ਦੇ 12, ਪੱਛਮੀ ਬੰਗਾਲ ਦੇ 6, ਮਹਾਰਾਸ਼ਟਰ ਦੇ 5 ਤੇ ਉੜੀਸਾ ਦੇ 4ਹਨ। ਝਾਰਖੰਡ, ਕਰਨਾਟਕ ਤੇ ਤਾਮਿਲ ਨਾਡੂ ਦੇ ਤਿੰਨ-ਤਿੰਨ, ਬਿਹਾਰ, ਕੇਰਲਾ ਅਤੇ ਤ੍ਰਿਪੁਰਾ ਦੇ ਦੋ-ਦੋ ਅਤੇ ਚੰਡੀਗੜ੍ਹ, ਗੋਆ ਅਤੇ ਮੱਧ ਪ੍ਰਦੇਸ਼ ਦਾ ਇੱਕ ਕਰਮਚਾਰੀ ਹੈ। ਭਰਤੀ ਕੀਤੇ ਲੋਕਾਂ ਵਿੱਚੋਂ ਨੌਂ ਜਣੇ ਨੌਕਰੀ ਛੱਡ ਵੀ ਚੁੱਕੇ ਹਨ। ਪੰਜਾਬ ਕੈਬਨਿਟ ਨੇ ਦੂਸਰੇ ਰਾਜਾਂ ਲਈ ਰਾਹ ਸਾਫ ਕਰਨ ਵਾਸਤੇ ਪਹਿਲੀ ਅਕਤੂਬਰ 2013 ਤੇ 30 ਨਵੰਬਰ 2013 ਨੂੰ ਵਿਸ਼ੇਸ਼ ਛੋਟਾਂ ਵੀ ਦਿੱਤੀਆਂ ਸਨ। ਇਸ ਭਰਤੀ ਲਈ ਡੀ ਐਸ ਪੀ ਦੀਆਂ ਪੰਜ ਪੋਸਟਾਂ, ਇੰਸਪੈਕਟਰ ਰੈਂਕ ਦੀਆਂ 15 ਅਤੇ ਸਬ ਇੰਸਪੈਕਟਰ ਦੀਆਂ ਪੰਜਾਹ ਪੋਸਟਾਂ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ ਪੀ ਐਸ ਸੀ) ਦੇ ਘੇਰੇ ਵਿੱਚੋਂ ਕੱਢਿਆ ਗਿਆ ਅਤੇ ਸਿੱਧੀ ਭਰਤੀ ਲਈ ਪੀ ਪੀ ਆਰ ਦੀਆਂ ਪ੍ਰੋਵੀਜ਼ਨਾਂ ਵਿੱਚ ਛੋਟਾਂ ਦਿੱਤੀਆਂ ਗਈਆਂ ਸਨ। ਉਪਰਲੀ ਉਮਰ ਹੱਦ ਵੀ 42 ਸਾਲ ਕੀਤੀ ਗਈ ਅਤੇ ਮੈਟ੍ਰਿਕ ਪੱਧਰ ਉੱਤੇ ਪੰਜਾਬੀ ਭਾਸ਼ਾ (ਲਾਜ਼ਮੀ) ਪਾਸ ਕਰਨ ਤੋਂ ਵੀ ਛੋਟ ਦਿੱਤੀ ਗਈ।

ਇਸੇ ਤਰ੍ਹਾਂ ਇਸ ਯੂਨਿਟ ਵਿੱਚ ਟ੍ਰੇਨਰ ਤੇ ਟੈਕਨੀਕਲ ਅਫਸਰ ਭਰਤੀ ਲਈ ਜਨਰਲ ਕੈਟਾਗਰੀ ਲਈ ਉਮਰ ਹੱਦ ਪਹਿਲੀ ਵਾਰ 42 ਸਾਲ ਕੀਤੀ ਗਈ ਅਤੇ ਦੂਸਰੀ ਵਾਰ 45 ਸਾਲ ਕਰ ਦਿੱਤੀ। ਚੁਣੇ ਜਾਣ ਵਾਲਿਆਂ ਦੀ ਤਨਖਾਹ ਪ੍ਰੋਟੈਕਟ ਕੀਤੀ ਗਈ ਸੀ। ਅਮਰਿੰਦਰ ਸਰਕਾਰ ਨੇ ਤਾਂ ਸਪੈਸ਼ਲ ਪ੍ਰੋਟੈਕਸ਼ਨ ਯੂਨਿਟ ਵਿੱਚ ਵਧੇਰੇ ਇੰਸਪੈਕਟਰਾਂ ਦੀ ਲੋੜ ਦੱਸ ਕੇ 28 ਜੁਲਾਈ 2021 ਨੂੰ ਤੀਹ ਸਬ ਇੰਸਪੈਕਟਰਾਂ ਦੀਆਂ ਪੋਸਟਾਂ ਸਰੰਡਰ ਕਰ ਕੇ 29 ਇੰਸਪੈਕਟਰ ਰੈਂਕ ਦੀਆਂ ਪੋਸਟਾਂ ਬਣਾਉਣ ਨੂੰ ਪ੍ਰਵਾਨਗੀ ਦੇ ਦਿੱਤੀ। ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਿਪੋਰਟ ਪ੍ਰਾਪਤ ਹੋ ਗਈ ਹੈ ਅਤੇ ਉਹ ਇਸ ਰਿਪੋਰਟ ਦਾ ਮੁੱਲਾਂਕਣ ਕਰ ਰਹੇ ਹਨ।




## ਰਾਮਬਾਗ 'ਚ ਹੋਏ ਮੁਕਾਬਲੇ ਦੌਰਾਨ ਸਿੱਖ ਪ੍ਰਿੰਸੀਪਲ ਦਾ ਹੱਤਿਆਰਾ ਤੇ ਉਸਦੇ ਸਾਥੀ ਢੇਰ

*** ਸੱਤ ਮਿੰਟਾਂ 'ਚ ਹੀ ਆਪ੍ਰੇਸ਼ਨ ਖਤਮ**



ਸ੍ਰੀਨਗਰ, 25 ਨਵੰਬਰ (ਪੋਸਟ ਬਿਊਰੋ)- ਅਕਤੂਬਰ ਮਹੀਨੇ ਸਿੱਖ ਮਹਿਲਾ ਪ੍ਰਿੰਸੀਪਲ ਤੇ ਹਿੰਦੂ ਅਧਿਆਪਕ ਦੀ ਹੱਤਿਆ ਵਿੱਚ ਸ਼ਾਮਲ ਲਸ਼ਕਰ ਏ ਤੋਇਬਾ ਦੇ ਹਿੰਦ ਸਕੁਐਡ 'ਦਿ ਰਜਿਸਟੈਂਸ ਫਰੰਟ' (ਟੀ ਆਰ ਐਫ) ਦੇ ਏਰੀਆ ਕਮਾਂਡਰ ਮਿਹਰਾਨ ਨੂੰ ਉਸ ਦੇ ਦੋ ਸਾਥੀਆਂ ਸਮੇਤ ਪੁਲਸ ਨੇ ਢੇਰ ਕਰ ਦਿੱਤਾ। ਬੀਤੇ ਦਿਨ ਪੁਲਸ ਨੇ ਇਹ ਕਾਰਵਾਈ ਲਾਲ ਚੌਕ ਤੋਂ ਤਿੰਨ ਕਿਲੋਮੀਟਰ ਦੂਰ ਰਾਮਬਾਗ ਵਿੱਚ ਸਿਰਫ ਪੰਜ ਤੋਂ ਸੱਤ ਮਿੰਟ ਤਕ ਚੱਲੇ ਮੁਕਾਬਲੇ ਵਿੱਚ ਕਰ ਦਿੱਤੀ ਹੈ। ਇਹ ਖਬਰ ਫੈਲਦਿਆਂ ਹੀ ਡਾਊਨ ਟਾਊਨ ਵਿੱਚ ਤਣਾਅ ਫੈਲ ਗਿਆ। ਕੁਝ ਲੋਕਾਂ ਨੇ ਭੜਕਾਊ ਨਾਅਰੇਬਾਜ਼ੀ ਵੀ ਕੀਤੀ। ਮਿਹਰਾਨ ਨੇ ਤਿੰਨ ਹੋਰਨਾਂ ਸਾਥੀਆਂ ਨਾਲ ਮਿਲ ਕੇ ਸੱਤ ਅਕਤੂਬਰ ਨੂੰ ਸੰਗਮ ਈਦਗਾਹ ਸਥਿਤ ਸਰਕਾਰ ਸਕੂਲ ਵਿੱਚ ਦੋ ਗੈਰ ਮੁਸਲਿਮ ਅਧਿਆਪਕਾਂ ਸੁਪਿੰ-ਦਰ ਕੌਰ ਤੇ ਦੀਪਕ ਚੰਦ ਦੀ ਹੱਤਿਆ ਕੀਤੀ ਸੀ। ਹੱਤਿਆ ਦੀ ਜਾਂਚ ਦੌਰਾਨ ਪੁਲਸ ਨੂੰ ਮਿਹਰਾਨ ਬਾਰੇ ਪਤਾ ਲੱਗਾ ਸੀ। ਉਦੋਂ ਤੋਂ ਹੀ ਉਸ 'ਤੇ ਨਜ਼ਰ ਰੱਖੀ ਜਾ ਰਹੀ ਸੀ। ਬੀਤੇ ਹਫਤੇ ਫੜੇ ਗਏ ਟੀ ਆਰ ਐਫ ਦੇ ਤਿੰਨ ਮੈਂਬਰੀ ਮਡਿਊਲ ਤੋਂ ਉਸ ਦਾ ਸੁਰਾਗ ਮਿਲਿਆ ਸੀ।

ਦੁਪਹਿਰ ਬਾਅਦ ਪੁਲਸ ਨੂੰ ਪਤਾ ਲੱਗਾ ਕਿ ਮਿਹਰਾਨ ਕੁਝ ਸਾਥੀਆਂ ਨਾਲ ਰਾਮਬਾਗ ਇਲਾਕੇ ਵਿੱਚ ਇੱਕ ਕਾਰ ਵਿੱਚ ਘੁੰਮ ਰਿਹਾ ਹੈ। ਪੁਲਸ ਨੇ ਕੋਈ ਨਵਾਂ ਨਾਕਾ ਨਹੀਂ ਲਾਇਆ ਬਲਕਿ ਆਮ ਨਾਕਿਆਂ ਵਾਂਗ ਪੁਲਸ ਟੀਮ ਤੈਨਾਤ ਰੱਖੀ। ਇਹ ਕਾਰ ਜਿਉਂ ਹੀ ਰਾਮਬਾਗ ਇਲਾਕੇ ਵਿੱਚ ਹਵਾਈ ਅੱਡੇ ਵੱਲ ਜਾਣ ਵਾਲੀ ਸੜਕ 'ਤੇ ਮੁੜਨ ਲੱਗੀ ਤਾਂ ਜਵਾਨਾਂ ਨੇ ਇਸ ਨੂੰ ਰੋਕਣ ਦਾ ਯਤਨ ਕੀਤਾ। ਅੱਤਵਾਦੀਆਂ ਨੇ ਜਿਉਂ ਹੀ ਗਤੀਵਿਧੀ ਕਰਨੀ ਚਾਹੀ ਤਾਂ ਪਹਿਲਾਂ ਤੋਂ ਹੀ ਚੌਕਸ ਜਵਾਨਾਂ ਨੇ ਤਿੰਨਾਂ ਅੱਤਵਾਦੀਆਂ ਨੂੰ ਉਥੇ ਹੀ ਢੇਰ ਕਰ ਦਿੱਤਾ। ਕਰੀਬ ਪੰਜ ਤੋਂ ਸੱਤ ਮਿੰਟ 'ਚ ਪੂਰੀ ਮੁਹਿੰਮ ਸਮਾਪਤ ਹੋ ਗਈ। ਮਾਰੇ ਗਏ ਦੋ ਹੋਰਨਾਂ ਅੱਤਵਾਦੀਆਂ 'ਚ ਅਰਾਫਾਤ ਤੇ ਮਨਜ਼ੂਰ ਸ਼ਾਮਲ ਹਨ।

## ਸੁਪਰੀਮ ਕੋਰਟ ਦੀ ਫਟਕਾਰ, 'ਪ੍ਰਦੂਸ਼ਣ ਫੈਲਾ ਕੇ ਅਸੀਂ ਦੁਨੀਆ ਨੂੰ ਕੀ ਸੁਨੇਹਾ ਦੇ ਰਹੇ ਹਾਂ'

*** ਕੇਂਦਰ ਤੇ ਸੂਬਿਆਂ ਨੂੰ ਪ੍ਰਦੂਸ਼ਣ ਘਟਾਉਣ ਲਈ ਲਾਗੂ ਉਪਾਅ ਜਾਰੀ ਰੱਖਣ ਦੇ ਹੁਕਮ**

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰ ਤੇ ਐਨ ਸੀ ਆਰ ਸੂਬਿਆਂ ਨੂੰ ਹਵਾ ਦੀ ਗੁਣਵੱਤਾ 'ਚ ਸੁਧਾਰ ਲਿਆਉਣ ਲਈ ਲਾਗੂ ਕੀਤੇ ਉਪਾਅ ਕੁਝ ਦਿਨ ਤਕ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਪਹਿਲਾਂ ਤੋਂ ਸਥਿਤੀ ਦਾ ਅਨੁਮਾਨ ਲਗਾ ਕੇ ਪ੍ਰਦੂਸ਼ਣ ਰੋਕਣ ਲਈ ਅਹਿਤੀਆਤੀ ਕਦਮ ਚੁੱਕਣ ਦੀ ਲੋੜ ਹੈ। ਸੁਪਰੀਮ ਕੋਰਟ ਨੇ ਇਸ 'ਤੇ ਹੈਰਾਨੀ ਪ੍ਰਗਟਾਈ ਕਿ ਅਸੀਂ ਦੁਨੀਆ ਨੂੰ ਕੀ ਸੁਨੇਹਾ ਭੇਜ ਰਹੇ ਹਾਂ।

ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਸੂਰਿਆਕਾਂਤ 'ਤੇ ਆਧਾਰਤ ਵਿਸ਼ੇਸ਼ ਬੈਂਚ ਨੇ ਕਿਹਾ, "ਜਦੋਂ ਮੌਸਮ ਖਰਾਬ ਹੋ ਜਾਂਦਾ ਹੈ ਤਾਂ ਅਸੀਂ ਕਦਮ ਚੁੱਕਦੇ ਹਾਂ। ਇਹ ਕਦਮ ਪੇਸ਼ੀਨਗੋਈ ਨਾਲ ਚੁੱਕੇ ਜਾਣੇ ਚਾਹੀਦੇ ਹਨ ਤੇ ਪੇਸ਼ੀਨਗੋਈ ਅੰਕੜਾ ਮਾਡਲ, ਵਿ-ਗਆਨਕ ਆਧਾਰ ਅਤੇ ਪੈਟਰਨ 'ਤੇ ਆਧਾਰਤ ਹੋਣੀ ਚਾਹੀਦੀ ਹੈ।"

ਬੈਂਚ ਨੇ ਕਿਹਾ, "ਇਹ ਕੌਮੀ ਰਾਜਧਾਨੀ ਹੈ। ਦੇਖੋ ਅਸੀਂ ਦੁਨੀਆ ਨੂੰ ਕੀ ਸੰਕੇਤ ਭੇਜ ਰਹੇ ਹਾਂ। ਤੁਸੀਂ ਪਹਿਲਾਂ ਹੀ ਸਥਿਤੀ ਦਾ ਅਨੁਮਾਨ ਲਗਾ ਕੇ ਇਹ ਗਤੀਵਿਧੀਆਂ ਬੰਦ ਕਰ ਸਕਦੇ ਹੋ ਤਾਂ ਜੋ ਸਥਿਤੀ ਗੰਭੀਰ ਨਾ ਹੋਵੇ।" ਸੁਪਰੀਮ ਕੋਰਟ ਨੇ ਕਿਹਾ ਕਿ ਸਨਅਤੀ ਪ੍ਰਦੂਸ਼ਣ, ਥਰਮਲ ਪਲਾਂਟ, ਵਾਹਨਾਂ ਦਾ ਪ੍ਰਦੂਸ਼ਣ, ਧੂੜ ਕੰਟਰੋਲ, ਡੀਜ਼ਲ ਜਨਰੇਟਰ ਨਾਲ ਨਜਿੱਠਣ ਲਈ ਐਨ ਸੀ ਆਰ ਤੇ ਉਸ ਨਾਲ ਜੁੜੇ ਇਲਾਕਿਆਂ ਵਿੱਚ ਹਵਾ ਗੁਣਵੱਤਾ ਪ੍ਰਬੰਧਕੀ ਕਮਿਸ਼ਨ ਵੱਲੋਂ ਸੁਝਾਏ ਕਦਮਾਂ ਨਾਲ ਹੀ ਘਰ ਤੋਂ ਕੰਮ ਕਰਨਾ ਕੁਝ ਸਮੇਂ ਲਈ ਜਾਰੀ ਰਹੇ। ਬੈਂਚ ਨੇ ਕਿਹਾ, "ਅਗਲੇ ਦੋ-ਤਿੰਨ ਦਿਨਾਂ ਲਈ ਉਪਾਅ ਕਰੋ ਅਤੇ ਅਸੀਂ ਅਗਲੇ ਸੋਮਵਾਰ ਨੂੰ ਇਸ ਮਾਮਲੇ 'ਤੇ ਸੁਣਵਾਈ ਕਰਾਂਗੇ। ਇਸੇ ਦੌਰਾਨ ਜੇ ਪ੍ਰਦੂਸ਼ਣ 100 ਏ ਕਿਊ ਆਈ 'ਤੇ ਪਹੁੰਚਦਾ ਹੈ ਤਾਂ ਤੁਸੀਂ ਕੁਝ ਪਾਬੰਦੀਆਂ ਹਟਾ ਸਕਦੇ ਹੋ। ਹਵਾ ਪ੍ਰਦੂਸ਼ਣ ਦੀ ਵਿਗੜੀ ਸਥਿਤੀ ਦੇ ਮੱਦੇਨਜ਼ਰ ਆਟੋਮੈਟਿਕ ਗ੍ਰੇਡਿਡ ਕਾਰਜ ਯੋਜਨਾ 'ਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ਦਾ ਜ਼ਿਕਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਆਰਜ਼ੀ ਸਿਸਟਮ ਹੈ ਅਤੇ ਪ੍ਰਦੂਸ਼ਣ ਬਾਰੇ ਕਮਿਸ਼ਨ ਨੂੰ ਇੱਕ ਵਿਗਿਆਨਕ ਅਧਿਅਨ ਕਰਵਾਉਣਾ ਪਵੇਗਾ ਅਤੇ ਸਥਿਤੀ ਨੂੰ ਸਮਝਦਿਆਂ ਕਾਰਵਾਈ ਕਰਨੀ ਹੋਵੇਗੀ।

ਪਰਾਲੀ ਸਾੜਨ ਦੇ ਮੁੱਦੇ 'ਤੇ ਬੈਂਚ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਨੌਕਰਸ਼ਾਹੀ ਕੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਵਰਗੇ ਅਧਿਕਾਰੀਆਂ ਨੂੰ ਕਿਸਾਨਾਂ, ਮਾਹਰਾਂ ਤੇ ਵਿਗਿਆਨੀਆਂ ਕੋਲ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਬੈਂਚ ਨੇ ਕਿਹਾ, "ਜਿਵੇਂ ਇੱਕ ਸਰਕਾਰੀ ਵਕੀਲ ਤੇ ਅਸੀਂ ਜੱਜ ਇਸ 'ਤੇ ਚਰਚਾ ਕਰ ਰਹੇ ਹਾਂ। ਇੰਨੇ ਸਾਲਾਂ ਤੋਂ ਨੌਕਰਸ਼ਾਹੀ ਕੀ ਕਰ ਰਹੀ ਹੈ? ਉਨ੍ਹਾਂ ਨੂੰ ਪਿੰਡਾਂ 'ਚ ਭੇਜੋ। ਉਹ ਖੇਤਾਂ ਵਿੱਚ ਜਾ ਸਕਦੇ ਹਨ, ਕਿਸਾਨਾਂ ਨਾਲ ਗੱਲ ਕਰ ਸਕਦੇ ਹਨ ਅਤੇ ਫੈਸਲਾ ਲੈ ਸਕਦੇ ਹਨ। ਉਹ ਵਿਗਿਆਨੀਆਂ ਨੂੰ



ਸ਼ਾਮਲ ਕਰ ਸਕਦੇ ਹਨ ਅਤੇ ਇਹ ਕਿਉਂ ਨਹੀਂ ਹੋ ਸਕਦਾ। ਉਸਾਰੀ ਮਜ਼ਦੂਰਾਂ ਦੇ ਮੁੱਦੇ 'ਤੇ ਅਦਾਲਤ ਨੇ ਕਿਹਾ ਕਿ ਰਾਜਾਂ ਕੋਲ ਰੀਅਲ ਅਸਟੇਟ ਕੰਪਨੀਆਂ ਲਈ ਲੇਬਰ ਸੈਸ ਵਜੋਂ ਵੱਡਾ ਫੰਡ ਹੈ ਅਤੇ ਇਹ ਫੰਡ ਉਨ੍ਹਾਂ ਮਜ਼ਦੂਰਾਂ ਨੂੰ ਦਿੱਤਾ ਜਾ ਸਕਦਾ ਹੈ, ਜੋ ਪਾਬੰਦੀ ਕਾਰਨ ਆਪਣੀ ਦਿਹਾੜੀ ਤੋਂ ਵਾਂਝੇ ਹਨ। ਸੁਣਵਾਈ ਦੀ ਸ਼ੁਰੂਆਤ 'ਚ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਉਨ੍ਹਾਂ ਕਦਮਾਂ ਦਾ ਜ਼ਿਕਰ ਕੀਤਾ, ਜੋ ਵਧਦੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਲਾਗੂ ਕੀਤੇ ਗਏ ਹਨ ਤੇ ਉਨ੍ਹਾਂ ਕਿਹਾ ਕਿ ਸਥਿਤੀ ਦੀ ਕੁਝ ਦਿਨਾਂ ਅੰਦਰ ਸਮੀਖਿਆ ਕੀਤੀ ਜਾਵੇਗੀ।

### ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ, ਦਿੱਲੀ ਦਾ ਨੰਬਰ ਦੂਜਾ:

ਓਧਰ ਪਾਕਿਸਤਾਨ ਦੀ ਸਭਿਆਚਾਰਕ ਰਾਜਧਾਨੀ ਲਾਹੌਰ ਉਤੇ ਧੂੰਏ ਦੇ ਸੰਘਣੇ ਬੱਦਲ ਛਾ ਗਏ ਹਨ ਤੇ ਇਸ ਦੇ ਨਾਲ ਹੀ ਅੱਜ ਇਹ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣ ਗਿਆ। ਇੱਕ ਸਵਿੱਸ ਹਵਾ ਗੁਣਵੱਤਾ ਨਿਗਰਾਨੀ ਕੰਪਨੀ ਨੇ ਇਹ ਜਾਣਕਾਰੀ ਦਿੱਤੀ। ਏ ਕਿਊ ਆਈ ਅਨੁਸਾਰ ਕਿ ਲਾਹੌਰ ਪ੍ਰਦੂਸ਼ਿਤ ਸ਼ਹਿਰਾਂ ਦੀ ਉਸ ਸੂਚੀ ਵਿੱਚ ਸਭ ਤੋਂ ਉਪਰ ਹੈ ਤੇ ਅਮਰੀਕੀ ਪੈਮਾਨੇ ਮੁਤਾਬਕ ਲਾਹੌਰ ਦਾ ਹਵਾ ਗੁਣਵੱਤਾ ਇੰਡੈਕਸ (ਏ ਕਿਊ ਆਈ) 203 ਰਿਹਾ, ਜਦ ਕਿ ਦਿੱਲੀ ਦੂਜੇ ਨੰਬਰ 'ਤੇ ਹੈ। ਉਥੇ ਦਾ ਏ ਕਿਊ ਆਈ 183 ਦਰਜ ਕੀਤਾ ਗਿਆ ਹੈ। ਕੰਪਨੀ ਅਨੁਸਾਰ ਢਾਕਾ (ਬੰਗਲਾ ਦੇਸ਼) 169 ਏ ਕਿਊ ਆਈ ਨਾਲ ਤੀਜੇ ਨੰਬਰ ਉਤੇ ਹੈ ਅਤੇ ਕੋਲਕਾਤਾ 168 ਨਾਲ ਸੂਚੀ ਵਿੱਚ ਚੌਥੇ ਨੰਬਰ 'ਤੇ ਹੈ। ਇੱਕ ਦਿਨ ਪਹਿਲਾਂ ਲਾਹੌਰ ਤੀਜੇ ਨੰਬਰ 'ਤੇ ਸੀ। ਲਾਹੌਰ ਨੂੰ ਕਦੇ ਬਾਗ਼ਾਂ ਦਾ ਸ਼ਹਿਰ ਕਿਹਾ ਜਾਂਦਾ ਸੀ ਤੇ 16ਵੀਂ ਤੋਂ 19ਵੀਂ ਸਦੀ ਦੌਰਾਨ ਮੁਗ਼ਲ ਕਾਲ ਦੌਰਾਨ ਇੱਥੇ ਵੱਡੀ ਗਿਣਤੀ ਵਿੱਚ ਬਾਗ਼ ਸਨ।

## ਨਿਹੰਗਾਂ ਵੱਲੋਂ ਵੱਡਾ ਐਲਾਨ : ਕਿਹਾ-ਖੇਤੀਬਾੜੀ ਕਾਨੂੰਨ ਰੱਦ ਹੁੰਦਿਆਂ ਹੀ

*** ਮੁੱਖ ਮੁੱਦਾ ਤਿੰਨ ਖੇਤੀਬਾੜੀ ਕਾਨੂੰਨਾਂ ਦਾ ਸੀ, ਉਹ ਹੱਲ ਹੋ ਗਿਐ**



ਸੋਨੀਪਤ, 25 ਨਵੰਬਰ (ਪੋਸਟ ਬਿਊਰੋ)- ਸਿੰਘੂ ਹੱਦ 'ਤੇ ਕਿਸਾਨਾਂ ਨਾਲ ਧਰਨਾ ਦੇਣ ਵਾਲੀਆਂ ਨਿਹੰਗ ਜਥੇਬੰਦੀਆਂ ਨੇ ਕੱਲ੍ਹ ਵੱਡਾ ਐਲਾਨ ਕੀਤਾ। ਨਿਹੰਗਾਂ ਨੇ ਕਿਹਾ ਕਿ ਤਿੰਨ ਖੇਤੀਬਾੜੀ ਕਾਨੂੰਨ ਰੱਦ ਹੋਣ ਦੀ ਪ੍ਰਕਿਰਿਆ ਦੇ ਮੁਕੰਮਲ ਹੁੰਦਿਆਂ ਹੀ ਉਹ ਇੱਥੋਂ ਚਲੇ ਜਾਣਗੇ। ਉਨ੍ਹਾਂ ਦੀ ਮੁੱਖ ਮੰਗ ਖੇਤੀਬਾੜੀ ਕਾਨੂੰਨ ਰੱਦ ਕਰਨ ਦੀ ਸੀ। ਇਸ ਬਾਰੇ ਪ੍ਰਧਾਨ ਮੰਤਰੀ ਐਲਾਨ ਕਰ ਚੁੱਕੇ ਹਨ। ਜਿੱਥੋਂ ਤਕ ਐਮ ਐਸ ਪੀ ਗਾਰੰਟੀ ਵਾਲੇ ਕਾਨੂੰਨ ਦਾ ਸਵਾਲ ਹੈ ਤਾਂ ਉਸ ਲਈ ਪ੍ਰਧਾਨ ਮੰਤਰੀ ਕਮੇਟੀ ਬਣਾਉਣ ਦੀ ਗੱਲ ਕਹਿ ਚੁੱਕੇ ਹਨ। ਪਾਰਲੀਮੈਂਟ 'ਚ ਖੇਤੀਬਾੜੀ ਕਾਨੂੰਨ ਦੇ ਰੱਦ ਹੁੰਦਿਆਂ ਹੀ ਪੂਰੇ ਦੇਸ਼ ਵਿੱਚ ਅਖੰਡ ਪਾਠ ਰੱਖੇ ਜਾਣਗੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਜਾਵੇਗਾ। ਨਿਹੰਗ ਜਥੇਦਾਰ ਰਾਜ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਖੇਤੀਬਾੜੀ ਕਾਨੂੰਨ ਵਾਪਸ ਲੈਣ ਦੀ ਗੱਲ ਕਹੀ ਹੈ। ਉਸ ਪਿੱਛੋਂ ਸਭ ਕਿਸਾਨ-ਮਜ਼ਦੂਰ ਸੰਗਠਨਾਂ ਨੇ ਖ਼ੁਸ਼ੀ ਮਨਾਈ ਹੈ।

ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਪਾਰਲੀਮੈਂਟ ਸਮਾਗਮ 'ਚ ਬਾਕਾਇਦਾ ਕਾਨੂੰਨਾਂ ਨੂੰ ਵਾਪਸ ਲੈਣ ਦੀ ਸਾਰੀ ਸੰਵਿਧਾਨਕ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਹੁਣ ਸਭ ਲੋਕ ਪਾਰਲੀਮੈਂਟ ਵਿੱਚ ਕਾਨੂੰਨਾਂ ਦੇ ਰੱਦ ਹੋਣ ਦੀ ਉਡੀਕ ਕਰ ਰਹੇ ਹਨ। ਜਿਸ ਦਿਨ ਕਾਨੂੰਨ ਰੱਦ ਹੋਣ ਦੀ ਰਸਮੀ ਕਾਰਵਾਈ ਪੂਰੀ ਹੋ ਜਾਵੇਗੀ, ਉਸੇ ਦਿਨ ਸਭ ਨਿਹੰਗ ਜਥੇਬੰਦੀਆਂ ਹੋਰਨਾਂ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਅਖੰਡ ਪਾਠ ਰੱਖਣਗੀਆਂ ਅਤੇ ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ। ਸ਼ਹੀਦ ਕਿਸਾਨਾਂ ਦੀ ਯਾਦ 'ਚ ਇੱਕ ਯਾਦਗਾਰ ਵੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕੀਰਤਨ ਤੇ ਹੋਰ ਸਮਾਗਮ ਕਰਨ ਪਿੱਛੋਂ ਨਿਹੰਗ ਜਥੇਬੰਦੀਆਂ, ਨਿਹੰਗ ਫ਼ੌਜਾਂ ਘੋੜਿਆਂ 'ਤੇ ਸਵਾਰ ਹੋ ਕੇ ਵਾਪਸ ਚਲੀਆਂ ਜਾਣਗੀਆਂ। ਪਾਰਲੀਮੈਂਟ 'ਚ ਕਾਨੂੰਨ ਰੱਦ ਹੋਣ ਦੇ ਤੁਰੰਤ ਪਿੱਛੋਂ ਵਾਪਸੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ।

## ਉਲੰਪਿਕ ਤਮਗ਼ਾ ਜਿੱਤਣ ਵਾਲੀ ਪੀ ਵੀ ਸਿੰਧੂ ਚੋਣ ਲੜੇਗੀ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਦੋ ਵਾਰ ਦੀ ਉਲੰਪਿਕ ਤਮਗ਼ਾ ਜੇਤੂ ਪੀਵੀ ਸਿੰਧੂ 17 ਦਸੰਬਰ ਤੋਂ ਸਪੇਨ ਵਿੱਚ ਹੋਣ ਵਾਲੀ ਵਿਸ਼ਵ ਚੈਂਪੀਅਨਸ਼ਿਪ ਦੌਰਾਨ ਬੀਡਬਲਿਊਐਫ਼ ਐਥਲੀਟ ਕਮਿਸ਼ਨ ਲਈ ਚੋਣ ਲੜੇਗੀ। ਮੌਜੂਦਾ ਵਿਸ਼ਵ ਚੈਂਪੀਅਨ ਸਿੰਧੂ ਇਸ ਸਮੇਂ ਬਾਲੀ ਵਿੱਚ ਇੰਡੋਨੇਸ਼ੀਆ ਓਪਨ ਸੁਪਰ 1000 ਟੂਰਨਾਮੈਂਟ ਖੇਡ ਰਹੀ ਹੈ। ਉਹ ਛੇ ਅਹੁਦਿਆਂ ਲਈ ਨਾਮਜ਼ਦ ਨੌਂ ਖਿਡਾਰੀਆਂ ਵਿੱਚੋਂ ਇੱਕ ਹੈ।



ਬੈਡਮਿੰਟਨ ਦੀ ਸਿਖਰਲੀ ਸੰਸਥਾ ਨੇ ਇੱਕ ਰਿਲੀਜ਼ ਵਿੱਚ ਕਿਹਾ, 'ਐਥਲੀਟ ਕਮਿਸ਼ਨ (2021 ਤੋਂ 2025) ਦੀ ਚੋਣ 17 ਦਸੰਬਰ 2021 ਨੂੰ ਸਪੇਨ ਵਿੱਚ ਟੋਟਲ ਐਨਰਜੀਜ਼ ਬੀਡਬਲਿਊਐਫ਼ ਵਿਸ਼ਵ ਚੈਂਪੀਅਨਸ਼ਿਪ ਦੇ ਨਾਲ ਹੋਵੇਗੀ। ਮੌਜੂਦਾ ਖਿਡਾਰੀਆਂ ਵਿੱਚੋਂ ਸਿਰਫ਼ ਸਿੰਧੂ ਫਿਰ ਚੋਣ ਲੜੇਗੀ। ਉਹ ਇਸ ਤੋਂ ਪਹਿਲਾਂ 2017 ਵਿੱਚ ਚੁਣੀ ਗਈ ਸੀ। ਇਸ ਚੋਣ ਲਈ ਉਹ ਛੇ ਮਹਿਲਾ ਪ੍ਰਤੀਨਿਧਾਂ ਵਿੱਚੋਂ ਇੱਕ ਹੈ। ਸਿੰਧੂ ਨਾਲ ਇੰਡੋਨੇਸ਼ੀਆ ਦੀ ਮਹਿਲਾ ਡਬਲਜ਼ ਖ਼ਿਡਾਰਨ ਗ੍ਰੇਸ਼ੀਆ ਪੋਲੀ ਵੀ ਹੋਵੇਗੀ, ਜੋ ਉਲੰਪਿਕ ਸੋਨ ਤਮਗ਼ਾ ਜੇਤੂ ਰਹਿ ਚੁੱਕੀ ਹੈ। ਸਿੰਧੂ ਨੂੰ ਮਈ ਵਿੱਚ ਆਈ ਓ ਸੀ ਦੀ 'ਬੀਲੀਵ ਇਨ ਸਪੋਰਟਸ' ਮੁਹਿੰਮ ਲਈ ਐਥਲੀਟ ਕਮਿਸ਼ਨ ਵਿੱਚ ਚੁਣਿਆ ਗਿਆ ਸੀ। ਪੀ ਵੀ ਸਿੰਧੂਅੱਜਕੱਲ੍ਹ ਇੰਡੋਨੇਸ਼ੀਆ ਵਿੱਚ ਹੈ। ਉਹ ਪਿੱਛੇ ਜਿਹੇ ਇੰਡੋਨੇਸ਼ੀਆ ਮਾਸਟਰਜ਼ ਦੇ ਸੈਮੀਫ਼ਾਈਨਲ ਵਿੱਚ ਜਾਪਾਨ ਦੀ ਅਕਾਨੇ ਯਾਮਾਗੁਚੀ ਤੋਂ ਹਾਰ ਗਈ ਸੀ।

## ਖੇਤੀ ਕਾਨੂੰਨਾਂ ਬਾਰੇ ਰਿਪੋਰਟ ਜਨਤਕ ਕਰਨ ਲਈ ਘਣਵਤ ਵੱਲੋਂ ਚੀਫ ਜਸਟਿਸ ਨੂੰ ਪੱਤਰ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪਿਛਲੇ ਸਾਲ ਬਣਾਏ ਖੇਤੀ ਕਾਨੂੰਨਾਂ ਲਈ ਸੁਪਰੀਮ ਕੋਰਟ ਵੱਲੋਂ ਨਿਯੁਕਤ ਮਾਹਰਾਂ ਦੀ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਅਨਿਲ ਘਣਵਤ ਨੇ ਕੱਲ੍ਹ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਤਿੰਨ ਖੇਤੀ ਕਾਨੂੰਨਾਂ ਉੱਤੇ ਰਿਪੋਰਟ ਨੂੰ ਜਲਦੀ ਜਨਤਕ ਕਰਨ ਅਤੇ ਵਿਚਾਰ ਕਰਨ ਜਾਂ ਕਮੇਟੀ ਨੂੰ ਅਜਿਹਾ ਕਰਨ ਦੀ ਅਥਾਰਟੀ ਦੇਣ ਦੀ ਅਪੀਲ ਕਰ ਕੇ ਮਾਮਲਾ ਉਲਝਾ ਦਿੱਤਾ ਹੈ।

ਸ਼ੇਤਕਾਰੀ ਸੰਗਠਨ ਦੇ ਆਗੂ ਅਨਿਲ ਘਣਵਤ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਅਗਲੇ ਕੁਝ ਮਹੀਨਿਆਂ ਵਿੱਚ ਉਹ ਇੱਕ ਲੱਖ ਕਿਸਾਨਾਂ ਨੂੰ ਦਿੱਲੀ ਵਿੱਚ ਲਾਮਬੰਦ ਕਰਨਗੇ। ਉਹ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰ ਦੇਣ ਦੇ ਫੈਸਲੇ ਤੋਂ ਬਾਅਦ ਵੀ ਖੇਤੀ ਸੁਧਾਰਾਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨੂੰ ਕਾਨੂੰਨੀ ਗਾਰੰਟੀ ਬਣਾਉਣ ਅਤੇ ਐਮ ਐਸ ਪੀ ਉੱਤੇ ਸਾਰੀਆਂ ਫਸਲਾਂ ਦੀ ਖਰੀਦ ਯਕੀਨੀ ਕਰਨ ਦੀ ਮੰਗ ਅਸੰਭਵ ਹੈ ਅਤੇ ਇਹ ਲਾਗੂ ਕਰਨ ਯੋਗ ਨਹੀਂ ਹੈ। ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੂੰ 23 ਨਵੰਬਰ ਨੂੰ ਲਿਖੇ ਪੱਤਰ ਵਿੱਚ ਅਨਿਕਲ ਘਣਵਤ ਨੇ ਕਿਹਾ ਕਿ ਪਾਰਲੀਮੈਂਟ ਦੇ ਅਗਲੇ ਸਰਦ ਰੁੱਤ ਸੈਸ਼ਨ ਵਿੱਚ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੇ ਸਰਕਾਰ ਦੇ ਫੈਸਲੇ ਪਿੱਛੋਂ ਕਮੇਟੀ ਦੀ ਰਿਪੋਰਟ ਦੀ ਪ੍ਰਸੰਗਿਕਤਾ ਨਹੀਂ ਰਹਿ ਗਈ, ਪਰ ਸਿਫਾਰਸ਼ਾਂ ਵੱਡੇ ਪੱਧਰ ਉੱਤੇ ਲੋਕ ਹਿੱਤ ਵਿੱਚ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਖਾਸ ਕਾਨੂੰਨ ਮੌਜੂਦ ਨਹੀਂ ਹੋਣਗੇ, ਪਰ ਤਿੰਨਾਂ ਖੇਤੀ ਕਾਨੂੰਨਾਂ ਵਿੱਚ ਤੈਅ ਕੀਤਾ ਸੁਧਾਰ ਦਾ ਰਸਤਾ ਕਮਜ਼ੋਰ ਨਾ ਹੋਵੇ। ਉਨ੍ਹਾਂ ਕਿਹਾ, "ਇਹ ਰਿਪੋਰਟ ਸਿਖਾਉਣ ਵਾਲੀ ਭੂਮਿਕਾ ਵੀ ਨਿਭਾਅ ਸਕਦੀ ਹੈ ਅਤੇ ਕਈ ਕਿਸਾਨਾਂ ਦੀ ਗਲਤਫਹਿਮੀ ਦੂਰ ਕਰ ਸਕਦੀ ਹੈ।"

ਵਰਨਣ ਯੋਗ ਹੈ ਕਿ ਤਿੰਨ ਮੈਂਬਰੀ ਕਮੇਟੀ ਨੇ 19 ਮਾਰਚ ਨੂੰ ਸੁਪਰੀਮ ਕੋਰਟ ਨੂੰ ਰਿਪੋਰਟ ਦੇ ਦਿੱਤੀ ਸੀ, ਪਰ ਇਹ ਰਿਪੋਰਟ ਜਨਤਕ ਨਹੀਂ ਕੀਤੀ ਗਈ। ਅਨਿਲ ਘਣਵਤ ਨੇ ਨਵੇਂ ਪੱਤਰ ਵਿੱਚ ਕਿਹਾ ਹੈ ਕਿ ਵਿਰੋਧ ਕਰਦੇ ਕਿਸਾਨਾਂ ਨੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਸਿਧਾਂਤਕ ਤੌਰ ਉੱਤੇਮੰਨ ਲਿਆ ਸੀ, ਪਰ ਪੂਰੀ ਤਰ੍ਹਾਂ ਨਹੀਂ ਮੰਨਿਆ, ਕਿਉਂਕਿ ਸਰਕਾਰ ਦੀ ਨੀਤੀ ਪ੍ਰਕਿਰਿਆ ਸਲਾਹ ਦੇਣ ਦੀ ਨਹੀਂ ਸੀ। ਅਨਿਲ ਘਣਵਤ ਨੇ ਨਵੇਂ ਖੇਤੀ ਕਾਨੂੰਨ ਬਣਾਉਣ ਲਈ ਇੱਕ ਵ੍ਹਾਈਟ ਪੇਪਰ ਤਿਆਰ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਸੁਝਾਅ ਵੀ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਨਾ ਬਣਦੇ, ਜੇ ਸੁਪਰੀਮ ਕੋਰਟ ਨੇ ਰਿਪੋਰਟ ਜਮ੍ਹਾਂ ਕਰਨ ਤੋਂ ਕੁਝ ਦਿਨ ਅੰਦਰ ਇਸ ਨੂੰ ਜਨਤਕ ਕਰ ਦਿੱਤਾ ਹੁੰਦਾ। ਉਨ੍ਹਾਂ ਕਿਹਾ, "ਰਿਪੋਰਟ ਪੇਸ਼ ਕੀਤਿਆਂ 8 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਕਾਨੂੰਨ ਰੱਦ ਹੋਣ ਜਾ ਰਹੇ ਹਨ। ਘੱਟ ਤੋਂ ਘੱਟ ਰਿਪੋਰਟ ਤਾਂ ਜਨਤਾ ਨੂੰ ਪੇਸ਼ ਕੀਤੀ ਜਾਵੇ, ਤਾਂ ਜੋ ਲੋਕਾਂ ਨੂੰ ਸਿਫਾਰਸ਼ਾਂ ਦਾ ਪਤਾ ਲੱਗ ਸਕੇ।" ਉਨ੍ਹਾਂ ਕਿਹਾ, "ਅਸੀਂ ਸੁਧਾਰ ਚਾਹੁੰਦੇ ਹਾਂ। ਮੈਂ ਦੇਸ਼ ਦੀ ਯਾਤਰਾ ਕਰਾਂਗਾ ਅਤੇ ਕਿਸਾਨਾਂ ਨੂੰ ਖੇਤੀ ਖੇਤਰ ਵਿੱਚ ਸੁਧਾਰਾਂ ਦੇ ਲਾਭ ਬਾਰੇ ਸਮਝਾਵਾਂਗਾ ਤੇ ਅਗਲੇ ਕੁਝ ਮਹੀਨਿਆਂ ਵਿੱਚ ਇੱਕ ਲੱਖ ਕਿਸਾਨਾਂ ਨੂੰ ਖੇਤੀ ਸੁਧਾਰਾਂ ਦੀ ਮੰਗ ਉੱਤੇ ਦਿੱਲੀ ਲਿਆਵਾਂਗਾ।"

ਫਸਲਾਂ ਦੀ ਘੱਟੋ-ਘੱਟ ਖਰੀਦ ਮੁੱਲ (ਐਮ ਐਸ ਪੀ) ਨੂੰ ਕਾਨੂੰਨੀ ਗਾਰੰਟੀ ਦੇਣ ਦੀ ਕਿਸਾਨਾਂ ਦੀ ਮੰਗ ਦਾ ਵਿਰੋਧ ਕਰਨ ਬਾਰੇਅਨਿਲ ਘਣਵਤ ਨੇ ਕਿਹਾ ਕਿ ਉਹ ਐਮ ਐਸ ਪੀ ਸਿਸਟਮ ਦੇ ਖਿਲਾਫ ਨਹੀਂ, ਪਰ ਇਸ ਨੂੰ ਸੀਮਿਤ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਵਾਲ ਕੀਤਾ, "ਸਾਰੀਆਂ ਫਸਲਾਂ ਦੀ ਖਰੀਦ ਲਈ ਸਰਕਾਰ ਨੂੰ ਪੈਸਾ ਕਿੱਥੋਂ ਮਿਲੇਗਾ? ਜੇ ਉਹ ਸਾਰੀਆਂ ਫਸਲਾਂ ਖਰੀਦ ਵੀ ਲਵੇ ਤਾਂਸਟੋਰੇਜ ਕਿਵੇਂ ਹੋਵੇਗਾ?" ਉਨ੍ਹਾ ਕਿਹਾ, "ਇਹ ਅਸੰਭਵ ਹੈ ਤੇ ਲਾਗੂ ਕਰਨ ਯੋਗ ਨਹੀਂ। ਸਰਕਾਰ ਦਾ ਸਾਰਾ ਮਾਲੀਆ ਐਮ ਐਸ ਪੀ ਉੱਤੇ ਖਰਚ ਨਹੀਂ ਕੀਤਾ ਜਾ ਸਕਦਾ।"

## ਕੇਜਰੀਵਾਲ ਦਾ ਝੂਠਾ ਫ਼ਰਜ਼ੀ ਵੀਡੀਓ ਪੋਸਟ ਕਰਨ ਉਤੇ ਭਾਜਪਾ ਆਗੂ ਸੰਬਿਤ ਪਾਤਰਾ ਵਿਰੁੱਧ ਪਰਚਾ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੀ ਇੱਕ ਅਦਾਲਤ ਨੇ ਭਾਜਪਾ ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਵਿਰੁੱਧ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫ਼ਰਜ਼ੀ ਵੀਡੀਓ ਸੋਸ਼ਲ ਮੀਡੀਆ ਉੱਤੇ ਪੋਸਟ ਕਰਨ ਦੇ ਦੋਸ਼ ਵਿੱਚਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ।

ਪਤਾ ਲੱਗਾ ਹੈ ਕਿ ਇਸ ਸਾਲ ਜਨਵਰੀ ਵਿੱਚ ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਇੱਕ ਫ਼ਰਜ਼ੀ ਵੀਡੀਓ ਸੋਸ਼ਲ ਮੀਡੀਆ ਉੱਤੇ ਪੋਸਟ ਕਰਨ ਲਈ ਭਾਜਪਾ ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਵਿਰੁੱਧ ਦਿੱਲੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਕੇਸ ਦਰਜ ਨਾ ਹੋਣ ਕਾਰਨ ਪਾਰਟੀ ਨੇ ਅਦਾਲਤ ਨੂੰ ਪਹੁੰਚ ਕੀਤੀ। ਇਸ ਮਾਮਲੇ ਉੱਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ



ਕੱਲ੍ਹ ਸੰਬਿਤ ਪਾਤਰਾ ਵਿਰੁੱਧ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ।ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਆਪਣੇ ਟਵਿਟਰ ਹੈਂਡਲ ਤੋਂ ਵੀਡੀਓ ਪੋਸਟ ਕੀਤੀ ਸੀ ਜਿਸ ਵਿੱਚ ਅਰਵਿੰਦ ਕੇਜਰੀਵਾਲ ਨੂੰ ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਦੀ ਤਾਰੀਫ਼ ਕਰਦੇ ਦਿਖਾਇਆ ਗਿਆ ਸੀ। ਵੀਡੀਓ ਵਿੱਚ ਉਹ ਇਨ੍ਹਾਂ ਕਾਨੂੰਨਾਂ ਨੂੰ ਬੀਤੇ 70 ਸਾਲਾਂ ਦਾ ਇਨਕਲਾਬੀ ਕਦਮ ਦੱਸ ਰਹੇ ਸਨ। ਆਮ ਆਦਮੀ ਪਾਰਟੀ ਨੇ ਇਸ ਨੂੰ ਗ਼ਲਤ ਦੱਸਿਆ ਸੀ।

## ਟਾਰਚ ਤੇ ਕੁਝ ਪੱਥਰਾਂ ਨਾਲ ਤੇਂਦੂਏ ਤੋਂ ਬੇਟੀ ਛੁਡਾ ਲਈ

ਪਰਵਾਣੂ (ਸੋਲਨ), 25 ਨਵੰਬਰ (ਪੋਸਟ ਬਿਊਰੋ)- ਔਲਾਦ ਲਈ ਪਿਤਾ ਮੌਤ ਨਾਲ ਵੀ ਜੂਝ ਸਕਦਾ ਹੈ ਅਤੇ ਸਾਹਸ ਤੋਂ ਵੱਡਾ ਹਥਿਆਰ ਕੋਈ ਨਹੀਂ। ਇਹ ਦੋ ਗੱਲਾਂ ਸੋਲਨ ਦੇ ਖੇਮਰਾਜ ਨੇ ਸਿਖਾਈਆਂ ਹਨ, ਜਦ ਉਹ ਨੰਗੇ ਪੈਰੀਂ ਦੌੜ ਕੇ ਕੇਵਲ ਪੱਥਰਾਂ ਤੇ ਟਾਰਚ ਦੇ ਸਹਾਰੇ ਤੇਂਦੂਏ ਦੇ ਮੂੰਹ ਵਿੱਚੋਂ ਆਪਣੀ ਬੇਟੀ ਨੂੰ ਬਚਾ ਲਿਆਇਆ।

ਚੰਡੀਗੜ੍ਹ-ਸ਼ਿਮਲਾ ਰੋਡ ਉੱਤੇ ਜਾਬਲੀ ਪੰਚਾਇਤ ਦਾ ਪਿੰਡ ਸੁਜੀ ਹੈ। ਸੋਮਵਾਰ ਰਾਤ ਸਾਢੇ ਸੱਤ ਵਜੇ ਖੇਮਰਾਜ ਦੀ 27 ਸਾਲਾ ਬੇਟੀ ਸਪਨਾ ਉਰਫ ਪੂਜਾ ਵਿਹੜੇ ਨੇੜੇ ਬਣੇ ਟਾਇਲੇਟ ਵਿੱਚ ਗਈ ਤਾਂ ਪਿੰਡ ਵਿੱਚ ਤੇਂਦੂਆ ਘੁੰਮਦਾ ਸੀ, ਇਸ ਲਈ ਪਿਤਾ ਨੇ ਕਿਹਾ ਕਿ ਉਹ ਬਾਹਰ ਖੜ੍ਹੇ ਰਹਿਣਗੇ। ਇਸ ਉੱਤੇ ਸਪਨਾ ਨੇ ਕਿਹਾ ਕਿ ਤੁਸੀਂ ਵਿਹੜੇ ਵਿੱਚ ਬਣੇ ਮੰਦਰ ਵਿੱਚ ਪੂਜਾ ਦੀ ਤਿਆਰੀ ਕਰੋ। 10 ਮਿੰਟ ਬਾਅਦ ਜਦ ਖੇਮਰਾਜ ਨੇ ਬੇਟੀ ਨੂੰ ਆਵਾਜ਼ ਦਿੱਤੀ ਤਾਂ ਜਵਾਬ ਨਹੀਂ ਮਿ-ਲਆ। 10 ਵਾਰ ਆਵਾਜ਼ਾਂ ਲਾਉਣ 'ਤੇ ਵੀ ਆਵਾਜ਼ ਨਹੀਂ ਆਈ ਤਾਂ ਉਹ ਟਾਇਲੇਟ ਵੱਲ ਗਏ। ਉਥੇ ਉਸ ਦੀ ਟੋਪੀ ਡਿੱਗੀ ਸੀ। ਖੇਮਰਾਜ ਦੇ ਹੱਥ ਵਿੱਚ ਟਾਰਚ ਅਤੇ ਪੈਰ ਨੰਗੇ ਸਨ। ਉਹ ਨੰਗੇ ਪੈਰੀਂ ਦੌੜ ਪਏ। ਢਲਾਨਦਾਰ ਖੇਤਾਂ ਨੂੰ ਟੱਪਦੇ ਹੋਏ ਸਪਨਾ ਨੂੰ ਆਵਾਜ਼ਾਂ ਮਾਰਦੇ ਗਏ। ਓਧਰ ਸਪਨਾ ਦੀਆਂ ਚੱਪਲਾਂ ਅਤੇ ਸਵੈਟਰ ਵੀ ਦਿਸ ਪਏ। ਖੇਮਰਾਜ ਕਹਿੰਦੇ ਹਨ, ਮੈਂ ਹੇਠਾਂ ਵੱਲ ਪੱਥਰ ਸੁੱਟਦਾ ਗਿਆ ਅਤੇ ਕਰੀਬ ਪੰਜਾਹ ਆਵਾਜ਼ਾਂ ਸਪਨਾ ਨੂੰ ਦਿੱਤੀਆਂ। ਅਖੀਰ ਬੇਟੀ ਦੀ ਸਹਿਮੀ ਹੋਈ ਆਵਾਜ਼ ਆਈ ਕਿ ਪਾਪਾ ਮੈਨੂੰ ਬਚਾ ਲਓ। ਅਚਾਨਕ ਟਾਰਚ ਦੀ ਰੋਸ਼ਨੀ ਤੇਂਦੂਏ ਦੀਆਂ ਅੱਖਾਂ ਉੱਤੇ ਪਈ। ਖੇਮਰਾਜ ਨੇ ਪੱਥਰ ਉਸ ਨੂੰ ਮਾਰਿਆ, ਜੋ ਤੇਂਦੂਏ ਦੇ ਜਬਾੜੇ ਉੱਤੇ ਲੱਗਾ। ਫਿਰ ਲਗਾਤਾਰ ਪੱਥਰ ਮਾਰਨ ਉੱਤੇ ਤੇਂਦੂਆ ਚਲਾ ਗਿਆ। ਖੇਮਰਾਜ ਤੇ ਤੇਂਦੂਏ ਦਾ ਫਾਸਲਾ ਪੰਜ ਫੁੱਟ ਸੀ। ਖੇਮਰਾਜ ਨੇ ਕਿਹਾ ਕਿ ਇੱਕ ਮਿੰਟ ਵੀਦੇਰ ਹੁੰਦੀ ਤਾਂ ਮੇਰੀ ਬੇਟੀ ਨਾ ਮਿਲਦੀ।

## ਉੜੀਸਾ ਦੇ ਮੁੱਖ ਮੰਤਰੀ ਦੇ ਕਾਫ਼ਲੇ 'ਤੇ ਭਾਜਪਾ ਸਮਰਥਕਾਂ ਨੇ ਆਂਡੇ ਸੁੱਟੇ

ਪੁਰੀ, 25 ਨਵੰਬਰ (ਪੋਸਟ ਬਿਊਰੋ)- ਕਾਲਾਹਾਂਡੀ ਅਧਿਆਪਕ ਅਗਵਾ ਅਤੇ ਕਤਲ ਮਾਮਲੇ 'ਚ ਉੜੀਸਾ ਸਰਕਾਰ ਦੀ ਅਸਫ਼ਲਤਾ ਦੇ ਵਿਰੋਧ 'ਚ ਭਾਜਪਾ ਦੇ ਸਮਰਥਕਾਂ ਨੇ ਕੱਲ੍ਹ ਪੁਰੀ 'ਚ ਰਾਜ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਕਾਫ਼ਲੇ 'ਤੇ ਆਂਡੇ ਸੁੱਟੇ। ਇਹ ਘਟਨਾ ਸਰਕਾਰੀ ਹਸਪਤਾਲ ਚੌਕ ਕੋਲ ਉਸ ਸਮੇਂ ਵਾਪਰੀ ਜਦੋਂ ਪਟਨਾਇਕ ਪੁਰੀ 'ਚ 331 ਕਰੋੜ ਰੁਪਏ ਦੀ 'ਹੇਰੀਟੇਜ਼ ਕੋਰੀਡੋਰ ਪ੍ਰਾਜੈਕਟ' ਦੇ ਉਦਘਾਟਨੀ ਸਮਾਰੋਹ 'ਚ ਸ਼ਾਮਲ ਹੋਣ ਤੋਂ ਬਾਅਦ ਭੁਵਨੇਸ਼ਵਰ ਪਰਤ ਰਹੇ ਸਨ। ਪਟਨਾਇਕ ਦੇ ਕਾਫ਼ਲੇ ਦੇ ਲੰਘਣ ਦੌਰਾਨ ਭਾਜਪਾ ਵਰਕਰਾਂ ਨੇ ਕਾਲੇ ਝੰਡੇ ਵੀ ਦਿਖਾਏ। ਇਸ ਤੋਂ ਪਹਿਲਾਂ ਪੁਰੀ 'ਚ ਵੱਡਾ ਡੰਡਾ (ਗਰੈਂਡ ਰੋਡ) 'ਤੇ ਪਟਨਾਇਕ ਨੂੰ ਕਾਲੇ ਝੰਡੇ ਦਿਖਾਉਣ ਦੇ ਦੋਸ਼ 'ਚ ਭਾਰਤੀ ਜਨਤਾ ਯੂਥ ਮੋਰਚਾ (ਭਾਜਯੁਮੋ) ਅਤੇ ਕਾਂਗਰਸ ਨਾਲ ਜੁੜੇ ਐਨ ਐਸ ਯੂ ਆਈ ਦੇ ਤਿੰਨ ਮੈਂਬਰਾਂ ਨੂੰ ਹਿਰਾਸਤ 'ਚ ਲਿਆ ਗਿਆ ਸੀ।

ਭਾਜਯੁਮੋ ਦੇ ਪ੍ਰਦੇਸ਼ ਪ੍ਰਧਾਨ ਇਰਾਸ਼ੀਸ਼ ਆਚਾਰੀਆਂ ਨੇ ਭੁਵਨੇਸ਼ਵਰ 'ਚ ਕਿਹਾ, "ਜਯੰਚ ਦਾਸ ਦੀ ਅਗਵਾਈ 'ਚ ਸਾਡੇ ਵਰਕਰਾਂ ਨੇ ਮੁੱਖ ਮੰਤਰੀ ਦੇ ਕਾਫ਼ਲੇ ਨੂੰ ਨਿਸ਼ਾਨਾ ਬਣਾ ਕੇ ਆਂਡੇ ਸੁੱਟੇ ਹਨ। ਇਹ ਵਿਰੋਧ ਉਦੋਂ ਤਕ ਜਾਰੀ ਰਹੇਗਾ, ਜਦੋਂ ਤਕ ਪਟਨ-ਾਇਕ ਆਪਣੇ ਕੁਝ ਦਾਗ਼ੀ ਮੰਤਰੀਆਂ ਵਿਰੁੱਧ ਕਾਰਵਾਈ ਨਹੀਂ ਕਰਦੇ।" ਜਗਨਨਾਥ ਮੰਦਰ ਦੇ ਸਾਹਮਣੇ ਗਰੈਂਡ ਰੋਡ 'ਤੇ ਗੋਬਰ ਮਿਸ਼ਰਿਤ ਪਾਣੀ ਛਿੜਕ ਕੇ ਵੀ ਵਿਰੋਧੀ ਵਰਕਰਾਂ ਨੇ ਸੜਕ ਨੂੰ ਸ਼ੁੱਧ ਕੀਤਾ ਅਤੇ ਦਾਅਵਾ ਕੀਤਾ ਕਿ ਨੀਂਹ ਪੱਥਰ ਸਮਾਰੋਹ 'ਚ ਸ਼ਾਮਲ ਹੋਏ ਰਾਡ ਦੇ ਦਾਗ਼ੀ ਮੰਤਰੀਆਂ ਨੇ ਪਵਿੱਤਰ ਰਸਤੇ ਤੋਂ ਲੰਘ ਕੇ ਇਸ ਨੂੰ ਅਸ਼ੁੱਧ ਕਰ ਦਿੱਤਾ ਸੀ।

## ਸੈਂਟਰਲ ਵਿਸਟਾ ਪ੍ਰਾਜੈਕਟ ਖਿਲਾਫ ਅਰਜ਼ੀ ਸੁਪਰੀਮ ਕੋਰਟ ਵੱਲੋਂ ਰੱਦ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਉਸ ਪਲਾਟ ਦੀ ਜ਼ਮੀਨੀ ਵਰਤੋਂ ਬਦਲਣ ਨੂੰ ਚੁਣੌਤੀ ਦੇਣ ਵਾਲੀ ਅਪੀਲ ਕੱਲ੍ਹ ਰੱਦ ਕਰ ਦਿੱਤੀ, ਜਿੱਥੇ ਲੂਟੀਅਨਜ਼ ਦਿੱਲੀ ਵਿੱਚ ਸੈਂਟਰਲ ਵਿਸਟਾ ਪ੍ਰੋਜੈਕਟ ਦੇ ਹਿੱਸੇ ਵਜੋਂ ਉਪ ਰਾਸ਼ਟਰਪਤੀ ਦੀ ਨਵੀਂ ਅਧਿਕਾਰਤ ਰਿਹਾਇਸ਼ ਬਣਾਏ ਜਾਣ ਦੀ ਤਜਵੀਜ਼ ਹੈ।

ਇਸ ਮੌਕੇ ਸੁਪਰੀਮ ਕੋਰਟ ਨੇ ਕਿਹਾ ਕਿ ਹਰ ਗੱਲ ਦੀ ਆਲੋਚਨਾ ਹੋ ਸਕਦੀ ਹੈ, ਪਰ ਰਚਨਾਤਮਕ ਆਲੋਚਨਾ ਹੋਣੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਇਹ ਢਾਂਚਾਗਤ ਕੇਸ ਹੈ ਅਤੇ ਸਬੰਧਤ ਅਫਸਰਾਂ ਨੇ ਲੋੜੀਂਦੇ ਸਪੱਸ਼ਟੀਕਰਨ ਦੇ ਦਿੱਤੇ ਹਨ, ਜੋ ਪਲਾਟ ਦੀ ਜ਼ਮੀਨ



ਵਰਤੋਂ ਵਿੱਚ ਤਬਦੀਲੀ ਸਹੀ ਦੱਸਦੇ ਹਨ। ਜਸਟਿਸ ਏ ਐਮ ਖਾਨਵਿਲਕਰ, ਜਸਟਿਸ ਦਿਨੇਸ਼ ਮਹੇਸ਼ਵਰੀ ਤੇ ਜਸਟਿਸ ਸੀ ਟੀ ਰਵੀਕੁਮਾਰ ਦੇ ਬੈਂਚ ਨੇ ਕਿਹਾ, "ਸਾਨੂੰ ਇਸ ਕੇਸ ਉੱਤੇ ਹੋਰ ਵਿਚਾਰ ਦਾ ਕੋਈ ਕਾਰਨ ਨਹੀਂ ਮਿ-ਲਆ, ਇਸ ਲਈ ਅਸੀਂ ਅਪੀਲ ਨੂੰ ਰੱਦ ਕਰ ਕੇ ਪੂਰਾ ਵਿਵਾਦ ਖਤਮ ਕਰ ਰਹੇ ਹਾਂ।"

ਪਲਾਟ ਨੰਬਰ ਇੱਕ ਦੀ ਜ਼ਮੀਨੀ ਵਰਤੋਂ ਨੂੰ ਮਨੋਰੰਜਨ ਵਾਲੇ ਖੇਤਰ ਤੋਂ ਰਿਹਾਇਸ਼ੀ ਖੇਤਰ ਵਿੱਚ ਤਬਦੀਲ ਕਰਨ ਨੂੰ ਚੁਣੌਤੀ ਦੇਣ ਦੀ ਅਪੀਲ ਉੱਤੇ ਅਦਾਲਤ ਵਿੱਚ ਸੁਣਵਾਈ ਹੋ ਰਹੀ ਸੀ। ਪਟੀਸ਼ਨਰ ਵਕੀਲ ਦਾ ਤਰਕ ਸੀ ਕਿ ਪਲਾਟ ਦੀ ਜ਼ਮੀਨ ਵਰਤੋਂ ਵਿੱਚ ਤਬਦੀਲੀ ਲੋਕ ਹਿੱਤ ਵਿੱਚ ਨਹੀਂ ਅਤੇ ਉਹ ਸਿਰਫ ਹਰਿਆਲੀ ਵਾਲੇ ਅਤੇ ਇਸ ਖੁੱਲ੍ਹੇ ਖੇਤਰ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਨ। ਇਸ ਉੱਤੇ ਅਦਾਲਤ ਨੇ ਪੁੱਛਿਆ, "ਅਜਿਹਾ ਹੈ ਤਾਂ ਕੀ ਆਮ ਲੋਕਾਂ ਤੋਂ ਸਿਫਾਰਸ਼ ਲਈ ਜਾਵੇਗੀ ਕਿ ਉਪ ਰਾਸ਼ਟਰਪਤੀ ਦੀ ਰਿਹਾਇਸ਼ ਕਿੱਥੇ ਹੋਣੀ ਚਾਹੀਦੀ ਹੈ।" ਬੈਂਚ ਨੇ ਕਿਹਾ, "ਹਰ ਗੱਲ ਦੀ ਆਲੋਚਨਾ ਹੋ ਸਕਦੀ ਹੈ। ਇਸ ਵਿੱਚ ਕੋਈ ਦਿੱਕਤ ਨਹੀਂ, ਪਰ ਆਲੋਚਨਾ ਰਚਨਾਤਮਕ ਹੋਣੀ ਚਾਹੀਦੀ ਹੈ।" ਬੈਂਚ ਨੇ ਕਿਹਾ ਕਿ ਉਪ ਰਾਸ਼ਟਰਪਤੀ ਦੀ ਰਿਹਾਇਸ਼ ਕਿਵੇਂ ਕਿਤੇ ਹੋਰ ਤਬਦੀਲ ਕੀਤੀ ਜਾ ਸਕਦੀ ਹੈ।



## ਐਪਲ ਵੱਲੋਂ ਪੈਗਾਸਸ ਬਣਾਉਣ ਵਾਲੀ ਕੰਪਨੀ ਉਤੇ ਕੇਸ

ਸੈਨ ਫਰਾਂਸਿਸਕੋ, 25 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਕੰਪਨੀ ਐਪਲ ਨੇ ਦੁਨੀਆ ਭਰ ਵਿੱਚ ਜਾਸੂਸੀ ਲਈ ਇਸਤੇਮਾਲ ਹੋਣ ਵਾਲੇ ਸਪਾਈਵੇਅਰ ਪੈਗਾਸਸ ਬਣਾਉਣ ਵਾਲੀ ਇਜ਼ਰਾਈਲ ਦੀ ਕੰਪਨੀ ਐਨ ਐਸ ਓ ਗਰੁੱਪ ਖ਼ਿਲਾਫ ਮੁਕੱਦਮਾ ਦਰਜ ਕੀਤਾ ਹੈ। ਐਪਲ ਦਾ ਦੋਸ਼ ਹੈ ਕਿ ਐਨ ਐਸ ਓ ਨੇ ਉਸ ਦੇ ਯੂਜ਼ਰਸ ਨੂੰ ਨਿਸ਼ਾਨਾ ਬਣਾਇਆ। ਐਪਲ ਨੇ ਐਨ ਐਸ ਓ ਦੁਆਰਾ ਐਪਲ ਦੇ ਕਿਸੇ ਸਾਫਟਵੇਅਰ, ਸਰਵਿਸ ਜਾਂ ਡਿਵਾਈਸ ਦੇ ਇਸਤੇਮਾਲ 'ਤੇ ਰੋਕ ਲਗਾਉਣ ਦਾ ਸ਼ੱਕ ਜ਼ਾਹਿਰ ਕੀਤਾ ਹੈ।

ਪੈਗਾਸਸ ਸਪਾਈਵੇਅਰ ਦੇ ਜ਼ਰੀਏ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਪੱਤਰਕਾਰ, ਰਾਜਨੇਤਾ ਅਤੇ ਦੂਸਰੇ ਕਈ ਲੋਕਾਂ ਦੇ ਫੋਨਾਂ ਦੀ ਜਾਸੂਸੀ ਕਰਨ ਦਾ ਦੋਸ਼ ਲੱਗਾ ਸੀ। ਭਾਰਤ ਵਿੱਚ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਗਠਿਤ ਕੀਤੀ ਹੈ। ਐਪਲ ਦੇ ਇਲਾਵਾ ਅਮਰੀਕਾ ਨੇ ਵੀ ਇਸਰਾਈਲੀ ਸਾਫਟਵੇਅਰ ਕੰਪਨੀ ਐਨ ਐਸ ਓ ਗਰੁੱਪ ਅਤੇ ਕੈਂਡਿਰੂ ਨੂੰ ਬਲੈਕਲਿਸਟ ਕਰ ਦਿੱਤਾ ਹੈ।

ਅਮਰੀਕੀ ਵਪਾਰਕ ਵਿਭਾਗ ਨੇ ਦੋਵਾਂ ਕੰਪਨੀਆਂ ਨੂੰ ਟ੍ਰੇਡ ਬਲੈਕਲਿਸਟ ਵਿੱਚ ਸ਼ਾਮਲ ਕਰਦੇ ਹੋਏ ਇਨ੍ਹਾਂ ਦੇ ਨਾਲ ਕਿਸੇ ਵੀ ਤਰ੍ਹਾਂ ਦੀ ਡੀਲ 'ਤੇ ਰੋਕ ਲਗਾ ਦਿੱਤੀ ਹੈ। ਇਹ ਕੰਪਨੀਆਂ ਹੁਣ ਅਮਰੀਕਾ ਵਿੱਚ ਵਪਾਰ ਨਹੀਂ ਕਰ ਸਕਦੀਆਂ ਹਨ। ਐਨ ਐਸ ਓ 'ਤੇ 2019 ਵਿੱਚ ਫੇਸਬੁਕ ਨੇ ਵੀ ਇੱਕ ਕੇਸ ਕੀਤਾ ਸੀ, ਜਿਸ ਵਿੱਚ ਇਸ ਨੇ ਵਟਸਐਪ ਯੂਜ਼ਰਜ਼ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ ਸੀ।

# ਭਾਰਤ 'ਤੇ ਪਾਬੰਦੀ ਲਗਾਉਣ ਬਾਰੇ ਅਮਰੀਕਾ ਦਾ ਰੁਖ਼ ਅਜੇ ਸਾਫ ਨਹੀਂ

*** ਰੂਸ ਤੋਂ ਮਿਜ਼ਾਈਲਾਂ ਖਰੀਦਣ ਦਾ ਮਾਮਲਾ * ਵਿਦੇਸ਼ ਵਿਭਾਗ ਮੁਤਾਬਕ ਕਿਸੇ ਮੁਲਕ ਵਿਸ਼ੇਸ਼ ਨੂੰ ਛੋਟ ਦੇਣ ਦੀ ਤਜਵੀਜ਼ ਨਹੀਂ**

ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਰੂਸ ਤੋਂ ਮਿਜ਼ਾਈਲਾਂ ਖਰੀਦਣ 'ਤੇ ਭਾਰਤ ਨੂੰ ਸੰਭਾਵੀ ਪਾਬੰਦੀ ਤੋਂ ਛੋਟ ਦੇਣ ਬਾਰੇ ਅਮਰੀਕਾ ਨੇ ਅਜੇ ਕੋਈ ਫੈਸਲਾ ਨਹੀਂ ਲਿਆ ਹੈ। ਜ਼ਿਕਰਯੋਗ ਹੈ ਕਿ ਭਾਰਤ ਨੇ ਐਸ-400 ਮਿਜ਼ਾਈਲਾਂ ਦਾ ਰੂਸ ਨਾਲ ਸੌਦਾ ਕੀਤਾ ਸੀ। ਇਸ ਕਾਰਨ ਅਮਰੀਕਾ, ਭਾਰਤ 'ਤੇ ਇੱਕ ਵਿਸ਼ੇਸ਼ ਐਕਟ ਤਹਿਤ ਪਾਬੰਦੀ ਲਗਾ ਸਕਦਾ ਹੈ। ਬਾਇਡੇਨ ਪ੍ਰਸ਼ਾਸਨ ਨੇ ਕਿਹਾ ਹੈ ਕਿ ਇਸ ਕਾਨੂੰਨ ਵਿੱਚ ਅਜਿਹੀ ਕੋਈ ਮੱਦ ਨਹੀਂ ਹੈ ਜਿਸ ਤਹਿਤ ਕਿਸੇ ਮੁਲਕ ਵਿਸ਼ੇਸ਼ ਨੂੰ ਛੋਟ ਦਿੱਤੀ ਜਾ ਸਕੇ। ਭਾਰਤ ਨੂੰ ਇਨ੍ਹਾਂ ਮਿਜ਼ਾਈਲਾਂ ਦੀ ਸਪਲਾਈ ਮਿਲਣੀ



ਸ਼ੁਰੂ ਹੋ ਗਈ ਹੈ। ਚੋਟੀ ਦੇ ਰਿਪਬਲੀਕਨ ਤੇ ਡੈਮੋਕ੍ਰੇਟਿਕ ਸੰਸਦ ਮੈਂਬਰ ਮੰਗ ਕਰ ਰਹੇ ਹਨ ਕਿ ਇਸ ਖਰੀਦ ਲਈ ਭਾਰਤ ਉਤੇ ਸੀ ਏ ਏ ਟੀ ਐਸ ਏ ਤਹਿਤ ਪਾਬੰਦੀ ਨਾ ਲਗਾਈ ਜਾਵੇ। ਇਹ ਕਾਨੂੰਨ ਅਮਰੀਕੀ ਕਾਂਗਰਸ ਨੇ 2017 ਵਿੱਚ ਪਾਸ ਕੀਤਾ ਸੀ। ਇਸ ਤਹਿਤ ਅਮਰੀਕਾ, ਰੂਸ ਨਾਲ ਰੱਖਿਆ ਅਤੇ ਖੁਫੀਆ ਖੇਤਰ ਵਿੱਚ ਲੈਣ ਦੇਣ ਕਰਨ ਵਾਲੇ ਮੁਲਕ 'ਤੇ ਪਾਬੰਦੀ ਲਗਾ ਸਕਦਾ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਨੈਡ ਪ੍ਰਾਈਸ ਨੇ ਕਿਹਾ ਕਿ ਉਹ ਭਾਰਤ ਨਾਲ ਆਪਣੇ ਰਣਨੀਤਕ ਰਿਸ਼ਤਿਆਂ ਦੀ ਕਦਰ ਕਰਦੇ ਹਨ, ਪਰ ਕਾਨੂੰਨ ਵਿੱਚ ਅਜਿਹਾ ਕੁਝ ਨਹੀਂ ਹੈ ਜਿਸ ਤਹਿਤ ਛੋਟ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਮਰੀਕਾ ਵਿਆਪਕ ਤੌਰ 'ਤੇ ਇਹੀ ਕਹਿ ਸਕਦਾ ਹੈ ਕਿ ਸਾਡੇ ਸਾਰੇ ਸਾਥੀਆਂ ਨੂੰ ਰੂਸ ਨਾਲ ਅਜਿਹੇ ਲੈਣ-ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## ਸਿੱਖਾਂ ਨੂੰ ਬਦਨਾਮ ਕਰਨ ਵਾਲੇ 80 ਜਾਅਲੀ ਸੋਸ਼ਲ ਮੀਡੀਆ ਖਾਤੇ ਬੰਦ

ਲੰਡਨ, 25 ਨਵੰਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਦਾ ਅਕਸਰ ਹੀ ਗਲਤ ਅਨਸਰਾਂ ਵੱਲੋਂ ਦੁਰਉਪਯੋਗ ਕੀਤਾ ਜਾਂਦਾ ਹੈ। ਬੀ ਬੀ ਸੀ ਦੀ ਇੱਕ ਤਾਜ਼ਾ ਰਿਪੋਰਟ 'ਚ ਸਿੱਖਾਂ ਨੂੰ ਬਦਨਾਮ ਕਰਨ ਲਈ ਵਰਤੇ ਜਾਂਦੇ ਅਜਿਹੇ ਸੋਸ਼ਲ ਮੀਡੀਆ ਖਾਤਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਨ੍ਹਾਂ ਨੂੰ ਹੁਣ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਖਾਤਿਆਂ ਦੀ ਹਿੰਦੂ ਰਾਸ਼ਟਰਵਾਦ ਅਤੇ ਭਾਰਤ ਪੱਖੀ ਸਰਕਾਰ ਦੇ ਬਿਰਤਾਂਤ ਨੂੰ ਉਤਸ਼ਾਹਿਤ ਕਰਨ ਲਈ ਵਰਤੋਂ ਕੀਤੀ ਗਈ। ਰਿਪੋਰਟ ਦੇ ਲੇਖਕ ਬੈਂਜਾਮਿਨ ਸਟ੍ਰਿਕ ਅਨੁਸਾਰ ਇਸ ਨੈਟਵਰਕ ਦਾ ਉਦੇਸ਼ ਸਿੱਖ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਕਦਰਾਂ ਕੀਮਤਾਂ ਦੇ ਆਲੇ-ਦੁਆਲੇ ਮਹੱਤਵਪੂਰਨ ਮੁੱਦਿਆਂ ਤੇ ਧਾਰਨਾਵਾਂ ਨੂੰ ਬਦਲਣਾ ਸੀ। ਭਾਵੇਂ ਕਿ ਇਸ ਨੈਟਵਰਕ ਦਾ ਭਾਰਤ ਸਰਕਾਰ ਨਾਲ ਜੋੜੇ ਹੋਣ ਦਾ ਕੋਈ ਸਬੂਤ ਨਹੀਂ ਹੈ ਅਤੇ ਨਾ ਹੀ ਸਰਕਾਰ ਨੇ ਕੋਈ ਪ੍ਰਤੀਕਿਰਿਆ ਦਿੱਤੀ ਹੈ। ਇਨ੍ਹਾਂ ਖਾਤਿਆਂ ਦੇ ਪ੍ਰੋਫਾਈਲਾਂ 'ਚ ਪੰਜਾਬੀ ਫਿਲਮੀ ਅਦਾਕਾਰਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ, ਸਿੱਖ ਨਾਵਾਂ ਦੀ ਵਰਤੋਂ ਕੀਤੀ ਗਈ ਸੀ। ਇੱਥੋਂ



ਤੱਕ ਕਿ ਬਹੁਤ ਸਾਰੇ ਖਾਤਿਆਂ ਦੀ ਸਮੱਗਰੀ ਅਤੇ ਭਾਸ਼ਾ ਵੀ ਇੱਕੋ ਜਿਹੀ ਹੀ ਸੀ। ਇਨ੍ਹਾਂ ਖਾਤਿਆਂ 'ਚ ਬਰਤਾਨਵੀ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ, ਐਮ ਪੀ ਪ੍ਰੀਤ ਕੌਰ ਗਿੱਲ ਅਤੇ ਕੈਨੇਡੀਅਨ ਪਾਰਲੀਮੈਂਟ ਮੈਂਬਰਾਂ ਦੀਆਂ ਤਸਵੀਰਾਂ ਲਗਾ ਕੇ ਉਨ੍ਹਾਂ ਨੂੰ ਖਾਲਿਸਤਾਨ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਹੋਈਆਂ ਸਨ। ਰਿਪੋਰਟ ਅਨੁਸਾਰ ਇਹ ਸੋਸ਼ਲ ਮੀਡੀਆ ਮੁਹਿੰਮ ਕਿਸੇ ਸੋਚੀ ਸਮਝੀ ਸਾਜ਼ਿਸ਼ ਤਹਿਤ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦਾ ਨੁਕਸਾਨ ਕਰਨ ਲਈ ਇੱਕ ਵੱਡੇ ਓਪਰੇਸ਼ਨ ਦਾ ਹਿੱਸਾ ਹੋ ਸਕਦੀ ਹੈ। ਟਵਿੱਟਰ ਅਤੇ ਮੈਟਾ ਨੇ ਵੱਖ-ਵੱਖ ਬਿਆਨਾਂ 'ਚ ਕਿਹਾ ਹੈ ਕਿ ਲੋਕਾਂ ਨੂੰ ਗੁੰਮਰਾਹ ਕਰਨ ਕਰਕੇ ਅਤੇ ਜਾਅਲੀ ਖਾਤਿਆਂ ਨੂੰ ਫੇਸਬੁੱਕ ਅਤੇ ਇੰਸਟਾਗ੍ਰਾਮ ਤੋਂ ਹਟਾ ਦਿੱਤਾ ਗਿਆ ਹੈ।

## ਝਗੜੇ ਕਾਰਨ 107 ਸਾਲ ਪੁਰਾਣਾ ਹਿੰਦੂਜਾ ਗਰੁੱਪ ਟੁੱਟਣ ਵੱਲ

*** ਸ੍ਰੀ ਚੰਦ ਅਤੇ ਤਿੰਨ ਭਰਾਵਾਂ ਦਾ ਝਗੜਾ ਅਦਾਲਤਾਂ 'ਚ ਪੁੱਜਾ**



ਲੰਡਨ, 25 ਨਵੰਬਰ (ਪੋਸਟ ਬਿਊਰੋ)- ਹਿੰਦੂਜਾ ਗਰੁੱਪ ਦੇ ਪਰਵਾਰਕ ਝਗੜੇ ਨੇ 107 ਸਾਲ ਪੁਰਾਣੇ ਬਿਜ਼ਨਸ ਸਾਮਰਾਜ ਨੂੰ ਸੰਕਟ ਵਿੱਚ ਪਾ ਦਿੱਤਾ ਹੈ। ਸ੍ਰੀ ਚੰਦ ਹਿੰਦੂਜਾ ਭਰਾਵਾਂ ਦੇ ਵਿੱਚ ਝਗੜਾ ਲੰਡਨ ਅਤੇ ਸਵਿਟਜ਼ਰਲੈਂਡ ਦੀਆਂ ਅਦਾਲਤਾਂ ਤਕ ਪਹੁੰਚ ਗਿਆ ਹੈ। ਗਰੁੱਪ ਦੇ ਮੁਖੀ 85 ਸਾਲਾ ਸ੍ਰੀ ਚੰਦ ਹਿੰਦੂਜਾ ਡਿਮੈਂਸ਼ੀਆ ਦੀ ਬਿਮਾਰੀ ਤੋਂ ਪੀੜਤ ਹਨ। ਉਨ੍ਹਾਂ ਦੇ ਦੋਹਤੇ ਕਰਮ ਹਿੰਦੂਜਾ, ਭੈਣ, ਮਾਂ ਸ਼ਾਨੂ, ਨਾਨੀ 1800 ਕਰੋੜ ਡਾਲਰ (ਕਰੀਬ 1.33 ਲੱਖ ਕਰੋੜ) ਦੇ ਇਸ ਬ੍ਰਿਟਿਸ਼-ਭਾਰਤੀ ਗਰੁੱਪ ਦੇ ਬਟਵਾਰੇ ਨੂੰ ਲੈ ਕੇ ਬਾਕੀ ਪਰਵਾਰ ਨਾਲ ਕਾਨੂੰਨੀ ਲੜਾਈ ਵਿੱਚ ਉਲਝੇ ਹਨ। ਕਰਮ ਹਿੰਦੂਜਾ ਧਿਰ ਦੀ ਮੰਗ ਹੈ ਗਰੁੱਪ ਦੀ ਜਾਇਦਾਦ ਨੂੰ ਵੰਡ ਦਿੱਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਸ੍ਰੀ ਚੰਦ ਹਿੰਦੂਜਾ ਧਿਰ ਨੇ ਸ਼ੱਕ ਪ੍ਰਗਟਾਇਆ ਹੈ ਕਿ ਉਨ੍ਹਾਂ ਦੀਆਂ ਧੀਆਂ ਸ਼ਾਨੂ ਅਤੇ ਵੀਨੂ ਖਿਲਾਫ ਗਲਤ ਕਾਰਵਾਈ ਹੋ ਸਕਦੀ ਹੈ ਜਾਂ ਉਨ੍ਹਾਂ ਦੇ ਖਿਲਾਫ ਫੈਸਲਾ ਜਾ ਸਕਦਾ ਹੈ।

ਸ੍ਰੀ ਚੰਦ ਹਿੰਦੂਜਾ ਦੇ ਤਿੰਨ ਭਰਾ ਗੋਪੀ ਚੰਦ, ਪ੍ਰਕਾਸ਼ ਅਤੇ ਅਸ਼ੋਕ ਹਿੰਦੂਜਾ ਚਾਹੁੰਦੇ ਹਨ ਕਿ ਗਰੁੱਪ ਆਪਣੇ ਪੁਰਾਣੇ ਵਚਨ 'ਤੇ ਕਾਇਮ ਰਹੇ ਕਿ 'ਸਭ ਕੁਝ ਸਾਰਿਆਂ ਦਾ ਹੈ ਅਤੇ ਕੁਝ ਵੀ ਕਿਸੇ ਇੱਕ ਦਾ ਨਹੀਂ'। ਇੰਡੀਅਨ ਸਕੂਲ ਆਫ ਬਿਜ਼ਨਸ ਦੇ ਫੈਮਿਲੀ-ਬਿਜ਼ਨਸ ਐਕਸਪਰਟ ਕਵਿਲ ਰਾਮਚੰਦਰਨ ਕਹਿੰਦੇ ਹਨ ਕਿ ਇੰਝ ਲੱਗਦਾ ਹੈ ਕਿ ਇਹ ਪਰਵਾਰਕ ਲੜਾਈ ਅਜਿਹੇ ਮੁਕਾਮ 'ਤੇ ਪਹੁੰਚ ਗਈ ਹੈ ਜਿੱਥੋਂ ਵਾਪਸੀ ਸੰਭਵ ਨਹੀਂ ਹੈ।

# ਚੀਨ ਵਿੱਚ ਵਿਆਹ 'ਚ ਦਿਲਚਸਪੀ ਘਟੀ ਤੇ ਆਬਾਦੀ ਸੰਕਟ ਵਧਿਆ

*** ਸਰਕਾਰ ਤਿੰਨ ਬੱਚੇ ਪੈਦਾ ਕਰਨ ਦੀ ਵੀ ਇਜਾਜ਼ਤ ਦੇ ਚੁੱਕੀ ਹੈ**

ਬੀਜਿੰਗ, 25 ਨਵੰਬਰ (ਪੋਸਟ ਬਿਊਰੋ)- ਚੀਨ 'ਚ ਬਹੁਤ ਘੱਟ ਲੋਕ ਵਿਆਹ ਕਰਵਾ ਰਹੇ ਹਨ। ਇਸ ਕਾਰਨ ਜਨਮ ਦਰ 'ਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਦੁਨੀਆ ਦੇ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਮੁਲਕ 'ਚ ਆਬਾਦੀ ਸੰਕਟ ਖੜ੍ਹਾ ਹੋ ਗਿਆ ਹੈ। ਚੀਨ ਵਿੱਚ ਵਿਆਹ ਰਜਿਸਟਰੇਸ਼ਨ ਦੀ ਗਿਣਤੀ ਲਗਾਤਾਰ ਸੱਤ ਸਾਲਾਂ ਤੋਂ ਡਿੱਗ ਰਹੀ ਹੈ। ਇਸ ਸਾਲ ਪਿਛਲੇ ਸਾਲ 17 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਹਾਲੀਆ ਜਾਰੀ ਚਾਈਨਾ ਸਟੈਟਿਸਟੀਕਲ ਯੀਅਰ ਬੁੱਕ 2021 ਦੇ ਅੰਕੜਿਆਂ ਵਿੱਚ ਇਹ ਜਾਣਕਾਰੀ ਮਿਲੀ ਹੈ।

ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਮੁਤਾਬਕ ਚੀਨ ਵਿੱਚ 2021 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ 'ਚ ਕੁੱਲ 58.7 ਲੱਖ ਜੋੜਿਆਂ ਨੇ ਵਿਆਹ ਕੀਤਾ, ਜਿਹੜਾ ਪਿਛਲੇ ਸਾਲ ਦੇ ਇਸੇ ਸਮੇਂ ਵਿੱਚ ਥੋੜ੍ਹਾ ਘੱਟ ਹੈ। ਚੀਨ ਦੀ ਸਰਕਾਰੀ ਅਖ਼ਬਾਰ ਚਾਈਨਾ ਡੇਲੀ ਨੇ ਕਿਹਾ



ਕਿ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ 2021 ਵਿੱਚ ਚੀਨ ਵਿੱਚ ਵਿਆਹ ਰਜਿਸਟਰੇਸ਼ਨ ਦੀ ਗਿਣਤੀ ਵਿੱਚ ਗਿਰਾਵਟ ਜਾਰੀ ਰਹੇਗੀ। ਚਾਈਨਾ ਸਟੈਟਿਸਟੀਕਲ ਯੀਅਰ ਬੁੱਕ 2021 ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਡਿੱਗਦੀ ਜਨਮ ਦਰ ਤੋਂ ਇਲਾਵਾ ਹੈ। ਚੀਨ ਵਿੱਚ ਪਿਛਲੇ ਸਾਲ ਜਨਮ ਦਰ 0.852 ਫੀਸਦੀ ਸੀ, ਜਿਹੜੀ 1978 ਤੋਂ ਬਾਅਦ ਪਹਿਲੀ ਵਾਰ ਇੱਕ ਫੀਸਦੀ ਤੋਂ ਡਿੱਗ ਗਈ ਹੈ। ਚੀਨ ਦੀ ਸਰਕਾਰ ਵੀ ਇਸ ਸੰਕਟ ਤੋਂ ਪ੍ਰੇਸ਼ਾਨ ਹੈ।

ਜਿਵੇਂ-ਜਿਵੇਂ ਆਬਾਦੀ ਸੰਕਟ ਡੂੰਘਾ ਹੁੰਦਾ ਗਿਆ, ਚੀਨ ਨੇ 2016 ਵਿੱਚ ਸਾਰੇ ਜੋੜਿਆਂ ਨੂੰ ਦੋ ਬੱਚੇ ਪੈਦਾ ਕਰਨ ਦੀ ਇਜਾਜ਼ਤ ਦੇ ਦਿੱਤੀ। ਚੀਨ ਨੇ ਦਹਾਕਿਆਂ ਪੁਰਾਣੀ ਵਨ ਚਾਈਲਡ ਪਾਲਿਸੀ ਨੂੰ ਖ਼ਤਮ ਕਰ ਦਿੱਤਾ ਤੇ ਇਸ ਸਾਲ ਤਿੰਨ ਬੱਚਿਆਂ ਨੂੰ ਪੈਦਾ ਕਰਨ ਦੀ ਮਨਜ਼ੂਰੀ ਉਦੋਂ ਦਿੱਤੀ ਗਈ, ਜਦੋਂ ਨਵੀਂ ਮਰਦਮਸ਼ੁਮਾਰੀ ਨੂੰ ਜਾਰੀ ਕੀਤਾ ਗਿਆ। ਇਸ ਮਰਦਮਸ਼ੁਮਾਰੀ ਡਾਟਾ ਤੋਂ ਪਤਾ ਲੱਗਾ ਕਿ ਚੀਨ ਦੀ ਆਬਾਦੀ ਸਭ ਤੋਂ ਹੌਲੀ ਰਫਤਾਰ ਨਾਲ ਵੱਧ ਕੇ 1.412 ਅਰਬ ਹੋ ਗਈ ਹੈ। ਇਸ ਵਿੱਚ ਕਿਹਾ ਗਿਆ ਕਿ ਅਗਲੇ ਸਾਲ ਦੀ ਸ਼ੁਰੂਆਤ ਤੋਂ ਇਸ ਵਿੱਚ ਤੇਜ਼ੀ ਨਾਲ ਗਿਰਾਵਟ ਹੋਵੇਗੀ।

## ਬਰਾਜ਼ੀਲ ਵਿੱਚ ਬਿਨਾਂ ਦੰਦਾਂ ਵਾਲਾ ਡਾਇਨਾਸੋਰ ਮਿਲਿਆ

ਬ੍ਰਾਸੀਲੀਆ, 25 ਨਵੰਬਰ (ਪੋਸਟ ਬਿਊਰੋ)- ਬਰਾਜ਼ੀਲ ਵਿੱਚ ਲਗਭਗ ਸੱਤ ਕਰੋੜ ਸਾਲ ਪੁਰਾਣੇ ਡਾਇਨਾਸੋਰ ਦਾ ਇੱਕ ਪਿੰਜਰ ਮਿਲਿਆ ਹੈ। ਇਸ ਡਾਇਨਾਸੋਰ ਦੇ ਦੰਦ ਨਹੀਂ ਹਨ ਅਤੇ ਉਹ ਦੋ ਪੈਰਾਂ ਨਾਲ ਤੁਰਦਾ ਹੋਵੇਗਾ।

ਖੋਜਕਾਰਾਂ ਨੇ ਇਸ ਖੋਜ ਨੂੰ ਬੇਹੱਦ ਦੁਰਲੱਭ ਕਰਾਰ ਦਿੱਤਾ ਹੈ। ਇਹੋ ਜਿਹੇ ਡਾਇਨਾਸੋਰ ਬਹੁਤ ਛੋਟੇ ਹੁੰਦੇ ਸਨ ਤੇ ਉਨ੍ਹਾਂ ਨੂੰ ਬੇਰੋਪਡ ਕਿਹਾ ਜਾਂਦਾ ਸੀ। ਇਨ੍ਹਾਂ ਦੀ ਉਚਾਈ ਲਗਭਗ ਤਿੰਨ ਫੁੱਟ ਅਤੇ 80 ਸੈਂਟੀਮੀਟਰ ਹੁੰਦੀ ਸੀ। ਇਸ ਨਵੀਂ ਨਸਲ ਦਾ ਨਾਂ ਬੇਰਥਾਸੌਰਾ ਲਿਓਪੋਲਡਾਈਨਾਈ ਹੈ। ਇਨ੍ਹਾਂ ਡਾਇਨਾਸੋਰ ਦਾ ਮੂੰਹ ਚੁੰਝ ਦੇ ਆਕਾਰ ਦਾ ਹੁੰਦਾ ਸੀ ਅਤੇ ਉਸ ਵਿੱਚ ਦੰਦ ਨਹੀਂ ਸਨ। ਬਰਾਜ਼ੀਲ ਦੇ ਨੈਸ਼ਨਲ ਮਿਊਜ਼ੀਅਮ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਇਹ ਬਹੁਤ ਹੈਰਾਨ ਕਰਨ ਵਾਲਾ ਸੀ। ਉਨ੍ਹਾਂ ਨੇ ਆਪਣੀ ਖੋਜ ਨੂੰ ਜਨਰਲ ਨੇਚਰ ਵਿੱਚ ਛਪਵਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਰਾਜ਼ੀਲ ਵਿੱਚ ਕ੍ਰਿਟੇਸ਼ਸ ਕਾਲ ਦੇ ਅੰਜ ਤੱਕ ਦੇ ਡਾਇਨਾਸੋਰ ਦੇ ਸਭ ਤੋਂ ਪੂਰਨ ਪਿੰਜਰ ਦੀ ਖੋਜ ਹੋਈ ਹੈ।

ਚੀਨ ਦੇ ਹੁਨਾਨ ਸੂਬੇ ਵਿੱਚ ਵੀ ਇਸੇ ਨਸਲ ਦਾ 18 ਕਰੋੜ ਸਾਲ ਪੁਰਾਣਾ ਪਿੰਜਰ ਮਿਲਿਆ ਸੀ। ਇਸ ਪਿੰਜਰ ਦਾ 70 ਫੀਸਦੀ ਹਿੱਸਾ ਬਚਿਆ ਹੋਇਆ ਹੈ, ਜੋ ਦੁਰਲੱਭ ਹੈ। ਖੋਜਕਾਰ ਜ਼ਿਓਜ਼ਾ ਨੇ ਕਿਹਾ ਇਸਦਾ ਮਤਲਬ ਇਹ ਨਹੀਂ ਕਿ ਉਹ ਡਾਇਨਾਸੋਰ ਮਾਸ ਨਾ ਖਾਂਦਾ ਹੋਵੇਗਾ। ਕਈ ਪੰਛੀ ਜਿਵੇਂ ਬਾਜ਼ ਆਦਿ ਆਪਣੀ ਚੁੰਝ ਨਾਲ ਮਾਸ ਖਾਂਦੇ ਹਨ।

## ਅਮਰੀਕਾ ਵੱਲੋਂ ਰੂਸੀ ਗੈਸ ਪਾਈਪ ਲਾਈਨ ਉੱਤੇ ਪਾਬੰਦੀ ਦਾ ਐਲਾਨ



ਵਾਸ਼ਿੰਗਟਨ, 24 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਵਿਰੋਧੀ ਨਾਰਡ ਸਟ੍ਰੀਮ-2 ਪਾਈਪਲਾਈਨ ਦੇ ਸਬੰਧ ਵਿੱਚ ਰੂਸ ਉੱਤੇ ਦਬਾਅ ਬਣਾਈ ਰੱਖਣ ਲਈ ਪ੍ਰਾਜੈਕਟ ਨਾਲ ਜੁੜੇ ਲੋਕਾਂ ਅਤੇ ਜਹਾਜ਼ਾਂ ਉੱਤੇ ਪਾਬੰਦੀ ਲਾ ਦਿੱਤੀ ਹੈ। ਇਸ ਦੌਰਾਨ ਅਮਰੀਕਾ ਨੇ ਨਾਰਡ ਸਟ੍ਰੀਮ-2 ਦੀ ਉਸਾਰੀ ਦੇ ਕੰਮ ਨੂੰ ਸੁਸਤ ਕਰਨ ਜਾਂ ਰੋਕਣ ਦੀ ਅਸਫਲ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਰੂਸੀ ਗੈਸ ਨੂੰ ਜਰਮਨੀ ਤਕ ਪਹੁੰਚਾਇਆ ਜਾਏਗਾ।

ਅਸਲ ਵਿੱਚ ਅਮਰੀਕਾ ਨੂੰ ਡਰ ਹੈ ਕਿ ਇਸ ਊਰਜਾ ਪ੍ਰਾਜੈਕਟ ਦਾ ਫਾਇਦਾ ਲੈ ਕੇ ਰੂਸ ਦੀ ਯੂਰਪ ਵਿੱਚ ਪਹੁੰਚ ਵੱਧ ਸਕਦੀ ਹੈ। 'ਗਜ਼ਪ੍ਰੋਮ' ਪਾਈਪਲਾਈਨ ਰੂਸੀ ਕੰਟਰੋਲ ਦੀ ਕੰਪਨੀ ਹੈ, ਜਿਸ ਵਿੱਚ ਕਈ ਯੂਰਪੀ ਕੰਪਨੀਆਂ ਨੇ ਵੀ ਨਿਵੇਸ਼ ਕੀਤਾ ਹੈ, ਐਲਾਨ ਵਿੱਚ 'ਟ੍ਰਾਂਸਏਡ੍ਰਿਯਾ ਲਿਮਟਿਡ' ਅਤੇ ਉਸਦੇ ਇੱਕ ਜਹਾਜ਼ ਨੂੰ ਟਾਰਗੇਟ ਬਣਾਇਆ ਗਿਆ ਹੈ ਜਿਸ ਵਿੱਚ ਨਾਰਡ ਸਟ੍ਰੀਮ ਲਈ ਕੰਮ ਕੀਤਾ ਗਿਆ ਸੀ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟੋਨੀ ਬਲਿੰਕਨ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਅੱਜ ਤਕ ਪਾਈਪਲਾਈਨ ਨਾਲ ਜੁੜੇ 8 ਲੋਕਾਂ ਅਤੇ 17 ਜਹਾਜ਼ਾਂ ਉੱਤੇ ਪਾਬੰਦੀ ਲਾਈ ਹੈ। ਦੂਜੇ ਪਾਸੇ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਇਹ ਕਿਹਾ ਹੈ ਕਿ ਜਰਮਨ ਰੈਗੂਲੇਟਰਾਂ ਨੂੰ ਨਵੀਂ ਪਾਈਪਲਾਈਨ ਦਾ ਕੰਮ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਤੋਂ ਬਾਅਦ ਦੇਸ਼ ਯੂਰਪੀ ਯੂਨੀਅਨ ਵਿੱਚ ਕੁਦਰਤੀ ਗੈਸ ਦੀ ਸਪਲਾਈ ਨੂੰ ਤੇਜ਼ੀ ਨਾਲ ਵਧਾ ਸਕਦਾ ਹੈ।

## ਪਾਇਲਟ ਵਰਧਮਾਨ ਵੱਲੋਂ ਐਫ-16 ਡੇਗਣ ਬਾਰੇ ਭਾਰਤ ਦੇ ਦਾਅਵੇ ਨੂੰ ਪਾਕਿ ਨੇ ਨਕਾਰਿਆ



ਇਸਲਾਮਾਬਾਦ, 24 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਕੱਲ੍ਹ ਭਾਰਤ ਦੇ ਉਸ ਦਾਅਵੇ ਨੂੰ ਬੇਬੁਨਿਆਦ ਕਹਿ ਕੇ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਫਰਵਰੀ 2019 ਵਿੱਚ ਭਾਰਤੀ ਪਾਇਲਟ ਦੇ ਹਵਾਈ ਟਕਰਾਅ ਦੌਰਾਨ ਇੱਕ ਪਾਕਿਸਤਾਨੀ ਐਫ-16 ਹਵਾਈ ਜਹਾਜ਼ ਡੇਗ ਲਿਆ ਸੀ।

ਵਰਣਨ ਯੋਗ ਹੈ ਕਿ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ (ਇਸ ਵਕਤ ਗਰੁੱਪ ਕੈਪਟਨ) ਦਾ ਮਿਗ-21 ਜਹਾਜ਼ 27 ਫਰਵਰੀ 2019 ਨੂੰ ਪਾਕਿਸਤਾਨੀ ਖੇਤਰ ਵਿੱਚ ਡਿੱਗ ਗਿਆ ਸੀ ਅਤੇ ਉਨ੍ਹਾਂ ਨੂੰ ਉਥੋਂ ਦੀ ਫੌਜ ਨੇ ਫੜ ਲਿਆ ਸੀ। ਅਭਿਨੰਦਨ ਵਰਧਮਾਨ ਨੂੰ ਇਸ ਪਿੱਛੋਂ ਪਹਿਲੀ ਮਾਰਚ ਨੂੰ ਰਿਹਾਅਕੀਤਾ ਗਿਆ ਸੀ। ਇਸ ਹਵਾਈ ਟਕਰਾਅ ਵੇਲੇ ਵਿੰਗ ਕਮਾਂਡਰ ਵੱਲੋਂ ਪਾਕਿਸਤਾਨ ਦਾ ਐਫ-1 ਜਹਾਜ਼ ਡੇਗਣ ਬਾਰੇ ਕਿਹਾ ਗਿਆ ਸੀ। ਵਿੰਗ ਕਮਾਂਡਰ ਨੂੰ ਰਾਸ਼ਟਰਪਤੀ ਵੱਲੋਂ ਵੀਰ ਚੱਕਰ ਨਾਲ ਸਨਮਾਨਤ ਕੀਤਾ ਗਿਆ ਹੈ। ਵੀਰ ਚੱਕਰ ਭਾਰਤ ਦਾ ਤੀਜਾ ਸਭ ਤੋਂ ਵੱਡਾ ਬਹਾਦਰੀ ਸਨਮਾਨ ਹੈ।

ਪਾਕਿਸਤਾਨ ਦੇ ਮੰਤਰਾਲੇ ਨੇ ਕਿਹਾ ਕਿ ਕੌਮਾਂਤਰੀ ਮਾਹਰ ਤੇ ਅਮਰੀਕੀ ਅਧਿਕਾਰੀ ਪਹਿਲਾਂ ਸਪੱਸ਼ਟ ਕਰ ਚੁੱਕੇ ਹਨ ਕਿ ਉਸ ਦਿਨ ਪਾਕਿਸਤਾਨ ਦਾ ਕੋਈ ਐਫ-16 ਨਹੀਂ ਡਿੱਗਿਆ। ਉਨ੍ਹਾਂ ਕਿਹਾ ਕਿ ਪਾਇਲਟ ਦੀ ਰਿਹਾਈ ਇਸ ਗੱਲ ਦੀ ਗਵਾਹੀ ਸੀ ਕਿ ਭਾਰਤ ਦੇ ਹਮਲਾਵਰ ਰੁਖ ਦੇ ਬਾਵਜੂਦ ਪਾਕਿਸਤਾਨ ਸ਼ਾਂਤੀ ਚਾਹੁੰਦਾ ਹੈ। ਪੁਲਵਾਮਾ ਹਮਲੇ ਵਿੱਚ ਸੀ ਆਰ ਪੀ ਐਫ ਦੇ ਚਾਲੀ ਜਵਾਨਾਂ ਦੀ ਮੌਤ ਮਗਰੋਂ ਭਾਰਤ ਨੇ 26 ਫਰਵਰੀ 2019 ਨੂੰ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦ ਕੈਂਪਾਂ ਉਤੇ ਹਮਲਾ ਬੋਲਿਆ ਸੀ।

## ਅਮਰੀਕਾ ਉਤੇ ਚੀਨ ਅਚਾਨਕ ਐਟਮੀ ਹਮਲਾ ਕਰ ਸਕਦੈ

ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਚੀਨ ਦੇ ਮਿਜ਼ਾਈਲ ਪ੍ਰੋਗਰਾਮ ਨੇ ਅਮਰੀਕਾ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਅਮਰੀਕੀ ਫ਼ੌਜ ਦੇ ਇੱਕ ਸਿਖਰਲੇ ਅਧਿਕਾਰੀ ਨੇ ਕਿਹਾ ਹੈ ਕਿ ਚੀਨ ਹਾਈਪਰਸੋਨਿਕ ਤਕਨੀਕ ਵਿੱਚ ਆਪਣੇ ਆਪ ਨੂੰ ਏਨਾ ਵਿਕਸਤ ਕਰ ਚੁੱਕਾ ਹੈ ਕਿ ਉਹ ਇੱਕ ਦਿਨ ਅਮਰੀਕਾ ਉਤੇ ਅਚਾਨਕ ਐਟਮੀ ਹਮਲਾ ਕਰ ਸਕਦਾ ਹੈ। ਸੀ ਬੀ ਐਸ ਨਿਊਜ਼ ਨੂੰ ਦਿੱਤੀ ਇੰਟਰਵਿਊ ਵਿੱਚ ਅਮਰੀਕੀ ਡਿਫੈਂਸ ਫੋਰਸਾਂ ਦੇ ਡਿਪਟੀ ਚੀਫ ਜਨਰਲ ਜੌਹਨ ਹਾਈਟਨ ਨੇ ਕਿਹਾ, ਉਨ੍ਹਾਂ (ਚੀਨ) ਨੇ 27 ਜੁਲਾਈ ਨੂੰ ਲੰਬੀ ਦੂਰੀ ਦੀ ਹਾਈਪਰਸੋਨਿਕ ਮਿਜ਼ਾਈਲ ਦਾ ਤਜਰਬਾ ਕੀਤਾ ਸੀ। ਇਹ ਮਿਜ਼ਾਈਲ ਹਾਈਪਰਸੋਨਿਕ ਗਲਾਈਡ ਵਹੀਕਲ ਨਾਲ ਲਾਂਚ ਕੀਤੀ ਗਈ ਸੀ। ਇਸ ਨੇ ਦੁਨੀਆ ਦਾ ਚੱਕਰ ਲਾਇਆ ਅਤੇ ਵਾਪਸ ਚੀਨ ਜਾ ਪੁੱਜੀ। ਇਸ ਦੌਰਾਨ ਮਿਜ਼ਾਈਲ ਨੇ ਆਵਾਜ਼ ਤੋਂ ਪੰਜ ਗੁਣਾ ਤੇਜ਼ ਰਫ਼ਤਾਰ ਫੜੀ ਸੀ। ਚੀਨ ਦਾ ਕਹਿਣਾ ਹੈ ਕਿ ਉਸ ਨੇ ਮਿਜ਼ਾਈਲ ਨਹੀਂ, ਸਿਰਫ ਪੁਲਾੜ ਯਾਨ ਦਾ ਪ੍ਰੀਖਣ ਕੀਤਾ ਸੀ।

# ਅਮਰੀਕੀ ਬੇੜੇ ਦੇ ਤਾਈਵਾਨ ਖੇਤਰ ਵਿੱਚੋਂ ਲੰਘਣ ਉੱਤੇ ਚੀਨ ਨੂੰ ਫਿਰ ਇਤਰਾਜ਼

ਪੇਈਚਿੰਗ, 24 ਨਵੰਬਰ (ਪੋਸਟ ਬਿਊਰੋ)- ਚੀਨ ਨੇ ਅਮਰੀਕਾ ਦੇ ਜੰਗੀ ਬੇੜੇ ਦੇ ਤਾਈਵਾਨ ਦੇ ਪਾਣੀਆਂ ਵਿੱਚੋਂ ਲੰਘਣ ਉਤੇ ਇਤਰਾਜ਼ ਕੀਤਾ ਅਤੇ ਇਸ ਨੂੰ ਇਸ ਖੇਤਰ ਵਿੱਚ ਸਥਿਰਤਾ ਲਈ ਖਤਰਾ ਕਰਾਰ ਦਿੱਤਾ ਹੈ।

ਇਸ ਬਾਰੇ ਚੀਨ ਨੇ ਕਿਹਾ ਹੈ ਕਿ ਅਜਿਹਾ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ। ਅਮਰੀਕੀ ਸਮੁੰਦਰੀ ਫੌਜ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਿਜ਼ਾਈਲਾਂ ਤਬਾਹ ਕਰਨ ਦੀ ਸਮਰੱਥਾ ਰੱਖਣ ਵਾਲੇ ਯੂ ਐਸ ਐਸ ਮਿਲੀਅਸ ਨੇ ਕੱਲ੍ਹ ਤਾਈਵਾਨ ਦੇ ਸਮੁੰਦਰੀ ਖੇਤਰ ਵਿੱਚ ਰੁਟੀਨ ਗੇੜਾ ਮਾਰਿਆ ਅਤੇ ਉਥੋਂ ਸਿਰਫ ਲੰਘਿਆ ਹੀ ਹੈ।ਉਨ੍ਹਾਂ ਕਿਹਾ ਕਿ ਇਹ ਸਭ ਕੌਮਾਂਤਰੀ ਕਾਨੂੰਨਾਂ ਮੁਤਾਬਕ ਹੈ। ਅਮਰੀਕਾ ਨੇ ਕਿਹਾ ਕਿ ਜਹਾਜ਼ ਦਾ ਉਥੋਂ ਲੰਘਣਾ ਆਜ਼ਾਦ ਤੇ ਖੁੱਲ੍ਹੇ ਹਿੰਦ-ਪ੍ਰਸ਼ਾਂਤ ਖੇਤਰ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



ਸੱਤਵੇਂ ਬੇੜੇ ਦੀ ਵੈਬਸਾਈਟ ਉਤੇ ਪੋਸਟ ਬਿਆਨ ਵਿੱਚ ਕਿਹਾ ਗਿਆ ਹੈ ਕਿ 'ਜਿੱਥੇ ਵੀ ਕੌਮਾਂਤਰੀ ਕਾਨੂੰਨ ਇਜਾਜ਼ਤ ਦਿੰਦਾ ਹੈ, ਅਮਰੀਕਾ ਉਥੋਂ ਲੰਘਦਾ ਤੇ ਉਡਦਾ ਹੈ।'

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਆਨ ਨੇ ਕਿਹਾ ਕਿ ਅਮਰੀਕਾ ਦੇ ਜੰਗੀ ਬੇੜੇ 'ਇਸ ਖੇਤਰ ਵਿੱਚ ਆਵਾਜਾਈ ਦੀ ਆਜ਼ਾਦੀ ਦੇ ਨਾਂਅ ਉਤੇ ਤਾਕਤ ਦਾ ਪ੍ਰਗਟਾਵਾ ਕਰ ਰਹੇ ਹਨ ਤੇ ਮੁਸ਼ਕਲ ਪੈਦਾ ਕਰ ਰਹੇ ਹਨ।' ਝਾਓ ਨੇ ਮੀਡੀਆ ਨੂੰ ਕਿਹਾ ਕਿ ਇਹ ਆਜ਼ਾਦ ਆਵਾਜਾਈ ਪ੍ਰਤੀ ਵਚਨਬੱਧਤਾ ਨਹੀਂ,ਸਗੋਂ ਖੇਤਰੀ ਸ਼ਾਂਤੀ-ਸਥਿਰਤਾ ਨੂੰ ਜਾਣਬੁੱਝ ਕੇ ਵਿਗਾੜਣ ਦਾ ਯਤਨ ਹੈ। ਦੱਸਣਯੋਗ ਹੈ ਕਿ ਅਮਰੀਕੀ ਜਲ ਸੈਨਾ ਦੇ ਜਹਾਜ਼ ਤਾਈਵਾਨ ਨੇੜਿਓਂ ਆਮ ਹੀ ਲੰਘਦੇ ਰਹਿੰਦੇ ਹਨ, ਜੋ ਕਿ ਕੌਮਾਂਤਰੀ ਪਾਣੀ ਹੈ।

# ਕਿਊਬਾ ਦੀ ਮਹਿਲਾ ਵੱਲੋਂ ਮਾਰਾਡੋਨਾ ਉੱਤੇ ਸੈਕਸ ਸ਼ੋਸ਼ਣ ਦਾ ਦੋਸ਼

ਬਿਊਨਸ ਆਇਰਸ, 24 ਨਵੰਬਰ (ਪੋਸਟ ਬਿਊਰੋ)- ਸਵਰਗੀ ਸਟਾਰ ਡਿਏਗੋ ਮਾਰਾਡੋਨਾ ਦੇ ਨਾਲ ਰਿਸ਼ਤੇ ਵਿੱਚ ਰਹੀ ਕਿਊਬਾ ਦੀ ਮਹਿਲਾ ਮਾਵਿਸ ਅਲਵਾਰੇਜ਼ ਨੇ ਇਸ ਫੁੱਟਬਾਲ ਖਿਡਾਰੀ ਵਿਰੁੱਧ ਨਸ਼ੀਲੀਆਂ ਦਵਾਈਆਂ ਦੀ ਆਦਤਪਾਉਣ ਦੇ ਨਾਲ ਜਿਣਸੀ ਸ਼ੋਸ਼ਣ ਦਾ ਦੋਸ਼ ਵੀ ਲਾਇਆ ਹੈ।

ਮਨੁੱਖੀ ਤਸਕਰੀ ਨਾਲ ਜੁੜੇ ਕੇਸ ਵਿੱਚ ਅਰਜਨਟੀਨਾ ਦੀ ਅਦਾਲਤ ਵਿੱਚ ਬਿਆਨ ਦਰਜ ਕਰਾਉਣ ਪਹੁੰਚੀ ਇਸ ਮਹਿਲਾ ਨੇ ਕਿਹਾ ਕਿ ਉਸਨਾਲ ਇਹ ਅੱਤਿਆਚਾਰ ਉਦੋਂ ਸ਼ੁਰੂ ਹੋਇਆ, ਜਦੋਂ ਉਹ ਸਿਰਫ਼ 16 ਸਾਲ ਦੀ ਸੀ।ਕਿਊਬਾ ਨੂੰ ਛੱਡ ਕੇ ਅਮਰੀਕਾ ਵਿੱਚ ਜਾ ਵੱਸੀ ਅਲਵਾਰੇਜ਼ ਨੇ ਕੱਲ੍ਹ ਪੱਤਰਕਾਰਾਂ ਨੂੰ ਦੱਸਿਆ ਕਿ ਫਿਦੇਲ ਕਾਸਤਰੋ ਦੀ ਸਰਕਾਰ ਤੇ ਮਾਰਾਡੋਨਾ ਦੇ ਨੇੜਲੇ ਰਿਸ਼ਤੇ ਕਾਰਨ ਲਗਭਗ ਪੰਜ ਸਾਲ ਦੇ ਉਸ ਦੇ ਰਿਸ਼ਤੇ



ਦੌਰਾਨ ਹੋਏ ਜ਼ੁਲਮ ਦਾ ਖ਼ੁਲਾਸਾ ਨਹੀਂ ਹੋ ਸਕਿਆ ਸੀ।ਫੁੱਟਬਾਲ ਦੇ ਮਹਾਨ ਖਿਡਾਰੀਆਂ ਵਿੱਚੋਂ ਇੱਕ ਮਾਰਾਡੋਨਾ ਦੇ ਵਧੇਰੇ ਮਾਤਰਾ ਵਿੱਚ ਡਰੱਗ ਸੇਵਨ ਕਾਰਨ ਮੌਤ ਦੇ ਕੰਢੇ ਉੱਤੇ ਪਹੁੰਚਣ ਪਿੱਛੋਂ ਕੋਕੀਨ ਦੇ ਇਲਾਜ ਲਈ ਕਈ ਸਾਲ ਕਿਊਬਾ ਵਿੱਚ ਬਿਤਾਏ ਸਨ।

37 ਸਾਲਾ ਅਲਵਾਰੇਜ਼ ਮਨੁੱਖੀ ਤਸਕਰੀ ਦੀ ਮੁੱਢਲੀ ਜਾਂਚ ਵਿੱਚ ਸਹਿਯੋਗ ਲਈ ਅਰਜਨਟੀਨਾ ਦੀ ਕੋਰਟਵਿੱਚ ਗਵਾਹੀ ਦੇਣ ਲਈ ਪਿਛਲੇ ਹਫ਼ਤੇ ਬਿਊਨਸ ਆਇਰਸ ਪਹੁੰਚੀ। ਮਾਰਾਡੋਨਾ ਦੀ ਪਿਛਲੇ ਸਾਲ ਨਵੰਬਰ ਵਿੱਚ ਮੌਤ ਹੋ ਗਈ ਸੀ, ਪਰ ਮਹਿਲਾ ਦੇ ਕਾਨੂੰਨੀ ਪ੍ਰਤੀਨਿਧੀ ਸਾਬਕਾ ਫੁੱਟਬਾਲ ਦੇ ਨੇੜਲੇ ਸਹਿਯੋਗੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਵਿੱਚ ਉਸ ਦੇ ਸਾਬਕਾ ਮੈਨੇਜਰ ਗਿਲਰਮੋ ਕੋਪੋਲਾਤੇ ਸੰਨ 2000 ਦੇ ਸ਼ੁਰੂ ਵਿੱਚ ਉਸ ਦੇ ਨਾਲ ਕਿਊਬਾ ਵਿੱਚ ਰਹਿਣ ਵਾਲੇ ਅਰਜਨਟੀਨਾ ਦੇ ਉਸਦੇ ਦੋਸਤ ਸ਼ਾਮਲ ਹਨ।


# ਹਿੱਟ ਐਂਡ ਰੰਨ ਮਾਮਲੇ ਵਿੱਚ 60 ਸਾਲਾ ਵਿਅਕਤੀ ਜ਼ਖ਼ਮੀ

ਮਿਸੀਸਾਗਾ, 25 ਨਵੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਇੱਕ ਵਿਅਕਤੀ ਨੂੰ ਟੱਕਰ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਤੇ ਗੱਡੀ ਮੌਕੇ ਤੋਂ ਫਰਾਰ ਹੋ ਗਈ।

ਇਸ ਘਟਨਾ ਵਿੱਚ ਜ਼ਖ਼ਮੀ ਹੋਏ 60 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਵਿੱਚ ਪੀਲ ਪੁਲਿਸ ਇੱਕ ਚਿੱਟੇ ਰੰਗ ਦੀ ਸੇਡਾਨ ਦੀ ਭਾਲ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਹਾਈਵੇਅ 427 ਤੇ ਡੈਰੀ ਰੋਡ ਨੇੜੇ ਨੈਦਰਬ੍ਰੇਅ ਰੋਡ ਤੇ ਡਾਰਸਲ ਐਵਨਿਊ ਉੱਤੇ ਸਵੇਰੇ 6:00 ਵਜੇ ਤੋਂ ਪਹਿਲਾਂ ਟੱਕਰ ਮਾਰੀ ਗਈ।

ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਹਾਲ ਦੀ ਘੜੀ ਇਸ ਇਲਾਕੇ ਵਿੱਚ ਸੜਕਾਂ ਨੂੰ ਬੰਦ ਰੱਖਿਆ ਗਿਆ ਹੈ।

# ਟੀਡੀਐਸਬੀ ਨੇ 330 ਸਟਾਫ ਮੈਂਬਰਾਂ ਨੂੰ ਭੇਜਿਆ ਛੁੱਟੀ ਉੱਤੇ




ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦਾ ਕਹਿਣਾ ਹੈ ਕਿ ਬੋਰਡ ਦੇ ਵੈਕਸੀਨੇਸ਼ਨ ਨਿਯਮਾਂ ਨੂੰ ਨਾ ਮੰਨਣ ਵਾਲੇ 300 ਤੋਂ ਵੱਧ ਸਟਾਫ ਮੈਂਬਰਾਂ ਨੂੰ ਅੱਜ ਤੋਂ ਪ੍ਰਸ਼ਾਸਕੀ ਛੁੱਟੀ ਉੱਤੇ ਭੇਜ ਦਿੱਤਾ ਗਿਆ ਹੈ।

ਮਾਪਿਆਂ ਨੂੰ ਭੇਜੇ ਮੈਮੋ ਵਿੱਚ ਟੀਡੀਐਸਬੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਆਪਣੇ ਵੈਕਸੀਨੇਸ਼ਨ ਸਟੇਟਸ ਬਾਰੇ ਜਾਣਕਾਰੀ ਦੇਣ ਤੋਂ ਅਸਫਲ ਰਹਿਣ ਵਾਲੇ 330 ਸਟਾਫ ਮੈਂਬਰਾਂ ਨੂੰ ਬਿਨਾਂ ਤਨਖਾਹ ਗੈਰ ਅਨੁਸ਼ਾਸਕੀ ਪ੍ਰਸ਼ਾਸਕੀ ਛੁੱਟੀ ਉੱਤੇ ਭੇਜਿਆ ਗਿਆ ਹੈ। ਮੈਮੋ ਵਿੱਚ ਆਖਿਆ ਗਿਆ ਕਿ ਅਸੀਂ ਨਹੀਂ ਚਾਹੁੰਦੇ ਸੀ ਕਿ ਵਿਦਿਆਰਥੀਆਂ ਉੱਤੇ ਇਸ ਦਾ ਨਕਾਰਾਤਮਕ ਅਸਰ ਪਵੇ ਜਾਂ ਉਨ੍ਹਾਂ ਦੀ ਭਲਾਈ ਤੇ ਸੇਫਟੀ ਨੂੰ ਕੋਈ ਖਤਰਾ ਹੋਵੇ। ਇਸ ਪਲੈਨ ਦੇ ਹਿੱਸੇ ਵਜੋਂ ਇਨ੍ਹਾਂ ਸਟਾਫ ਮੈਂਬਰਾਂ ਦੀ ਥਾਂ ਉੱਤੇ ਕੈਯੂਅਲ ਸਟਾਫ ਨੂੰ ਲਾਇਆ ਜਾ ਰਿਹਾ ਹੈ। ਬੋਰਡ ਨੇ ਆਖਿਆ ਕਿ ਉਨ੍ਹਾਂ ਨੇ 290 ਸਟਾਫ ਮੈਂਬਰਾਂ, ਜਿਨ੍ਹਾਂ ਵਿੱਚ ਸਪੈਸ਼ਲ ਨੀਡਜ਼ ਅਸਿਸਟੈਂਟਸ, ਡੈਸੀਗਨੇਟਿਡ ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਲੰਚਰੂਮ ਸੁਪਰਵਾਈਜ਼ਰਜ਼, ਨੂੰ ਆਰਜ਼ੀ ਛੋਟ ਵੀ ਦਿੱਤੀ ਹੈ।

# ਐਟਲਾਂਟਾ ਹਵਾਈ ਅੱਡੇ ਉਤੇ ਗੋਲੀ ਚੱਲਣ ਕਾਰਨ ਅਫਰਾ-ਤਫੜੀ

ਐਟਲਾਂਟਾ, 25 ਨਵੰਬਰ (ਪੋਸਟ ਬਿਊਰੋ)- ਏਥੇ ਹਵਾਈ ਅੱਡੇ ਉੱਤੇ ਤਲਾਸ਼ੀ ਦੌਰਾਨ ਇੱਕ ਬੰਦੂਕ ਵਿੱਚੋਂ ਅਚਾਨਕ ਗੋਲੀ ਚੱਲਣ ਕਾਰਨ ਅਫਰਾ-ਤਫੜੀ ਮੱਚ ਗਈ। ਇੱਕ ਯਾਤਰੀ ਸੁਰੱਖਿਆ ਨਾਕੇ ਉੱਤੇਚੈਕਿੰਗ ਦੀ ਉਡੀਕ ਕਰ ਰਿਹਾ ਸੀ ਅਤੇ ਉਸ ਨੇ ਬੈਗ ਵਿਚ ਹਥਿਆਰ ਲੁਕੋਇਆ ਹੋਇਆ ਸੀ। ਜਦ ਇਹ ਸਕੈਨਰ ਵਿੱਚ ਆ ਗਿਆ ਤੇ ਚੈਕਰ ਨੇ ਇਸ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਤੇ ਇਹ ਚੱਲ ਗਿਆ। ਇਸ ਤੋਂ ਬਾਅਦ ਹਵਾਈ ਅੱਡੇ ਉੱਤੇ ਭਾਜੜ ਮਚ ਗਈ। ਇਸ ਕਾਰਨ ਕੁਝ ਦੇਰ ਲਈ ਉਡਾਣਾਂ ਰੋਕਣੀਆਂ ਪਈਆਂ। ਇਸ ਦੌਰਾਨ ਵਿਅਕਤੀ ਉਥੋਂ ਫਰਾਰ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਫਰਾਰ ਹੋਏ ਵਿਅਕਤੀ ਦੀ ਸ਼ਨਾਖਤ 42 ਸਾਲਾ ਕੈਨੀ ਵੈਲਜ਼ ਵਜੋਂ ਹੋਈ ਹੈ।ਪੁਲਸ ਨੇ ਕਿਹਾ ਕਿ ਦੋਸ਼ੀ ਉਤੇ ਯਾਤਰੀ ਹਵਾਈ ਅੱਡੇ ਉੱਤੇ ਹਥਿਆਰ ਲੁਕੋ ਕੇ ਲਿਆਉਣ ਸਣੇ ਹੋਰ ਦੋਸ਼ਾਂ ਬਾਰੇ ਧਾਰਾਵਾਂ ਲਾਈਆਂ ਗਈਆਂ ਹਨ। ਉਸ ਦੇ ਖਿਲਾਫ ਵਾਰੰਟ ਕੱਢਿਆ ਗਿਆ ਹੈ। ਹਵਾਈ ਅੱਡੇ ਦੇ ਪ੍ਰਸ਼ਾਸਨ ਦੇ ਮੁਤਾਬਕ ਤਿੰਨ ਜਣਿਆਂ ਨੂੰ ਹਲਕੀਆਂ ਸੱਟਾਂ ਲੱਗੀਆਂ ਹਨ, ਪਰ ਕਿਸੇ ਦੇ ਗੋਲੀ ਲੱਗਣ ਤੋਂ ਬਚਾਅ ਰਿਹਾ।

# ਸੀਨੀਅਰ ਸਿਟੀਜ਼ਨਾਂ ਦੀਆਂ ਮੰਗਾਂ ਪ੍ਰਤੀ ਮੰਤਰੀ ਕਮਲ ਖਹਿਰਾ ਦਾ ਹਾਂ-ਪੱਖੀ ਹੁੰਗਾਰਾ

## ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਵਫ਼ਦ ਨੇ ਕਮਲ ਖਹਿਰਾ ਨਾਲ ਕੀਤੀ ਮੁਲਾਕਾਤ



ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਬੀਤੇ ਦਿਨੀ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦਾ ਵਫ਼ਦ ਪ੍ਰਧਾਨ ਹਰਦਿਆਲ ਸਿੰਘ ਸੰਧ ਅਤੇ ਕਾਰਜਕਾਰਨੀ ਦੇ ਮੈਂਬਰਾਂ ਜੰਗੀਰ ਸਿੰਘ ਸੈਂਹਬੀ ਤੇ ਕਰਤਾਰ ਸਿੰਘ ਚਾਹਲ ਸਮੇਤ ਫ਼ੈੱਡਰਲ ਸਰਕਾਰ ਦੇ ਸੀਨੀਅਰਜ਼ ਲਈ ਮੰਤਰੀ ਕਮਲ ਖਹਿਰਾ ਨੂੰ ਉਨ੍ਹਾਂ ਦੇ ਬਰੈਂਪਟਨ ਵਿਚਲੇ ਦਫ਼ਤਰ ਵਿਚ ਮਿਲਿਆ। ਮੀਟਿੰਗ ਸਦਭਾਵਨਾ ਭਰੇ ਪਰਿਵਾਰਿਕ ਮਾਹੌਲ ਵਿਚ ਹੋਈ। ਇਸ ਵਿਚ ਵਫ਼ਦ ਵੱਲੋਂ ਉਠਾਈਆਂ ਗਈਆਂ ਸੀਨੀਅਰਜ਼ ਦੀਆਂ ਮੰਗਾਂ ਨੂੰ ਕਮਲ ਖਹਿਰਾ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਮੰਗਾਂ ਦੀ ਪੂਰਤੀ ਲਈ ਉਨ੍ਹਾਂ ਵੱਲੋਂ ਵਫ਼ਦ ਨੂੰ ਭਰੋਸਾ ਦਿੱਤਾ ਗਿਆ।

ਮੀਟਿੰਗ ਦੀ ਸ਼ੁਰੂਆਤ ਕਲੱਬ ਦੇ ਵਫ਼ਦ ਵੱਲੋਂ ਬੀਬੀ ਕਮਲ ਖਹਿਰਾ ਨੂੰ ਮੰਤਰੀ ਬਣਨ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਨ੍ਹਾਂ ਨੂੰ ਮੰਤਰੀ ਬਨਾਉਣ ਲਈ ਵਧਾਈ ਨਾਲ ਹੋਈ। ਉਪਰੰਤ, ਵਫ਼ਦ ਵੱਲੋਂ ਉਨ੍ਹਾਂ ਨਾਲ ਵਿਚਾਰੀਆਂ ਗਈਆਂ ਮੰਗਾਂ ਵਿਚ ਸ਼ਾਮਲ ਇਮੀਗ੍ਰੇਸ਼ਨ ਲਈ ਲਾਟਰੀ ਸਿਸਟਮ ਵਿਚ ਕਮੀਆਂ-ਪੇਸ਼ੀਆਂ ਦੂਰ ਕਰਨ, ਬਜ਼ੁਰਗਾਂ ਦੀ ਪੈਂਨਸ਼ਨ ਵਧਾਉਣ, ਸਸਤੇ ਘਰਾਂ ਦੀ ਲੋੜ, ਆਦਿ ਮੰਨਣ ਲਈ ਲੋੜੀਂਦੇ ਕਦਮ ਚੁੱਕਣ ਦਾ ਭਰੋਸਾ ਦਿੱਤਾ ਗਿਆ। ਕਮਲ ਖਹਿਰਾ ਨੇ ਦੱਸਿਆ ਕਿ ਸਸਤੇ ਘਰਾਂ ਦੀ ਘਾਟ ਦੂਰ ਕਰਨ ਲਈ ਅਮਲ ਆਰੰਭ ਹੋ ਗਿਆ ਹੈ ਅਤੇ ਇਨ੍ਹਾਂ ਦੀ ਅਲਾਟਮੈਂਟ ਦਾ ਕੰਮ ਵੀ ਜਲਦੀ ਆਰੰਭ ਹੋ ਜਾਏਗਾ। 75 ਸਾਲ ਤੋਂ ਉੱਪਰਲੇ ਸੀਨੀਅਰਾਂ ਦੀ ਵਧੀ ਹੋਈ ਪੈਂਨਸ਼ਨ ਵਾਂਗ 65 ਸਾਲ ਤੋਂ ਉੱਪਰਲੇ ਸੀਨੀਅਰਾਂ ਲਈ ਸਿੰਗਲਜ਼ ਅਤੇ ਦੰਪਤੀ ਲਈ ਇਹ ਰਕਮ 500 ਤੇ 750 ਡਾਲਰ ਕਰਨ ਲਈ ਅਗਲੇ ਸਾਲ ਦੇ ਬੱਜਟ ਵਿਚ ਲੋੜੀਂਦੀ ਰਾਸ਼ੀ ਰੱਖੀ ਜਾਏਗੀ ਅਤੇ ਜੂਨ 2022 ਤੋਂ ਇਹ ਵਾਧਾ ਹੋ ਜਾਏਗਾ।

ਮੁਲਾਕਾਤ ਦੌਰਾਨ ਵਫ਼ਦ ਨੇ ਮੰਤਰੀ ਜੀ ਨੂੰ ਦੱਸਿਆ ਗਿਆ ਕਿ ਲਾਟਰੀ ਸਿਸਟਮ ਰਾਹੀਂ ਮਾਪਿਆਂ ਨੂੰ ਪੀ.ਆਰ. ਦੇਣ ਦੀ ਪ੍ਰਕਿਰਿਆ ਸਹੀ ਨਹੀਂ ਹੈ। ਇਸ ਨਾਲ ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਤੋਂ ਟੈਕਸ ਬਾਕਾਇਦਾ ਭਰਨ ਵਾਲਿਆਂ ਦੇ ਮਾਪਿਆਂ ਦੇ ਕੇਸ ਰਹਿ ਜਾਂਦੇ ਹਨ ਅਤੇ ਲਾਟਰੀ ਵਿਚ ਆਉਣ ਵਾਲੇ ਸਫ਼ਲ ਹੋ ਜਾਂਦੇ ਹਨ। ਮੰਤਰੀ ਨੇ ਪਾਰਲੀਮੈਂਟ ਦੇ ਅਗਲੇ ਸੈਸ਼ਨ ਵਿਚ ਇਹ ਮਾਮਲਾ ਲਿਆਉਣ ਦੀ ਗੱਲ ਕਹੀ। ਏਸੇ ਤਰ੍ਹਾਂ ਓ.ਏ.ਐੱਸ. ਅਤੇ ਜੀ.ਆਈ.ਐੱਸ. ਵਿਚ ਵਾਧੇ ਬਾਰੇ ਵੀ ਮੰਤਰੀ ਨਾਲ ਲੰਮਾ ਵਿਚਾਰ-ਵਟਾਂਦਰਾ ਹੋਇਆ। ਜਦੋਂ ਉਨ੍ਹਾਂ ਨਾਲ ਸਿਟੀਜ਼ਨਸ਼ਿਪ ਲਈ ਦਿੱਤੀ ਜਾਣ ਵਾਲੀ 630 ਡਾਲਰ ਦੀ ਫ਼ੀਸ ਘੱਟ ਕਰਨ ਦੀ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਖ਼ਤਮ ਹੀ ਕਰ ਦਿੱਤੀ ਜਾਏਗੀ। 2014 ਤੋਂ ਪਹਿਲਾਂ ਵਾਂਗ ਸਪਾਂਸਰਸ਼ਿਪ ਦਾ ਸਮਾਂ 10 ਸਾਲ ਰੱਖਣ, ਸੀਨੀਅਰਜ਼ ਲਈ ਵਰਕਿੰਗ ਇਨਕਮ ਦੀ ਹੱਦ 5,000 ਡਾਲਰ ਤੋਂ ਵਧਾ ਕੇ 10,000 ਡਾਲਰ ਕਰਨ ਅਤੇ ਪੈਂਨਸ਼ਨ ਨੂੰ ਪ੍ਰਾਈਸ ਇੰਡੈਕਸ ਨਾਲ ਜੋੜਨ ਬਾਰੇ ਬੀਬੀ ਕਮਲ ਖਹਿਰਾ ਦਾ ਕਹਿਣਾ ਸੀ ਕਿ ਇਨ੍ਹਾਂ ਉੱਪਰ ਹਮਦਰਦੀ ਵਿਚਾਰ ਕੀਤਾ ਜਾਏਗਾ। ਉਨ੍ਹਾਂ ਇਸ ਸਾਰੇ ਮਸਲੇ ਉਨ੍ਹਾਂ ਦੇ ਧਿਆਨ ਵਿਚ ਲਿਆਉਣ ਲਈ ਵਫ਼ਦ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

# ਏਟੀਐਮ ਚੋਰੀ ਕਰਨ ਵਾਲਾ ਇੱਕ ਕਾਬੂ, ਦੂਜੇ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਮਿਸੀਸਾਗਾ ਵਿੱਚ ਇੱਕ ਪਿੱਕਅੱਪ ਟਰੱਕ ਡਰਾਈਵਰ ਵੱਲੋਂ ਏਟੀਐਮ ਹੀ ਪੁੱਟ ਦਿੱਤਾ ਗਿਆ। ਇਸ ਸਬੰਧ ਵਿੱਚ ਪੀਲ ਰੀਜਨ ਦੀ ਪੁਲਿਸ ਵੱਲੋਂ ਸਰਵੇਲੈਂਸ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਅਜਿਹੀਆਂ ਹੀ ਘਟਨਾਵਾਂ ਦੀ ਜਾਂਚ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਪੁਲਿਸ ਨੇ ਆਖਿਆ ਕਿ ਕਮਰਸ਼ੀਅਲ ਤੇ ਏਟੀਐਮ ਚੋਰੀ ਸਬੰਧੀ ਤਿੰਨ ਮਹੀਨਿਆਂ ਤੋਂ ਕੀਤੀ ਜਾ ਰਹੀ ਜਾਂਚ ਦਰਮਿਆਨ ਉਨ੍ਹਾਂ ਵੱਲੋਂ 19 ਨਵੰਬਰ ਨੂੰ ਬਰੈਂਪਟਨ ਵਿੱਚ ਦੋ ਸਰਚ ਵਾਰੰਟ ਕਢਵਾਏ ਗਏ। ਉਸ ਸਮੇਂ ਹੀ ਪੁਲਿਸ ਦੇ ਹੱਥ ਕਈ ਤਰ੍ਹਾਂ ਦੇ ਸੰਦ, ਨਕਦੀ ਤੇ ਕੱਪੜੇ ਲੱਗੇ। ਇਸ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਬਰੈਂਪਟਨ ਦੇ 36 ਸਾਲਾ ਕੀਥ ਬਰੁੱਕਜ਼ ਨੂੰ ਚਾਰਜ ਕੀਤਾ ਗਿਆ ਹੈ।

ਉਸ ਨੂੰ ਬ੍ਰੇਕ ਐਂਡ ਐਂਟਰ ਦੇ 36 ਮਾਮਲਿਆਂ, ਮੁਜਰਮਾਨਾਂ ਕਾਰਵਾਈ ਨੂੰ ਅੰਜਾਮ ਦੇਣ ਲਈ ਭੇਸ ਬਦਲਣ ਦੇ 27 ਮਾਮਲਿਆਂ ਲਈ ਚਾਰਜ ਕੀਤਾ ਗਿਆ ਹੈ। ਜਾਂਚ ਦੀ ਸਾਰੀ ਤਫਸੀਲ ਜਾਰੀ ਨਹੀਂ ਕੀਤੀ ਗਈ ਪਰ ਪੁਲਿਸ ਨੇ ਦੋ ਚੋਰੀਆਂ ਦੀ ਵੀਡੀਓ ਜਾਰੀ ਕੀਤੀ ਹੈ। ਪਹਿਲੀ ਵੀਡੀਓ 27 ਅਕਤੂਬਰ ਦੀ ਹੈ। ਇਸ ਵਿੱਚ ਇੱਕ ਵਿਅਕਤੀ ਏਟੀਐਮ ਨੂੰ ਖੋਲ੍ਹਣ ਲਈ ਪਾਵਰ ਟੂਲ ਦੀ ਵਰਤੋਂ ਕਰ ਰਿਹਾ ਨਜ਼ਰ ਆ ਰਿਹਾ ਹੈ ਤੇ ਦੂਜੇ ਵੱਲੋਂ ਦਰਵਾਜ਼ਾ ਖੋਲ੍ਹ ਕੇ ਰੱਖਿਆ ਗਿਆ ਹੈ।

ਦੂਜੀ ਵੀਡੀਓ 11 ਨਵੰਬਰ ਨੂੰ ਰਿਕਾਰਡ ਕੀਤੀ ਗਈ ਹੈ। ਇਸ ਵਿੱਚ ਮਿਸੀਸਾਗਾ ਦੇ ਇੱਕ ਏਟੀਐਮ ਦੀ ਲੋਕੇਸ਼ਨ ਨਜ਼ਰ ਆ ਰਹੀ ਹੈ। ਇੱਕ ਵਿਅਕਤੀ ਗੱਡੀ ਨਾਲ ਜੁੜੀ ਕੇਬਲ ਨਾਲ ਏਟੀਐਮ ਪੁੱਟ ਕੇ ਹੀ ਲਿਜਾਂਦਾ ਨਜ਼ਰ ਆ ਰਿਹਾ ਹੈ। ਦੂਜੇ ਮਸ਼ਕੂਕ ਦੀ ਪੁਲਿਸ ਵੱਲੋਂ ਅਜੇ ਵੀ ਭਾਲ ਕੀਤੀ ਜਾ ਰਹੀ ਹੈ। ਉਸ ਦੀ ਪਛਾਣ ਬਰੈਂਪਟਨ ਦੇ 36 ਸਾਲਾ ਸ਼ਾਅਨ ਮੂਰ ਵਜੋਂ ਕੀਤੀ ਗਈ ਹੈ।

# ਲੁਟੇਰਿਆਂ ਨੇ ਮੋਚੀ ਦਾ ਕਤਲ ਕਰ ਕੇ ਲਾਸ਼ ਥਾਣੇ ਨੇੜੇ ਸੁੱਟੀ

ਭਿੱਖੀਵਿੰਡ, 25 ਨਵੰਬਰ (ਪੋਸਟ ਬਿਊਰੋ)- ਭਿੱਖੀਵਿੰਡ ਥਾਣੇ ਦੇ ਸਾਹਮਣੇ ਜੁੱਤੀਆਂ ਗੰਢਣ ਵਾਲੇ ਇੱਕ ਵਿਅਕਤੀ ਦਾ ਅਣਪਛਾਤੇ ਵਿਅਕਤੀਆਂ ਨੇ ਲੁੱਟ ਦੀ ਨੀਤ ਨਾਲ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਥਾਣੇ ਅੱਗੇ ਬਣੀ ਦੁਕਾਨ ਦੇ ਬਾਹਰ ਸੁੱਟ ਦਿੱਤੀ। ਮ੍ਰਿਤਕ ਦੀ ਪਛਾਣ ਗੋਪੀ ਰਾਮ ਪੁੱਤਰ ਰੂਪਾ ਰਾਮ ਵਾਸੀ ਵਾਰਡ ਨੰਬਰ 11 ਵਜੋਂ ਹੋਈ ਹੈ।

ਪਰਵਾਰਕ ਮੈਂਬਰਾਂ ਅਨੁਸਾਰ ਗੋਪੀ ਰਾਮ ਕੱਲ੍ਹ ਜੁੱਤੀਆਂ ਗੰਢਣ ਲਈ ਦੁਕਾਨ ਉੱਤੇ ਗਿਆ ਸੀ, ਪਰ ਵਾਪਸ ਨਹੀਂ ਆਇਆ। ਪਰਵਾਰ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਗੋਪੀ ਰਾਮ ਸ਼ਾਮ ਤੋਂ ਲਾਪਤਾ ਸੀ ਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਉਸ ਨੂੰ ਲੁੱਟ ਦੀ ਨੀਤ ਨਾਲ ਲੁਟੇਰਿਆਂ ਨੇ ਅਗਵਾ ਕੀਤਾ ਸੀ। ਕੱਲ੍ਹ ਤੜਕੇ ਗੋਪੀ ਦੇ ਕਤਲ ਦੀ ਜਾਣਕਾਰੀ ਮਿਲਣ ਮਗਰੋਂ ਉਹ ਮੌਕੇ ਉੱਤੇ ਪੁੱਜੇ। ਪਰਵਾਰ ਨੇ ਦੱਸਿਆ ਕਿ ਗੋਪੀ ਨੇ ਬੀਤੀ ਸ਼ਾਮ ਕਮੇਟੀਆਂ ਦੇ ਕੁਝ ਪੈਸੇ ਇਕੱਠੇ ਕੀਤੇ ਸਨ, ਜੋ ਦੋ ਲੱਖ ਦੇ ਕਰੀਬ ਬਣਦੇ ਸਨ। ਉਨ੍ਹਾਂ ਦੱਸਿਆ ਕਿ ਲੁਟੇਰੇ ਇਹ ਰਕਮ ਲੁੱਟਣ ਮਗਰੋਂ ਗੋਪੀ ਰਾਮ ਦਾ ਕਤਲ ਕਰ ਕੇ ਉਸ ਦੀ ਲਾਸ਼ ਥਾਣੇ ਦੇ ਸਾਹਮਣੇ ਦੁਕਾਨ ਅੱਗੇ ਸੁੱਟ ਗਏ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਪੰਜਾਬੀ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਗਏ ਮੁੱਖ ਮੰਤਰੀ ਚੰਨੀ ਦੇ ਵੱਡੇ ਐਲਾਨ



ਪਟਿਆਲਾ, 25 ਨਵੰਬਰ, (ਪੋਸਟ ਬਿਊਰੋ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨਾਲ ਮੀਟਿੰਗ ਲਈ ਪੁੱਜੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿੱਤੀ ਸੰਕਟ ਵਿੱਚ ਫਸੀ ਇਸਯੂਨੀਵਰਸਿਟੀ ਨੂੰ 390 ਕਰੋੜ ਰੁਪਏ ਦਾ ਪੈਕੇਜ ਦੇਣ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਯੂਨੀਵਰਸਿਟੀ ਦਾ 150 ਕਰੋੜ ਰੁਪਏ ਦਾ ਸਾਰਾ ਕਰਜ਼ਾ ਪੰਜਾਬ ਸਰਕਾਰ ਦੇ ਸਿਰ ਲੈਕੇ ਕਿਹਾ ਕਿ ਇਹ ਕਰਜ਼ਾ ਪੰਜਾਬ ਸਰਕਾਰ ਭਰੇਗੀ। ਉਨ੍ਹਾਂ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ ਸਾਢੇ 9 ਕਰੋੜ ਰੁਪਏ ਮਹੀਨਾ ਗ੍ਰਾਂਟ ਨੂੰ 20 ਕਰੋੜ ਰੁਪਏ ਮਹੀਨਾਵਿੱਚਬਦਲਦਿੱਤਾ ਹੈ। ਇਸ ਨਾਲ ਯੂਨੀਵਰਸਿਟੀ ਨੂੰ ਸਲਾਨਾ 240 ਕਰੋੜ ਰੁਪਏ ਮਿਲਣਗੇ। ਜੇਮੁੱਖ ਮੰਤਰੀ ਦੇ ਹੁਕਮ ਲਾਗੂ ਹੋ ਗਏ ਤਾਂ ਚਿਰਾਂ ਤੋਂ 400 ਕਰੋੜ ਰੁਪਏ ਦੀ ਮਦਦ ਮੰਗਦੀ ਆਈ ਯੂਨੀਵਰਸਿਟੀ ਲਈ ਇਹ ਕਰਿਸ਼ਮੇ ਤੋਂ ਘੱਟ ਨਹੀਂ ਹੋਵੇਗਾ।ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਅਸੀਂ ਪੰਜਾਬਵਿੱਚ ਐਜੂਕੇਸ਼ਨ ਦਾ ਨਵਾਂ ਮਾਡਲ ਲੈ ਕੇ ਆਵਾਂਗੇ ਤੇ ਵਿਦਿਅਕ ਅਦਾਰੇ ਖੜੇ ਕਰਾਂਗੇ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀਵਿੱਚ ਆਮ ਤੇ ਮਿਡਲ ਕਲਾਸ ਲੋਕਾਂ ਦੇ ਬੱਚੇ ਵੱਧ ਪੜ੍ਹਦੇ ਹਨ, ਇਸ ਲਈ ਅਸੀਂ ਇਸ ਨੂੰ ਬਚਾ ਕੇ ਲੋਕਾਂ ਨੂੰ ਰਾਹਤ ਦੇਣੀ ਹੈ। ਉਨ੍ਹਾਂ ਕਿਹਾ ਕਿ 15 ਸਾਲਾਂ ਤੋਂ ਕਿਸੇ ਨੇ ਇਸਯੂਨੀਵਰਸਿਟੀਦਾ ਧਿਆਨ ਨਹੀਂ ਕੀਤਾ,ਅੱਗੇ ਤੋਂਏਦਾਂ ਨਹੀਂ ਹੋਵੇਗਾ।

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਡਾ: ਅਰਵਿੰਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 30 ਕਰੋੜ ਰੁਪਏ ਯੂਨੀਵਰਸਿਟੀ ਦੇ ਮੁਲਾਜ਼ਮਾਂ ਦੀਆਂ ਮਾਸਿਕ ਤਨਖਾਹਾਂ ਹਨ ਤੇ ਯੂਨੀਵਰਸਿਟੀ ਨੂੰ ਸਿਰਫ਼ 10 ਕਰੋੜ ਰੁਪਏ ਇਕੱਠੇ ਹੁੰਦੇ ਹੋਣ ਕਰ ਕੇ 20 ਕਰੋੜ ਕਰਜ਼ਾ ਚੁੱਕਣਾ ਪੈਂਦਾ ਹੈ, ਇਸ ਲਈ ਸਰਕਾਰ ਸਾਢੇ 9 ਕਰੋੜ ਦੀ ਜਗ੍ਹਾ ਉਨ੍ਹਾਂ ਨੂੰ 20 ਕਰੋੜ ਦੇਵੇ, ਜਿਸਨੂੰ ਮੁੱਖ ਮੰਤਰੀ ਨੇ ਤੁਰੰਤ ਮੰਨ ਲਿਆ।

# ਚੰਨੀ ਸਰਕਾਰ ਵੱਲੋਂ ਕੇਬਲ ਦੇ ਰੇਟ ਤੈਅ ਕਰਨ ’ਤੇ ਕੇਬਲ ਆਪ੍ਰੇਟਰਾਂ ’ਚ ਰੋਸ

## * ਸਰਕਾਰ ਬੇਤੁਕੇ ਬਿਆਨ ਦੇ ਕੇ ਲੋਕਾਂ ਨੂੰ ਗੁੰਮਰਾਹ ਨਾ ਕਰੇ-ਕੇਬਲ ਆਪ੍ਰੇਟਰਜ਼

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ 'ਚ ਕੇਬਲ ਦਾ ਰੇਟ ਤੈਅ ਕਰਨਾ ਸੂਬੇ ਦਾ ਨਹੀਂ, ਬਲਕਿ ਕੇਂਦਰ ਸਰਕਾਰ ਦਾ ਅਧਿਕਾਰ ਖੇਤਰ ਹੈ। ਕੇਬਲ ਟੀ ਵੀ ਦਾ ਕਾਰੋਬਾਰ (ਟੀ ਆਰ ਏ ਆਈ) ਟਰਾਈ ਦੇ ਅਧੀਨ ਆਉਂਦਾ ਹੈ ਅਤੇ 3 ਮਾਰਚ 2017 ਨੂੰ 200 ਚੈਨਲਾਂ ਲਈ ਲਾਗੂ ਹੋਏ ਨਵੇਂ ਰੇਟ ਟੈਰਿਫ਼ ਮੁਤਾਬਿਕ ਨੈਟਵਰਕ ਕੈਪਿਸਟੀ ਫ਼ੀਸ (ਐਨ ਸੀ ਐਫ) ਅਨੁਸਾਰ 130 ਰੁਪਏ ਪ੍ਰਤੀ ਮਹੀਨਾ ਤੈਅ ਕੀਤੀ ਗਈ ਹੈ। ਇਸ ਕਰਕੇ ਚੰਨੀ ਸਰਕਾਰ ਆ ਰਹੀਆਂ ਚੋਣਾਂ ਨੂੰ ਮੁੱਖ ਰੱਖ ਕੇ ਬੇਤੁਕੇ ਬਿਆਨ ਦੇ ਕੇ ਲੋਕਾਂ ਨੂੰ ਗੁੰਮਰਾਹ ਨਾ ਕਰੇ। ਇਹ ਵਿਚਾਰ ਕੱਲ੍ਹ ਇੱਥੇ ਪ੍ਰੈਸ ਕਾਨਫ਼ਰੰਸ ਦੌਰਾਨ ਸੁਰਜੀਤ ਸਿੰਘ ਸਨੀ ਗਿੱਲ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਮੁੱਖ ਮੰਤਰੀ ਵੱਲੋਂ ਕੇਬਲ ਦਾ ਬਿੱਲ 100 ਰੁਪਏ ਪ੍ਰਤੀ ਮਹੀਨਾ ਦੇਣ ਦੇ ਬਿਆਨ ਸਬੰਧੀ ਕੇਬਲ ਆਪ੍ਰੇਟਰਾਂ ਨੇ ਕਿਹਾ ਕਿ ਪੰਜਾਬ 'ਚ ਪੰਜ ਹਜ਼ਾਰ ਦੇ ਕਰੀਬ ਕੇਬਲ ਆਪ੍ਰੇਟਰ ਹਨ ਜੋ 18 ਲੱਖ ਗ੍ਰਾਹਕਾਂ ਨੂੰ ਕੇਬਲ ਟੀ ਵੀ ਦੀ ਸਹੂਲਤ ਦੇ ਰਹੇ ਹਨ ਤੇ ਇਸ ਕਿੱਤੇ ਨੇ ਲੱਗਭਗ ਵੀਹ ਹਜ਼ਾਰ ਦੇ ਕਰੀਬ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਚੰਨੀ ਇਸ ਸਬੰਧੀ ਐਲਾਨ ਨਹੀਂ ਨੋਟੀਫ਼ਿਕੇਸ਼ਨ ਜਾਰੀ ਕਰਨ ਅਤੇ ਉਸ ਤੋਂ ਸਪੱਸ਼ਟ ਹੋਵੇਗਾ ਕਿ 100 ਰੁਪਏ ਪ੍ਰਤੀ ਮਹੀਨਾ ਕਿਸ ਹਿਸਾਬ ਨਾਲ ਰੇਟ ਬਣਦਾ ਹੈ। ਕੇਬਲ ਆਪ੍ਰੇਟਰਾਂ ਨੇ ਮੁੱਖ ਮੰਤਰੀ ਚੰਨੀ ਨੂੰ ਅਪੀਲ ਕੀਤੀ ਕਿ ਉਹ ਆਪਣਾ ਫ਼ੈਸਲਾ ਵਾਪਸ ਲੈਣ।

# ਐਮ ਬੀ ਏ ਦਾ ਵਿਦਿਆਰਥੀ ਸੋਸ਼ਲ ਮੀਡੀਆ ਤੋਂ ਸਿਖਲਾਈ ਲੈ ਕੇ ਚੋਰ ਬਣ ਗਿਆ

ਫਿਲੌਰ, 25 ਨਵੰਬਰ (ਪੋਸਟ ਬਿਊਰੋ)- ਬੀਤੀ ਦੋ ਅਕਤੂਬਰ ਨੂੰ ਫਿਲੌਰ ਵਿੱਚ ਹੋਈ ਚੋਰੀ ਬਾਰੇ ਇਮ-ਰਾਨ ਖ਼ਾਨ ਪੁੱਤਰ ਮੁਹੰਮਦ ਸਲੀਮ ਵਾਸੀ ਸੈਫਖਾਨ ਮੇਰਠ ਮੌਜੂਦਾ ਵਾਸੀ ਸੰਤੋਖਪੁਰਾ ਤੇ ਇੱਕ ਨੌਜਵਾਨ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਕੋਲੋਂ ਚੋਰੀ ਕੀਤੀ ਰਕਮ ਵਿੱਚੋਂ 1 ਲੱਖ 10 ਹਜ਼ਾਰ ਰੁਪਏ ਨਗਦ ਤੇ 24 ਗਰਾਮ ਸੋਨਾ ਮਿਲਿਆ ਹੈ। ਇਸ ਬਾਰੇ ਥਾਣਾ ਮੁੱਖੀ ਸੰਜੀਵ ਕਪੂਰ ਨੇ ਦੱਸਿਆ ਕਿ ਉਕਤ ਚੋਰ ਐਮ ਬੀ ਏ ਦਾ ਵਿਦਿਆਰਥੀ ਹੈ ਅਤੇ ਫਿਲੌਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਇਸ ਨੇ ਚੋਰੀ ਦੀਆਂ ਵਾਰਦਾਤ ਲਈ ਸੋਸ਼ਲ ਮੀਡੀਆ ਦੀਆਂ ਵੀਡੀਓ ਦੇਖ ਕੇ ਸਿਖਲਾਈ ਲਈ ਹੈ। ਚੋਰੀ ਤੋਂ ਬਾਅਦਉਹ ਆਪਣੇ ਪਿੰਡ ਚਲੇ ਗਏ ਸਨ ਜਿਸ ਤੋਂ ਬਾਅਦ ਹੋਰ ਵਾਰਦਾਤਾਂ ਕਰਨ ਲਈ ਮੁੜ ਫਿਲੌਰ ਆਏ ਅਤੇ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਪਏ। ਫਿਰ ਇਸ ਚੋਰ ਆਪਣੇ ਸਾਥੀ ਦੀ ਮਦਦ ਨਾਲ ਦਿਨ ਵੇਲੇ ਘਰਾਂ ਦੀ ਰੇਕੀ ਕਰਦਾ ਹੈ ਅਤੇ ਜਿਸ ਘਰ ਨੂੰ ਨਿਸ਼ਾਨਾ ਬਣਾਉਣਾ ਹੁੰਦਾ ਉਸ ਘਰ ਦਾ ਕਈ ਦਿਨਾਂ ਤਕ ਮੈਪ ਤਿਆਰ ਕਰਦਾ ਤੇ ਮੌਕਾ ਲੱਗਦੇ ਹੀ ਵੱਡੀ ਵਾਰਦਾਤ ਕਰ ਦਿੰਦਾ ਸੀ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਜ਼ੂਮ-ਸਮਾਗਮ ਵਿਚ ਡਾ.ਸ਼ਿਆਮ ਦੀਪਤੀ ਨਾਲ ਰੂ-ਬ-ਰੂ

ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 21 ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਰਵਾਏ ਗਏ ਜ਼ੂਮ-ਸਮਾਗਮ ਵਿਚ ਪੰਜਾਬੀ ਦੇ ਉੱਘੇ ਮਿੰਨੀ-ਕਹਾਣੀਕਾਰ ਡਾ. ਸ਼ਿਆਮ ਦੀਪਤੀ ਨਾਲ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਅੰਮ੍ਰਿਤਸਰ ਤੋਂ ਜ਼ੂਮ ਮਾਧਿਅਮ ਨਾਲ ਜੁੜੇ ਮੁੱਖ-ਮਹਿਮਾਨ ਡਾ. ਸ਼ਿਆਮ ਦੀਪਤੀ ਅਤੇ ਸਮਾਗ਼ਮ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਉਨ੍ਹਾਂ ਨੂੰ ਨਿੱਘੀ ਜੀ-ਆਇਆਂ ਕਹੀ ਗਈ। ਉਪਰੰਤ, ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਮੁੱਖ-ਬੁਲਾਰੇ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਡਾ. ਦੀਪਤੀ ਜਿੱਥੇ ਡਾਕਟਰੀ ਪੇਸ਼ੇ ਦੇ ਮਾਹਿਰ ਹਨ, ਉੱਥੇ ਉਨ੍ਹਾਂ ਨੇ ਮਿੰਨੀ ਕਹਾਣੀ ਦੇ ਖ਼ੇਤਰ ਵਿਚ ਵੀ ਆਪਣਾ ਵਿਸ਼ੇਸ਼ ਮੁਕਾਮ ਬਣਾਇਆ ਹੈ। ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਉਨ੍ਹਾਂ ਦੀਆਂ ਮਿੰਨੀ-ਕਹਾਣੀਆਂ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਹੁਤ ਵੱਡੇ ਸੁਨੇਹੇ ਦੇ ਜਾਂਦੀਆਂ ਹਨ। ਉਨ੍ਹਾਂ ਡਾ. ਦੀਪਤੀ ਨਾਲ ਜੁੜੀਆਂ ਕੁਝ ਨਿੱਜੀ ਯਾਦਾਂ ਵੀ ਤਾਜ਼ਾ ਕੀਤੀਆਂ।

ਆਪਣੇ ਬਾਰੇ ਗੱਲ ਕਰਦਿਆਂ ਡਾ. ਦੀਪਤੀ ਨੇ ਕਿਹਾ ਕਿ ਕਮਿਊਨਿਟੀ ਮੈਡੀਸੀਨ ਦੇ ਡਾਕਟਰ ਹੋਣ ਦੇ ਨਾਤੇ ਉਨ੍ਹਾਂ ਦਾ ਲੋਕਾਂ ਨਾਲ ਸਿੱਧਾ ਵਾਹ ਪੈਂਦਾ ਰਿਹਾ ਹੈ ਜਿਸ ਕਰਕੇ ਉਨ੍ਹਾਂ ਨੂੰ ਆਮ ਲੋਕਾਂ ਦੇ ਦੁੱਖਾਂ ਤੇ ਤਕਲੀਫ਼ਾਂ ਬਾਰੇ ਸਹੀ ਜਾਣਕਾਰੀ ਮਿਲਦੀ ਰਹੀ ਜੋ ਉਨ੍ਹਾਂ ਦੀਆਂ ਮਿੰਨੀ-ਕਹਾਣੀਆਂ ਦੇ ਵਿਸ਼ੇ ਵੀ ਬਣੀ। ਉਨ੍ਹਾਂ ਦੱਸਿਆ ਕਿ ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਨੇ ਕੁਝ ਕਵਿਤਾਵਾਂ ਵੀ ਲਿਖੀਆਂ ਅਤੇ ਫਿਰ ਪੰਜਾਬੀ ਦੇ ਮੈਗ਼ਜ਼ੀਨ 'ਜਾਗ੍ਰਤੀ' ਦੇ ਸੰਪਾਦਕ ਦੀ ਪ੍ਰੇਰਨਾ ਨਾਲ ਡਾਕਟਰੀ ਵਿਸ਼ਿਆਂ





ਬਾਰੇ ਕੁਝ ਲੇਖ ਲਿਖੇ। ਮਨੋਵਿ-ਗਆਨ ਨਾਲ ਬੰਧਿਤ ਕੁਝ ਆਰਟੀਕਲ ਕਈ ਰਿਸਾਲਿਆਂ ਵਿਚ ਛਪੇ ਪਰ ਬਾਅਦ ਵਿਚ ਉਨ੍ਹਾਂ ਦਾ ਮੁਹਾਣ਼ ਮਿੰਨੀ-ਕਹਾਣੀਆਂ ਲਿਖਣ ਵੱਲ ਹੋ ਗਿਆ।

ਡਾਕਟਰੀ ਪੇਸ਼ੇ ਦੀ ਗੱਲ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਇਹ ਬੜੀ ਦੁਖਦਾਈ ਗੱਲ ਹੈ ਕਿ ਸਾਡੇ ਬਹੁਤ ਸਾਰੇ ਡਾਕਟਰਾਂ ਨੇ ਇਸ




ਸੇਵਾ ਭਾਵ ਵਾਲੇ ਪੇਸ਼ੇ ਨੂੰ ਬਿਜ਼ਨੈੱਸ ਬਣਾ ਦਿੱਤਾ ਹੈ। ਪ੍ਰਾਈਵੇਟ ਹਸਪਤਾਲਾਂ ਵਿਚ ਬਹੁਤ ਮਹਿੰਗਾ ਇਲਾਜ ਹੋ ਰਿਹਾ ਹੈ ਅਤੇ ਸਰਕਾਰੀ ਹਸਪਤਾਲਾਂ ਵਿਚ ਕੰਮ ਕਰਦੇ ਕਈ ਡਾਕਟਰ ਵੀ ਇਨ੍ਹਾਂ ਵਿਚ ਚੋਖੀ ਕਮਾਈ ਕਰ ਰਹੇ ਹਨ। ਆਪਣੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਐੱਮ.ਬੀ.ਬੀ.ਐੱਸ.ਕਰਨ ਤੋਂ ਬਾਅਦ ਕਮਿਊਨਿਟੀ ਮੈਡੀਸੀਨ ਵਿਚ ਐੱਮ.ਡੀ. ਕੀਤੀ। ਵੱਖ-ਵੱਖ ਮੈਡੀਕਲ ਕਾਲਜਾਂ ਵਿਚ ਇਹ ਵਿਸ਼ਾ ਪੜ੍ਹਾਇਆ ਹੈ ਅਤੇ ਕੋਈ ਵੀ ਪ੍ਰਾਈਵੇਟ ਪ੍ਰੈਕਟਿਸ ਨਹੀਂ ਕੀਤੀ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਨੈਸ਼ਨਲ ਮੈਡੀਕਲ ਪਾਲਿਸੀ, ਚਾਈਲਡ ਕੇਅਰ, ਮਾਲ ਨਿਊਟ੍ਰੇਸ਼ਨ, ਆਦਿ ਵਿਸ਼ਿਆਂ ਬਾਰੇ ਵੀ ਵੱਡਮੁਲੀ ਜਾਣਕਾਰੀ ਸਾਂਝੀ ਕੀਤੀ। ਉਪਰੰਤ, ਪ੍ਰੋ. ਰਾਮ ਸਿੰਘ, ਡਾ. ਜਗਮੋਹਨ ਸੰਘਾ, ਨਛੱਤਰ ਸਿੰਘ ਬਦੇਸ਼ਾ, ਤਲਵਿੰਦਰ ਸਿੰਘ ਮੰਡ, ਪਰਮਜੀਤ ਸਿੰਘ ਗਿੱਲ, ਬਲਦੇਵ ਸਿੰਘ ਰਹਿਪਾ, ਪਿਆਰਾ ਸਿੰਘ ਕੁੱਦੋਵਾਲ, ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪੁੱਛੇ ਗਏ ਕਈ ਸੁਆਲਾਂ ਦੇ ਜੁਆਬ ਉਨ੍ਹਾਂ ਵੱਲੋਂ ਵਿਸਥਾਰ ਸਹਿਤ ਤਸੱਲੀ-ਪੂਰਵਕ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਤਲਵਿੰਦਰ ਮੰਡ ਵੱਲੋਂ ਕਵੀ-ਦਰਬਾਰ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸਭਾ ਦੀਆਂ ਮੀਟਿੰਗਾਂ ਵਿਚ ਸਰਗ਼ਰਮ ਰਹੇ ਮੈਂਬਰ ਉੱਘੇ ਗੀਤਕਾਰ ਸੁਖਮਿੰਦਰ ਰਾਮਪੁਰੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜੋ ਬੀਤੇ ਦਿਨੀਂ ਬਰੈਂਪਟਨ ਵਿਚ ਸਵਰਗ ਸਿਧਾਰ ਗਏ ਹਨ। ਕਵੀ-ਦਰਬਾਰ ਦੇ ਆਰੰਭ ਵਿਚ ਇਕਬਾਲ ਬਰਾੜ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗੀਤ "ਸਾਰਾ ਸਾਰਾ ਦਿਨ, ਤੇਰੇ ਬਿਨ, ਦਿਨ ਨਹੀਂ ਗੁਜ਼ਰਦਾ ਯਾਰਾ" ਗਾ ਕੇ ਰਾਮਪੁਰੀ ਜੀ ਨੂੰ ਯਾਦ ਕੀਤਾ। ਉਪਰੰਤ, ਡਾ. ਦੀਪਤੀ ਨੇ ਆਪਣੀਆਂ ਦੋ ਮਿੰਨੀ ਕਹਾਣੀਆਂ ਸੁਣਾਈਆਂ ਅਤੇ ਫਿਰ ਕਵਿਤਾਵਾਂ-ਗੀਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਵਿਚ ਮਕਸੂਦ ਚੌਧਰੀ, ਪਿਆਰਾ ਸਿੰਘ ਕੁੱਦੋਵਾਲ, ਪਰਮਜੀਤ ਸਿੰਘ ਗਿੱਲ, ਹਰਜਸਪ੍ਰੀਤ ਗਿੱਲ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਤਲਵਿੰਦਰ ਮੰਡ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਹਾਜ਼ਰੀਨ ਵਿਚਾਂ ਵਿਚ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ, ਤਰਕਸ਼ੀਲ ਨੇਤਾ ਬਲਦੇਵ ਰਹਿਪਾ, ਨਛੱਤਰ ਸਿੰਘ ਬਦੇਸ਼ਾ, ਕੁਲਵਿੰਦਰ ਖਹਿਰਾ, ਗੁਰਚਰਨ ਸਿੰਘ ਖੱਖ, ਗੁਰਮੀਤ ਪਨਾਂਗ, ਰਵਿੰਦਰ ਭਾਟੀਆ, ਪਰਮਜੀਤ ਦਿਓਲ, ਸਮੇਤ ਕਈ ਹੋਰ ਸ਼ਾਮਲ ਸਨ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਵੱਡਮੁੱਲੇ ਵਿਚਾਰ ਪੇਸ਼ ਕਰਨ ਲਈ ਮੁੱਖ-ਬੁਲਾਰੇ ਡਾ. ਦੀਪਤੀ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਬੇਸ਼ਕ ਉਨ੍ਹਾਂ ਵੱਲੋਂ ਮਿੰਨੀ ਕਹਾਣੀ ਬਾਰੇ ਵਧੇਰੇ ਚਰਚਾ ਨਹੀਂ ਕੀਤੀ ਗਈ ਪਰ ਡਾਕਟਰੀ ਪੇਸ਼ੇ ਨਾਲ ਜੁੜੀਆਂ ਉਨ੍ਹਾਂ ਨੇ ਬੜੀਆਂ ਮੁੱਲਵਾਨ ਗੱਲਾਂ ਕੀਤੀਆਂ ਹਨ। ਉਨ੍ਹਾਂ ਵੱਲੋਂ ਮੰਚ-ਸੰਚਾਲਕ ਤਲਵਿੰਦਰ ਮੰਡ ਅਤੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ

# ਫਿਲਮੀ ਦੁਨੀਆ

## ਫਿਲਮ 'ਜਰਨੀ' ਵਿੱਚ ਐਕਟਿੰਗ ਦੇ ਜੌਹਰ ਦਿਖਾਏਗਾ ਪ੍ਰਭੂਦੇਵਾ



ਬਾਲੀਵੁੱਡ ਅਤੇ ਟਾਲੀਵੁੱਡ ਦੇ ਦਿਲਾਂ ਵਿੱਚ ਵਸਣ ਵਾਲੇ ਆਪਣੇ ਅਫਲਾਤੂਨ ਡਾਂਸਿੰਗ ਅਤੇ ਉਮਦਾ ਡਾਇਰੈਕਸ਼ਨ ਨਾਲ ਸਭ ਦੇ ਹੋਸ਼ ਉਡਾਉਣ ਵਾਲੇ ਫਿਲਮ ਐਕਟਰ, ਡਾਂਸਰ ਅਤੇ ਡਾਇਰੈਕਟਰ ਪ੍ਰਭੂਦੇਵਾ ਦੇ ਪ੍ਰਸ਼ੰਸਕਾਂ ਲਈ ਇੱਕ ਖੁਸ਼ਖਬਰੀ ਹੈ। ਹੁਣ ਪ੍ਰਭੂਦੇਵਾ ਕੈਮਰੇ ਦੇ ਪਿੱਛੇ ਨਹੀਂ ਬਲਕਿ ਕੈਮਰੇ ਦੇ ਅੱਗੇ ਐਕਟਿੰਗ ਕਰਦੇ ਨਜ਼ਰ ਆਉਣਗੇ। ਡਾਇਰੈਕਟਰ ਆਸ਼ੀਸ਼ ਦੂਬੇ ਦੀ ਫਿਲਮ 'ਜਰਨੀ' ਵਿੱਚ ਪ੍ਰਭੂਦੇਵਾ ਆਪਣੀ ਐਕਟਿੰਗ ਦੇ ਜੌਹਰ ਦਿਖਾਉਣਗੇ।

ਦੱਸਿਆ ਜਾ ਰਿਹਾ ਹੈ ਕਿ ਫਿਲਮ ਦੀ ਸ਼ੂਟਿੰਗ ਅਗਲੇ ਸਾਲ ਯਾਨੀ ਕਿ 2022 ਦੇ ਮਿਡ ਵਿੱਚ ਸ਼ੁਰੂ ਹੋਵੇਗੀ, ਜਿਸ ਦੀ ਜ਼ਿਆਦਾਤਰ ਸ਼ੂਟਿੰਗ ਆਗਰਾ ਅਤੇ ਯੂਰਪ ਵਿੱਚ ਕੀਤੀ ਜਾਏਗੀ। ਫਿਲਮ ਨੂੰ ਅੰਜੁਮ ਰਿਜ਼ਵੀ ਅਤੇ ਆਸ਼ੀਸ਼ ਦੂਬੇ ਪ੍ਰੋਡਿਊਸ ਕਰ ਰਹੇ ਹਨ। ਫਿਲਮ 'ਜਰਨੀ' ਇੱਕ ਗੰਭੀਰ ਭਾਵਨਾਤਮਕ ਪ੍ਰੇਮ ਕਹਾਣੀ ਹੋਵੇਗੀ, ਜਿਸ ਨੂੰ ਅੰਜੁਮ ਰਿਜ਼ਵੀ ਫਿਲਮ ਕੰਪਨੀ, ਮੈਡ ਫਿਲਮ ਇੰਟਰਟੇਨਮੈਂਟ ਅਤੇ ਸਟੈਗ ਫਿਲਮਜ਼ ਇੰਟਰਟੇਨਮੈਂਟ ਦੇ ਬੈਨਰ ਹੇਠ ਬਣਾਇਆ ਜਾਏਗਾ।

## ਨੈਗੇਟਿਵ ਰੋਲ ਵਿੱਚ ਵਾਪਸੀ ਕਰ ਰਹੀ ਹੈ ਤਨੀਸ਼ਾ ਮੁਖਰਜੀ




ਕਾਜੋਲ ਦੀ ਭੈਣ ਅਤੇ ਕਈ ਫਿਲਮਾਂ ਵਿੱਚ ਐਕਟਿੰਗ ਕਰ ਚੁੱਕੀ ਅਭਿਨੇਤਰੀ ਤਨੀਸ਼ਾ ਮੁਖਰਜੀ ਲੰਬੇ ਸਮੇਂ ਬਾਅਦ ਸਿਨੇਮਾ ਵਿੱਚ ਵਾਪਸੀ ਕਰ ਰਹੀ ਹੈ। ਸਸਪੈਂਸ ਥ੍ਰਿਲਰ ਫਿਲਮ 'ਕੋਡ ਨੇਮ ਅਬਦੁਲ' ਤਨੀਸ਼ਾ ਨੈਗੇਟਿਵ ਕਿਰਦਾਰ ਵਿੱਚ ਦਿਖਾਈ ਦੇਵੇਗੀ।

ਇਸ ਫਿਲਮ ਦੇ ਡਾਇਰੈਕਟਰ ਈਸ਼ਵਰ ਗੁੰਤੁਰੂ ਅਮਰੀਕਾ ਦੇ ਨਿਊਜਰਸੀ ਵਿੱਚ ਹਨ। ਉਥੋਂ ਉਨ੍ਹਾਂ ਨੇ ਗੱਲਬਾਤ ਦੌਰਨ ਦੱਸਿਆ, ''ਮੈਂ ਤਨੀਸ਼ਾ ਨੂੰ ਫੇਸਬੁਕ 'ਤੇ ਇਸ ਫਿਲਮ ਨੂੰ ਲੈ ਕੇ ਅਪਰੋਚ ਕੀਤਾ ਸੀ। ਤਨੀਸ਼ਾ ਨੇ ਅਜਿਹਾ ਕਿਰਦਾਰ ਪਹਿਲਾਂ ਕਦੇ ਨਹੀਂ ਨਿਭਾਇਆ ਹੈ। ਮੁੱਖ ਕਿਰਦਾਰ ਵਿੱਚ ਅਭਿਨੇਤਰੀ ਨੂੰ ਨੈਗੇਟਿਵ ਰੋਲ ਘੱਟ ਹੀ ਮਿਲਦੇ ਹਨ। ਫਿਲਮ ਵਿੱਚ ਕਈ ਨਵੇਂ ਕਲਾਕਾਰ ਹਨ। ਸਾਡੀ ਫਿਲਮ ਵੱਡੇ ਬਜਟ ਦੀ ਨਹੀਂ ਹੈ, ਪਰੰਤੂ ਇੰਡੀਪੈਂਡੈਂਟ ਫਿਲਮ ਹੋਣ ਦੇ ਨਾਤੇ ਸਾਨੂੰ ਰਿਹਰਸਲ ਕਰਨ ਦਾ ਸਮਾਂ ਮਿਲਿਆ ਸੀ। ਇੱਕ ਹਫਤੇ ਦੀ ਰਿਹਰਸਲ ਦੇ ਬਾਅਦ ਤਨੀਸ਼ਾ ਜਦ ਅਮਰੀਕਾ ਸੈੱਟ 'ਤੇ ਪਹੁੰਚੀ ਤਾਂ ਉਹ ਪੂਰੀ ਤਰ੍ਹਾਂ ਨਾਲ ਤਿਆਰ ਸੀ।'' 10 ਦਸੰਬਰ ਨੂੰ ਫਿਲਮ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।


## 'ਅਤਰੰਗੀ ਰੇ' ਵਿੱਚ ਪਹਿਲੀ ਵਾਰ ਮੈਂ ਸੋਲੋ ਡਾਂਸ ਕੀਤਾ ਹੈ : ਸਾਰਾ

ਫਿਲਮ 'ਕੇਦਾਰਨਾਥ' ਨਾਲ ਆਪਣੇ ਕਰੀਅਰ ਦੀ ਆਗਾਜ਼ ਕਰਨ ਵਾਲੀ ਸਾਰਾ ਅਲੀ ਖਾਨ ਆਪਣੀ ਅਗਲੀ ਪਿਲਮ 'ਅਤਰੰਗੀ ਰੇ' ਨੂੰ ਲੈ ਕੇ ਬੇਹੱਦ ਉਤਸ਼ਾਹਤ ਹੈ। ਆਨੰਦ ਐਲ ਰਾਏ ਦੇ ਨਿਰਦੇਸ਼ਨ ਵਾਲੀ ਇਸ ਫਿਲਮ ਵਿੱਚ ਉਹ ਇੱਕ ਬਿਹਾਰੀ ਲੜਕੀ ਦੀ ਭੂਮਿਕਾ ਵਿੱਚ ਹੈ। ਫਿਲਮ ਵਿੱਚ ਉਸ ਦੇ ਨਾਲ ਅਕਸ਼ੈ ਕੁਮਾਰ ਅਤੇ ਧਨੁਸ਼ ਮੁੱਖ ਭੂਮਿਕਾ ਵਿੱਚ ਹਨ।

ਟ੍ਰੇਲਰ ਲਾਂਚ ਦੌਰਾਨ ਸਾਰਾ ਨੇ ਕਿਹਾ, ''ਵੈਸੇ ਸਾਲ 2020 ਮੇਰੇ ਲਈ ਕਾਫੀ ਮੁਸ਼ਕਲ ਰਿਹਾ ਹੈ, ਪਰ 'ਅਤਰੰਗੀ ਰੇ' ਨੇ ਮੈਨੂੰ ਖੁਸ਼ ਰੱਖਿਆ। ਕੋਰੋਨਾ ਮਹਾਮਾਰੀ ਕਾਰਨ ਜਦਦ ਕਦੇ ਲੱਗਾ ਕਿ ਜ਼ਿੰਦਗੀ ਵਿੱਚ ਕੀ ਹੋ ਰਿਹਾ ਹੈ, ਉਸੇ ਸਮੇਂ ਆਨੰਦ ਜੀ ਫਿਲਮ ਦਾ ਇੱਕ ਸ਼ਡਿਊਲ ਲੈ ਕੇ ਚਲੇ ਆਉਂਦੇ ਸਨ, ਜਦ ਸਰਕਾਰ ਵੱਲੋਂ ਸ਼ੂਟਿੰਗ ਦੀ ਇਜਾਜ਼ਤ ਮਿਲਦੀ, ਅਸੀਂ ਸ਼ੂਟ ਵਿੱਚ ਲੱਗ ਜਾਂਦੇ ਸੀ। ਸ਼ੂਟਿੰਗ ਦਾ ਉਹ ਤਜਰਬਾ ਯਾਦਗਾਰ ਸੀ। ਇਸ ਫਿਲਮ ਵਿੱਚ ਮੈਂ ਕਾਫੀ ਦੌੜੀ ਵੀ ਹਾਂ। ਮੈਂ ਆਪਣੇ ਕੰਫਰਟ ਜ਼ੋਨ 'ਚੋਂ ਬਾਹਰ ਨਿਕਲੀ ਹਾਂ। ਖਾਸ ਗੱਲ ਇਹ ਹੈ ਕਿ ਪਹਿਲੀ ਵਾਰ ਮੈਂ ਸੋਲੋ ਡਾਂਸ ਕੀਤਾ ਹੈ। ਮੈਂ ਆਨੰਦ ਸਰ ਤੋਂ ਸਿੱਖਿਆ ਕਿ ਇਮਾਨਦਾਰੀ ਹੀ ਸਭ ਤੋਂ ਵੱਡਾ ਗੁਣ ਹੈ।''



## 'ਫਾਈਟਰ' ਵਿੱਚ ਕੁਝ ਬਿਹਤਰ ਕਰਨਾ ਹੈ : ਰਿਤਿਕ



ਸਿਤਾਰਿਆਂ 'ਤੇ ਅਕਸਰ ਆਪਣੇ ਪਿਛਲੇ ਕੰਮ ਤੋਂ ਬਿਹਤਰ ਕਰਨ ਦਾ ਦਬਾਅ ਹੁੰਦਾ ਹੈ। ਫਿਲਹਾਲ ਅਭਿਨੇਤੀ ਰਿਤਿਕ ਰੋਸ਼ਨ ਵੀ ਆਪਣੀ ਅਗਲੀ ਫਿਲਮ 'ਫਾਈਟਰ' ਨੂੰ ਲੈ ਕੇ ਕੁਝ ਅਜਿਹਾ ਹੀ ਦਬਾਅ ਮਹਿਸੂਸ ਕਰ ਰਹੇ ਹਨ। ਸਾਲ 2019 ਵਿੱਚ ਸਿਧਾਰਥ ਆਨੰਦ ਦੇ ਨਿਰਦੇਸ਼ਨ ਵਾਲੀ ਫਿਲਮ 'ਵਾਰ' ਵਿੱਚ ਟਾਈਗਰ ਸ਼ਰਾਫ ਦੇ ਨਾਲ ਕੰਮ ਕਰਦੇ ਹੋਏ ਰਿਤਿਕ ਨੇ ਐਕਸ਼ਨ ਦੇ ਨਵੇਂ ਮਾਪਦੰਡ ਸਥਾਪਤ ਕੀਤੇ ਸਨ। 'ਫਾਈਟਰ' ਵਿੱਚ ਉਹ ਦੋਬਾਰਾ ਸਿਧਾਰਥ ਦੇ ਨਾਲ ਕੰਮ ਕਰ ਰਹੇ ਹਨ।

ਇਸ ਬਾਰੇ ਵਿੱਚ ਇੱਕ ਮੁਲਾਕਾਤ ਦੌਰਾਨ ਉਨ੍ਹਾਂ ਨੇ ਕਿਹਾ, ''ਮੇਰੇ ਲਈ ਸੈੱਟ 'ਤੇ ਵਾਪਸੀ ਕਰਨਾ ਬਹੁਤ ਉਤਸ਼ਾਹਜਨਕ ਹੈ, ਜਿੱਥੇ ਇਸ ਤੋਂ ਪਹਿਲਾਂ ਸਿਧਾਰਥ 'ਵਾਰ' ਵਿੱਚ ਮੇਰਾ ਚੰਗਾ ਕੰਮ ਦੇਖ ਚੁੱਕੇ ਹਨ। ਇਸ ਤੋਂ ਮੈਨੂੰ ਇੱਕ ਕਿਸਮ ਦੀ ਘਬਰਾਹਟ ਵੀ ਹੁੰਦੀ ਹੈ ਕਿ ਚੰਗਾ ਕੰਮ ਤਾਂ ਪਹਿਲਾਂ ਹੀ ਹੋ ਚੁੱਕਾ ਹੈ, ਹੁਣ ਹੋਰ ਬਿਹਤਰ ਕਰਨਾ ਹੋਵੇਗਾ। ਨਿੱਜੀ ਤੌਰ 'ਤੇ ਇਹ ਜ਼ਿੰਮੇਵਾਰੀ ਮੈਂ ਆਪਣੇ ਉਪਰ ਲੈਂਦਾ ਹਾਂ, ਕਿਉਂਕਿ ਮੈਂ ਆਪਣੇ ਡਾਇਰੈਕਟਰ ਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ ਹਾਂ। ਮੇਰੇ ਲਈ ਹੁਣ ਉਨ੍ਹਾਂ ਨੂੰ ਇੰਪ੍ਰੈਸ ਕਰਨਾ ਪਾਉਣਾ ਮੁਸ਼ਕਲ ਹੈ, ਕਿਉਂਕਿ ਮੈਂ ਜੋ ਕੁਝ ਵੀ ਜਾਣਦਾ ਸੀ, 'ਵਾਰ' ਵਿੱਚ ਉਹ ਸਭ ਦੇ ਚੁੱਕਾ ਹਾਂ। ਇਸ ਫਿਲਮ ਵਿੱਚ ਮੈਨੂੰ ਕੀ ਕਰਨਾ ਹੈ, ਇਸ ਦੇ ਬਾਰੇ ਵਿੱਚ ਸੋਚਣ ਲਈ ਮੈਨੂੰ ਕਾਫੀ ਸਮਾਂ ਦੇਣਾ ਪਵੇਗਾ।''

## ਮੈਂ ਰਾਈਟਰ ਦਾ ਬੇਟਾ ਹਾਂ, ਰਿਫ ਦਾ ਪਲਾਟ ਦੇਖਦਾ ਹਾਂ: ਸਲਮਾਨ ਖਾਨ

ਹਿੰਦੀ ਸਿਨੇਮਾ ਦੇ ਦਬੰਗ ਅਭਿਨੇਤਾ ਸਲਮਾਨ ਖਾਨ ਫਿਲਮ 'ਅੰਤਿਮ' ਵਿੱਚ ਸਿੱਖ ਪੁਲਸ ਅਧਿਕਾਰੀ ਦੇ ਕਿਰਦਾਰ ਵਿੱਚ ਨਜ਼ਰ ਆਉਣਗੇ। ਸਲਮਾਨ ਨਾਲ ਉਨ੍ਹਾਂ ਦੇ ਜੀਜੇ ਆਯੁਸ਼ ਸ਼ਰਮਾ ਵੀ ਇਸ ਵਿੱਚ ਅਹਿਮ ਕਿਰਦਾਰ ਵਿੱਚ ਹਨ। ਇਹ ਫਿਲਮ ਸਾਲ 2018 ਵਿੱਚ ਰਿਲੀਜ਼ ਹੋਈ ਮਰਾਠੀ ਫਿਲਮ 'ਮੁਲਸ਼ੀ ਪੈਟਰਨ' ਦਾ ਹਿੰਦੀ ਰੀਮੇਕ ਹੈ।

ਸਲਮਾਨ ਨੇ ਇੱਕ ਇੰਟਰਵਿਊ ਦੌਰਾਨ ਕਿਹਾ, ''ਮੈਂ ਰਾਈਟਰ ਦਾ ਬੇਟਾ ਹਾਂ ਤਾਂ ਮੈਂ ਫਿਲਮ ਦੀ ਭਾਸ਼ਾ ਨਹੀਂ, ਉਸ ਦਾ ਪਲਾਟ ਦੇਖਦਾ ਹਾਂ। ਮੈਂ ਇਸ ਫਿਲਮ ਦਾ ਪਲਾਟ ਦੇਖਿਆ ਤੇ ਇਸ ਵਿੱਚ ਮੈਨੂੰ ਆਯੁਸ਼ ਦੇ ਕਿਰਦਾਰ ਤੋਂ ਵੱਧ ਪੁਲਸ ਵਾਲੇ ਦਾ ਕਿਰਦਾਰ ਪਸੰਦ ਆਇਆ, ਪ੍ਰੰਤੂ ਫਿਲਮ ਵਿੱਚ ਉਸ ਦੇ ਸਿਰਫ ਛੇ-ਸੱਤ ਸੀਨ ਸਨ, ਤਾਂ ਮੈਂ ਉਸ ਕਿਰਦਾਰ ਨੂੰ ਡਿਵੈਲਪ ਕੀਤਾ। ਅਸੀਂ ਇਸ ਫਿਲਮ ਨੂੰ ਪੰਜਾਬ ਤੇ ਹਰਿਆਣਾ ਵਿੱਚ ਸ਼ੂਟ ਕਰਨ ਵਾਲੇ ਸੀ ਤਾਂ ਲਾਕਡਾਊਨ ਲੱਗ ਗਿਆ। ਇਸ ਲਈ ਫਿਲਮ ਵਿੱਚ ਮੇਰੇ ਕਿਰਦਾਰ ਲਈ ਇੱਕ ਪੂਰਾ ਰੋਮਾਂਟਿਕ ਟ੍ਰੈਕ ਲਿਖਿਆ ਗਿਆ। ਗਾਣਾ ਸ਼ੂਟ ਕੀਤਾ ਜਾ ਚੁੱਕਾ ਸੀ, ਪਰ ਜਦ ਬਾਅਦ ਵਿੱਚ ਦੇਖਿਆ ਤਾਂ ਫੈਸਲਾ ਕੀਤਾ ਇਹ ਕਿਰਦਾਰ ਸਿੰਗਲ ਹੀ ਵਧੀਆ ਹੈ। ਫਿਰ ਉਸ ਅਭਿਨੇਤਰੀ ਤੋਂ ਮੁਆਫੀ ਮੰਗੀ ਤੇ ਕਿਹਾ ਕਿ ਤੁਹਾਡਾ ਕੰਮ ਵਧੀਆ ਹੈ, ਅੱਗੇ ਦੂਸਰੇ ਪ੍ਰੋਜੈਕਟ ਵਿੱਚ ਤੁਹਾਡੇ ਨਾਲ ਕੰਮ ਕਰਾਂਗੇ।''



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS · JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department




Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker

Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
☎416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ




**ਕੈਨੇਡੀ / ਦੂੱਗਲ**

ਬਰੇਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।




**Queen St / West Drive — $514,905**

12 laurelcrest St. 411

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੂਲੀ ਰੈ-ਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼-ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ




**$ 1,199,905 — Bramlea Rd./Bovaird Dr.**

ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ 2600 ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ।ਸਾਰੀਆਂ ਸਹੂਲਤਾਂ ਦੇ ਨਜ਼ਦੀਕ




**Queen St / West Drive**

24Youngstar Tr Hwy 50/Cottrelle

2+1ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫ਼ਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777




**ਕੈਸਲਮੋਰ/ਗੋਰਵੇ**

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ।ਨਾਲ




**Orangeville Ontario — L9W3X5**

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

**Recently Sold in your neighbourhood**


48 Saintfield Dr, Vaughan — SOLD $849,900


37 Esker Dr, Brampton — SOLD $1,095,900


11 Germain Circle, Brampton — SOLD $1,099,905


5 Mitchell Ave, Brampton — SOLD $1,199,905


42 Pinedale Ave, Brampton — SOLD $1,499,900


11 Van Hoof Cres , Brampton — SOLD $1,999,905



# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR
FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- Collection Calls
- Personal Taxes
- GST/HST

- Credit Card Debts
- Personal Loans
- Pay Day Loans
- Student Loans

- Wage Garnishment
- Writ on your property
- Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- Save your Assets
- Avoid Bankruptcy
- Small monthly payments
- Rebuild your credit

YOUR DEBT $ MY SOLUTION






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

cupw sttp
CANADIAN UNION OF POSTAL WORKERS

GIG WORKERS UNITED

# WE DESERVE BETTER PAY & WORKERS' RIGHTS

## JOIN GIG WORKERS UNITED!

GigWorkersUnited.ca

Text: JOIN to 647-499-2259
join@gigworkersunited.ca

@GigWorkersUnited @GigWorkersUnite

SCAN ME

CUPE·SCFP 1979